ਕੋਵਿਡ ਖ਼ਿਲਾਫ਼ ਜੰਗ: ਅਸੀਂ ਮਿਲ ਕੇ ਜਿੱਤਾਂਗੇ

ਪੰਨਾ 4-15

ਜਿਲਦ: 01, ਅੰਕ: 22

16-31 ਮਈ 2021 (ਮੁਫ਼ਤ)

ਨਿਊ ਇੰਡੀਆ ਸਮਾਚਾਰ

ਨਵ-ਨਿਰਮਾਣ

ਦੀ ਦਿਸ਼ਾ 'ਚ ਨਵਾਂ ਭਾਰਤ

ਰਾਜਨੀਤੀ 'ਚ ਰਾਸ਼ਟਰ-ਨੀਤੀ ਨੂੰ ਸਰਬਉੱਚ ਰੱਖ ਕੇ ਨੌਜਵਾਨਾਂ, ਮਹਿਲਾਵਾਂ, ਗ਼ਰੀਬਾਂ ਦੀਆਂ ਆਕਾਂਖਿਆਵਾਂ ਨੂੰ ਅਵਸਰ ਦੇ ਕੇ ਦੇਸ਼ ਲਿਖ ਰਿਹਾ ਹੈ 'ਨਿਊ ਇੰਡੀਆ' ਦੀ ਗਾਥਾ

‘ਅੱਜ ਸਾਡੀ ਸਭ ਤੋਂ ਵੱਡੀ ਤਰਜੀਹ ਹੈ, ਇਸ ਬਿਮਾਰੀ ਨੂੰ ਹਰਾਉਣਾ। ਅਸੀਂ ਛੇਤੀ ਹੀ ਇਸ ਆਪਦਾ ਤੋਂ ਬਾਹਰ ਆਵਾਂਗੇ’

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ‘ਮਨ ਕੀ ਬਾਤ’ ਪ੍ਰੋਗਰਾਮ ਪ੍ਰੇਰਣਾ ਦਿੰਦਾ ਹੈ, ਪਰ ਇਸ ਵਾਰ ਜਦੋਂ ਕੋਰੋਨਾ ਮਹਾਮਾਰੀ ਨੇ ਦੂਸਰੀ ਲਹਿਰ ਵਿੱਚ ਕਰਵਟ ਲਈ, ਇਹ ਪ੍ਰੋਗਰਾਮ ਅੱਗੇ ਵਧਦਿਆਂ ‘ਕੋਰੋਨਾ ਦੇ ਇਲਾਜ’ ਦਾ ਮਾਧਿਅਮ ਵੀ ਬਣਿਆ। ਇਸ ਵਾਰ ਕੋਰੋਨਾ ਤੋਂ ਲੋਕ ਕਿਵੇਂ ਬਚਣ, ਦੇਸ਼ ਦੀ ਸੇਵਾ ‘ਚ ਜੁਟੇ ਡਾਕਟਰ, ਨਰਸ, ਐਂਬੂਲੈਂਸ ਡਰਾਇਵਰ ਕਿਹੜੇ ਹਾਲਾਤ ਵਿੱਚ ਕੰਮ ਕਰ ਰਹੇ ਹਨ ਤੇ ਮਹਾਮਾਰੀ ਤੋਂ ਪ੍ਰਭਾਵਿਤ ਹੋਣ ਦੀ ਹਾਲਤ ਵਿੱਚ ਕਿਸ ਧੀਰਜ ਨਾਲ ਉਸ ਦਾ ਮੁਕਾਬਲਾ ਕਰਨਾ ਹੈ, ਜਨ–ਸਾਧਾਰਣ ਦੇ ਮਨ-ਮਸਤਕ ‘ਚ ਉੱਠਣ ਵਾਲੇ ਇਹ ਸਾਰੇ ਸੁਆਲ ਮਾਹਿਰਾਂ ਤੋਂ ਖ਼ੁਦ ਪ੍ਰਧਾਨ ਮੰਤਰੀ ਨੇ ਪੁੱਛੇ ਜੋ ਜੀਵੰਤ ਕਹਾਣੀਆਂ ਦੇ ਰੂਪ ਵਿੱਚ ‘ਮਨ ਕੀ ਬਾਤ’ ਦਾ ਹਿੱਸਾ ਬਣੇ ਹਨ, ਜੋ ਲੋਕਾਂ ਨੂੰ ਇਸ ਮਹਾਮਾਰੀ ਨਾਲ ਲੜਨ ਦਾ ਤਰੀਕਾ ਦੱਸਦੇ ਹਨ। ਇਸ ਦੌਰਾਨ ਉਨ੍ਹਾਂ ਨੇ ਵੈਕਸੀਨ ਨੂੰ ਸਭ ਲਈ ਜ਼ਰੂਰੀ ਦੱਸਿਆ ਅਤੇ ਕਿਹਾ,‘ਅਸੀਂ ਸਾਰਿਆਂ ਨੇ ਵੈਕਸੀਨ ਲਗਵਾਉਣੀ ਹੈ ਤੇ ਪੂਰੀ ਸਾਵਧਾਨੀ ਵੀ ਰੱਖਣੀ ਹੈ। ਇਸ ਸਮੇਂ ਸਾਨੂੰ ਡਾਕਟਰ, ਐਕਸਪਰਟ ਤੇ ਵਿਗਿਆਨੀ ਜੋ ਸਲਾਹ ਦੇ ਰਹੇ ਹਨ, ਉਸ ਨੂੰ ਬੇਹੱਦ ਮਹੱਤਵ ਦੇਣਾ ਹੋਵੇਗਾ।’

Q ਪ੍ਰਧਾਨ ਮੰਤਰੀ: ਤੁਸੀਂ ਲੋਕਾਂ ਨੂੰ ਦੂਸਰੀ ਲਹਿਰ ਬਾਰੇ ਦੱਸੋ। ਇਹ ਕਿਵੇਂ ਵੱਖਰੀ ਹੈ ਤੇ ਕਿਹੜੀਆਂ ਸਾਵਧਾਨੀਆਂ ਜ਼ਰੂਰੀ ਹਨ। ਉਸ ਦੇ ਇਲਾਜ ਕੀ ਹਨ?

A ਡਾ. ਸ਼ਸ਼ਾਂਕ: ਦੂਸਰੀ ਲਹਿਰ ‘ਚ ਰਿਕਵਰੀ ਵੱਧ ਤੇ ਮੌਤ ਦਰ ਘੱਟ ਹੈ। 80-90% ਲੋਕਾਂ ਵਿੱਚ ਕੋਈ ਲੱਛਣ ਨਹੀਂ ਦਿਸਦਾ। ਹਲਕੇ ਕੋਵਿਡ ‘ਚ ਜੇ ਬੁਖ਼ਾਰ ਚੜ੍ਹਦਾ ਹੈ, ਤਾਂ ਅਸੀਂ ਪੈਰਾਸੀਟਾਮੋਲ ਜਿਹੀਆਂ ਦਵਾਈਆਂ ਦਿੰਦੇ ਹਾਂ। ਦਰਮਿਆਨੇ ਤੇ ਗੰਭੀਰ ਕੋਵਿਡ ‘ਚ ਡਾਕਟਰ ਨਾਲ ਸੰਪਰਕ ਜ਼ਰੂਰੀ ਹੈ। ਲੋਕਾਂ ਨੂੰ ਰੇਮਡੇਸਿਵਿਰ ਜਿਹੀ ਦਵਾਈ ਪਿੱਛੇ ਨਹੀਂ ਭੱਜਣਾ ਚਾਹੀਦਾ। ਆਮ ਦਵਾਈਆਂ ਦੀ ਮਦਦ ਨਾਲ 98% ਲੋਕ ਰਿਕਵਰ ਕਰ ਲੈਂਦੇ ਹਨ।

Q ਪ੍ਰਧਾਨ ਮੰਤਰੀ: ਡਾ. ਨਾਵੇਦ, ਇਸ ਕਠਿਨ ਸਮੇਂ ਦੌਰਾਨ ਪੈਨਿਕ ਮੈਨੇਜਮੈਂਟ ਤੇ ਵੈਕਸੀਨ ਨੂੰ ਲੈ ਕੇ ਤੁਹਾਡੀ ਕੀ ਸਲਾਹ ਹੈ?

A ਡਾ. ਨਾਵੇਦ: ਅਸੀਂ ਸਿੱਖਿਆ ਕਿ ਜੇ ਸੁਰੱਖਿਆ ਪ੍ਰੋਟੋਕੋਲ ਦੀ ਪਾਲਣਾ ਕਰਾਂਗੇ, ਤਾਂ ਸੁਰੱਖਿਅਤ ਰਹਾਂਗੇ। ਲਗਭਗ 90-95% ਲੋਕ ਬਿਨਾ ਦਵਾਈ ਦੇ ਠੀਕ ਹੋ ਜਾਂਦੇ ਹਨ। ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਭੀੜ ਤੋਂ ਬਚਾਂਗੇ, ਤਾਂ ਸੁਰੱਖਿਅਤ ਰਹਿ ਸਕਦੇ ਹਾਂ। ਜੋ ਲੋਕ ਵੈਕਸੀਨ ਤੋਂ ਬਾਅਦ ਸੰਕ੍ਰਮਿਤ ਹੁੰਦੇ ਹਨ, ਉਨ੍ਹਾਂ ਨੂੰ ਗੰਭੀਰ ਤੇ ਜਾਨਲੇਵਾ ਸੰਕ੍ਰਮਣ ਨਹੀਂ ਹੋ ਰਿਹਾ। ਸਾਰੇ ਹੀ ਵੈਕਸੀਨ ਲਗਵਾਓ, ਖ਼ੁਦ ਨੂੰ, ਸਮਾਜ ਨੂੰ ਤੇ ਭਾਈਚਾਰੇ ਨੂੰ ਸੁਰੱਖਿਅਤ ਰੱਖੋ।

Q ਪ੍ਰਧਾਨ ਮੰਤਰੀ: ਪ੍ਰੀਤੀ ਜੀ, ਤੁਸੀਂ ਕੋਰੋਨਾ ਤੋਂ ਜੰਗ ਜਿੱਤੀ ਹੈ, ਆਪਣਾ ਅਨੁਭਵ ਸਾਂਝਾ ਕਰੋ।

A ਪ੍ਰੀਤੀ: ਸ਼ੁਰੂਆਤੀ ਸਟੇਜ ‘ਚ ਮੈਨੂੰ ਸੁਸਤੀ ਆਈ ਤੇ ਗਲ਼ੇ ‘ਚ ਹਲਕੀ ਖ਼ਰਾਸ਼ ਹੋਈ। ਟੈਸਟ ‘ਚ ਪਾਜ਼ਿਟਿਵ ਆਉਂਦਿਆਂ ਹੀ ਖ਼ੁਦ ਨੂੰ ਆਈਸੋਲੇਟ ਕੀਤਾ। ਇਸ ਨਾਲ ਪਰਿਵਾਰ ਨੂੰ ਵੀ ਬਚਾਇਆ, ਜੋ ਬਾਅਦ ‘ਚ ਨੈਗੇਟਿਵ ਆਏ। ਮੈਂ ਦਵਾਈ ਨਾਲ ਯੋਗ ਕਰਨਾ ਤੇ ਕਾੜ੍ਹਾ ਲੈਣਾ ਸ਼ੁਰੂ ਕੀਤਾ। ਮੈਂ ਹੈਲਦੀ, ਪ੍ਰੋਟੀਨ ਰਿੱਚ ਡਾਈਟ, ਗਰਾਰੇ ਕਰਨਾ, ਭਾਫ਼ ਲੈਣਾ ਤੇ ਗਰਮ ਪਾਣੀ ਪੀਣ ਨੂੰ ਆਪਣੀ ਰੋਜ਼ਮੱਰਾ ਦੀ ਰੂਟੀਨ ਬਣਾਇਆ।

Q ਪ੍ਰਧਾਨ ਮੰਤਰੀ: ਐਂਬੂਲੇਂਸ ਡਰਾਇਵਰ ਦੇਵਦੂਤ ਵਾਂਗ ਹੁੰਦੇ ਹਨ। ਅਜਿਹੇ ਹੀ ਡਰਾਇਵਰ ਪ੍ਰੇਮ ਵਰਮਾ ਜੀ ਤੁਸੀਂ ਆਪਣੇ ਅਨੁਭਵ ਦੱਸੋ।

A ਪ੍ਰੇਮ: ਮੈਂ ਪਿਛਲੇ ਦੋ ਸਾਲਾਂ ਤੋਂ ਡਰਾਇਵਰ ਹਾਂ। ਅਸੀਂ ਕਿੱਟ, ਗਲੱਵਸ, ਮਾਸਕ ਪਹਿਨ ਕੇ ਮਰੀਜ਼ਾਂ ਕੋਲ ਪੁੱਜਦੇ ਹਾਂ। ਮੇਰੀ ਮਾਂ ਕਹਿੰਦੀ ਹੈ ਕਿ ਨੌਕਰੀ ਛੱਡ ਦੇ, ਪਰ ਮੈਂ ਕਿਹਾ ਕਿ ਨੌਕਰੀ ਛੱਡ ਦੇਵਾਂਗਾ, ਤਾਂ ਮਰੀਜ਼ਾਂ ਨੂੰ ਕੌਣ ਛੱਡਣ ਜਾਵੇਗਾ।

Q ਪ੍ਰਧਾਨ ਮੰਤਰੀ: ਰਾਏਪੁਰ ਦੀ ਸਿਸਟਰ ਭਾਵਨਾ ਤੁਸੀਂ ਕੋਰੋਨਾ ਮਰੀਜ਼ਾਂ ਨਾਲ ਆਪਣੇ ਅਨੁਭਵ ਦੱਸੋ।

A ਭਾਵਨਾ: ਅਸੀਂ ਆਪਣੀ ਡਿਊਟੀ 14 ਦਿਨ ਕਰਦੇ ਹਾਂ ਤੇ ਫਿਰ ਸਾਨੂੰ ਰੈਸਟ ਦਿੱਤਾ ਜਾਂਦਾ ਹੈ। ਦੋ ਮਹੀਨਿਆਂ ਬਾਅਦ ਸਾਡੀ ਕੋਵਿਡ ਡਿਊਟੀ ਦੁਬਾਰਾ ਹੁੰਦੀ ਹੈ। ਮਰੀਜ਼ ਕੋਰੋਨਾ ਦੇ ਨਾਮ ਤੋਂ ਡਰ ਜਾਂਦੇ ਹਨ, ਇਹ ਡਰ ਖ਼ਤਮ ਕਰਨ ਲਈ ਅਸੀਂ ਉਨ੍ਹਾਂ ਨੂੰ ਤੰਦਰੁਸਤ ਵਾਤਾਵਰਣ ਦਿੰਦੇ ਹਾਂ।

Q ਪ੍ਰਧਾਨ ਮੰਤਰੀ: ਬੰਗਲੂਰੂ ਦੀ ਸਿਸਟਰ ਸੁਰੇਖਾ ਕੋਰੋਨਾ ਨਾਲ ਲੜਾਈ ਲਈ ਲੋਕਾਂ ਨੂੰ ਤੁਸੀਂ ਕੀ ਸੰਦੇਸ਼ ਦੇਣਾ ਚਾਹੋਗੇ?

A ਸੁਰੇਖਾ: ਜੇ ਤੁਹਾਨੂੰ ਕੋਈ ਲੱਛਣ ਮਹਿਸੂਸ ਹੁੰਦਾ ਹੈ, ਤਾਂ ਖ਼ਦ ਨੂੰ ਆਈਸੋਲੇਟ ਕਰ ਲਵੋ ਤੇ ਨਜ਼ਦੀਕੀ ਡਾਕਟਰ ਤੋਂ ਸਲਾਹ ਲਵੋ। ਵੈਕਸੀਨ ਲਗਵਾਉਣ ਤੋਂ ਨਾ ਡਰੋ। ਫਰੰਟਲਾਈਨ ਵਰਕਰਸ ਪ੍ਰਤੀ ਸੰਵੇਦਨਾ ਰੱਖੋ।

‘ਮਨ ਕੀ ਬਾਤ’ ਪੂਰੀ ਸੁਣਨ ਲਈ QR ਕੋਡ Scan ਕਰੋ

ਨਿਊ ਇੰਡੀਆ
ਸਮਾਚਾਰ
ਜਿਲਦ: 01, ਅੰਕ: 22 | 16-31 ਮਈ 2021

ਸੰਪਾਦਕ:
ਜੈਦੀਪ ਭਟਨਾਗਰ
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਸਲਾਹਕਾਰ ਸੰਪਾਦਕ:
ਸੰਤੋਸ਼ ਕੁਮਾਰ
ਵਿਨੋਦ ਕੁਮਾਰ

ਸਹਾਇਕ ਸਲਾਹਕਾਰ ਸੰਪਾਦਕ:
ਵਿਭੋਰ ਸ਼ਰਮਾ

ਪ੍ਰਕਾਸ਼ਕ ਅਤੇ ਪ੍ਰਿੰਟਰ:
ਸਤਖੇਂਦਰ ਪ੍ਰਕਾਸ਼
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਬੀਓਸੀ (ਬਿਊਰੋ ਆਵ੍ਹ ਆਊਟਰੀਚ
ਐਂਡ ਕਮਿਊਨੀਕੇਸ਼ਨ)

ਪ੍ਰਿੰਟਿੰਗ:
ਵਿਬਾ ਪ੍ਰੈੱਸ ਪ੍ਰਾਈਵੇਟ ਲਿਮਿਟਿਡ,
ਸੀ–66/3, ਓਖਲਾ ਫ਼ੇਜ਼–II,
ਓਖਲਾ ਇੰਡਸਟ੍ਰੀਅਲ ਏਰੀਆ,
ਨਵੀਂ ਦਿੱਲੀ

ਸੰਪਰਕ: ਬਿਊਰੋ ਆਵ੍ਹ ਆਊਟਰੀਚ
ਐਂਡ ਕਮਿਊਨੀਕੇਸ਼ਨ,
ਸੂਚਨਾ ਭਵਨ, ਦੂਸਰੀ ਮੰਜ਼ਿਲ,
ਨਵੀਂ ਦਿੱਲੀ–110003
ਈਮੇਲ- **response-nis@pib.gov.in**

ਡਿਜ਼ਾਈਨਰ:
ਸ਼ਿਆਮ ਸ਼ੰਕਰ ਤਿਵਾਰੀ

ਆਰ.ਐੱਨ.ਆਈ. ਨੰਬਰ
DELPUN/2020/78808

ਅੰਦਰਲੇ ਪੰਨਿਆਂ ਉੱਤੇ...

ਨਵ-ਨਿਰਮਾਣ ਵੱਲ ਨਵਾਂ ਭਾਰਤ...

ਕਵਰ ਸਟੋਰੀ ਮੌਜੂਦਾ ਕੇਂਦਰ ਸਰਕਾਰ ਦੀ ਦੂਸਰੀ ਵਰ੍ਹੇਗੰਢ ਉੱਤੇ ਜਾਣੋ ਕਿਵੇਂ ਤਕਨੀਕ ਤੇ ਸੋਚ ਦੀ ਪ੍ਰਤੀਬੱਧਤਾ ਨਾਲ ਨਵੇਂ ਭਾਰਤ ਦੇ ਨਿਰਮਾਣ 'ਚ ਅੱਗੇ ਵਧ ਰਹੇ ਹਾਂ ਅਸੀਂ। ਪੰਨਾ 16-19

ਕੋਰੋਨਾ ਖ਼ਿਲਾਫ਼ ਦੂਸਰੀ ਜੰਗ
ਅਸੀਂ ਮਿਲ ਕੇ ਜਿੱਤਾਂਗੇ

ਕੋਰੋਨਾ ਦੀ ਦੂਸਰੀ ਲਹਿਰ ਦੇ ਦਰਮਿਆਨ ਭਾਰਤ ਦੀਆਂ ਤਿਆਰੀਆਂ, ਕੇਂਦਰ ਸਰਕਾਰ ਦੇ ਜੰਗੀ ਪੱਧਰ ਉੱਤੇ ਕਾਰਜ, ਦੁਨੀਆ ਦੀ ਮਦਦ, ਆਕਸੀਜਨ ਤੇ ਵੈਕਸੀਨ ਸਪਲਾਈ ਨਾਲ ਪਹਿਲੀ ਲਹਿਰ 'ਚ ਕਿਵੇਂ ਜਿੱਤਿਆ, ਭਾਰਤ ਤੇ ਸਿਹਤ ਢਾਂਚੇ 'ਚ ਬੁਨਿਆਦੀ ਪਰਿਵਰਤਨ ਦੀ ਕਹਾਣੀ। ਪੰਨਾ 4-15

ਵਿਸ਼ੇਸ਼ ਪੈਕੇਜ

ਤਕਨੀਕ ਦੇ ਰਸਤੇ ਬਦਲ ਰਹੀ ਨਵੇਂ ਭਾਰਤ ਦੀ ਤਸਵੀਰ
ਬੀਤੇ ਦੋ ਸਾਲਾਂ 'ਚ ਪੂਰੇ ਹੋਏ ਪ੍ਰੋਜੈਕਟ ਜਿਨ੍ਹਾਂ ਉੱਤੇ ਦੇਸ਼ ਨੂੰ ਹੈ ਮਾਣ | ਪੰਨਾ 20-29

ਆਟੇ ਤੋਂ ਘੱਟ ਕਿਰਾਏ 'ਚ ਮੰਗਲ ਤੱਕ ਪੁੱਜੇ ਅਸੀਂ
ਪੁਲਾੜ 'ਚ ਭਾਰਤ ਦੀ ਨਵੀਂ ਉਡਾਣ | ਪੰਨਾ 30

ਗਲੋਬਲ ਨਾਲੇਜ ਸੁਪਰ ਪਾਵਰ ਵੱਲ ਵਧਦੇ ਭਾਰਤ ਦੇ ਕਦਮ
ਸਿੱਖਿਆ ਦੇ ਖੇਤਰ 'ਚ ਭਾਰਤ ਦੇ ਕ੍ਰਾਂਤੀਕਾਰੀ ਕਦਮ | ਪੰਨਾ 31

ਡਿਜੀਟਲ ਨਾਲ ਸਾਰੇ ਖੇਤਰਾਂ 'ਚ ਸਸ਼ਕਤੀਕਰਣ
ਕਿਰਤ ਸੁਧਾਰਾਂ ਤੋਂ ਲੈ ਕੇ ਪਿੰਡ ਤੱਕ ਸ਼ਾਸਨ ਦੀ ਪਹੁੰਚ ਹੋਈ ਅਸਾਨ | ਪੰਨਾ 32-33

ਸਬਕਾ ਸਾਥ, ਸਬਕਾ ਵਿਕਾਸ
ਪਿੰਡ, ਗ਼ਰੀਬ, ਕਿਸਾਨ, ਨੌਜਵਾਨ ਤੇ ਮੱਧ ਵਰਗ ਦੇ ਹਿਤ 'ਚ ਉੱਠੇ ਕਦਮ | ਪੰਨਾ 34-35

ਅਰਥਵਿਵਸਥਾ ਚਲੀ ਆਤਮਨਿਰਭਰਤਾ ਦੇ ਰਾਹ
ਨਿਰਣਾਇਕ ਫ਼ੈਸਲਿਆਂ ਦੇ ਰਸਤੇ ਅਰਥਵਿਵਸਥਾ ਹੋ ਰਹੀ ਮਜ਼ਬੂਤ | ਪੰਨਾ 36-38

ਪਹਿਲੀ ਵਾਰ ਭਾਰਤ 'ਚ ਨਵੀਂ ਤਕਨੀਕ ਨਾਲ ਹੋਵੇਗਾ ਯੂਰੀਆ ਦਾ ਉਤਪਾਦਨ
ਕੈਬਨਿਟ ਦੀ ਬੈਠਕ 'ਚ ਅਹਿਮ ਫ਼ੈਸਲੇ | ਪੰਨਾ 39

ਦੇਸ਼ ਦੇ ਰੱਖਿਆ ਖੇਤਰ ਦਾ ਕਾਇਆਕਲਪ
ਮੇਕ ਇਨ ਇੰਡੀਆ ਦੇ ਜ਼ਰੀਏ ਰੱਖਿਆ ਖੇਤਰ ਨੂੰ ਦਿੱਤੀ ਮਜ਼ਬੂਤੀ | ਪੰਨਾ 40-41

ਵਿਸ਼ਵ ਦ੍ਰਿਸ਼ ਉੱਤੇ ਚਮਕਦਾ ਭਾਰਤ
ਵਿਦੇਸ਼ ਨੀਤੀ ਨਾਲ ਕਿਵੇਂ ਵਧਿਆ ਦੁਨੀਆ 'ਚ ਭਾਰਤ ਦਾ ਮਾਣ | ਪੰਨਾ 42-43

ਨਵੇਂ ਭਾਰਤ ਦਾ ਉਦੈ: ਸਦੀਆਂ ਦੀ ਉਡੀਕ ਹੋਈ ਖ਼ਤਮ
ਨਵੇਂ ਭਾਰਤ ਦੀ ਸੱਭਿਆਚਾਰਕ ਗੌਰਵ ਗਾਥਾ | ਪੰਨਾ 44-46

ਵਿਵਸਥਾਵਾਂ ਦਾ ਏਕੀਕਰਣ, ਸੁਵਿਧਾਵਾਂ ਦਾ ਨਵਾਂ ਸਫ਼ਰ | ਪੰਨਾ 47

ਮੁੜ-ਸੁਰਜੀਤ ਹੋਣ ਲਗੀ ਹੁਣ ਮਹਾਨਾਇਕਾਂ ਦੀ ਵਿਰਾਸਤ | ਪੰਨਾ 48-49

ਅੰਮ੍ਰਿਤ ਮਹੋਤਸਵ: ਕ੍ਰਾਂਤੀ ਦੀ ਲੋਅ ਬਾਲਣ ਵਾਲੇ | ਪੰਨਾ 50-51

ਮਾਟੀ ਕੇ ਲਾਲ ਵੀਰ ਸਾਵਰਕਰ

ਅੰਗਰੇਜ਼ਾਂ ਦੇ ਵਿਰੋਧ 'ਤੇ ਦੋ-ਦੋ ਉਮਰ ਕੈਦ ਦੀ ਸਜ਼ਾ ਪਾਉਣ ਵਾਲੇ ਅਖੰਡ ਭਾਰਤ ਦੇ ਪ੍ਰਣੇਤਾ ਵੀਰ ਸਾਵਰਕਰ ਦੀ ਜਯੰਤੀ 'ਤੇ ਵਿਸ਼ੇਸ਼। ਪੰਨਾ 52

ਸੰਪਾਦਕ ਦੀ ਕਲਮ ਤੋਂ...

ਸਾਦਰ ਨਮਸਕਾਰ!

ਕੋਰੋਨਾ ਸਾਡੇ ਸਭ ਦੇ ਧੀਰਜ, ਸਾਡੇ ਸਭ ਦੇ ਦੁਖ ਬਰਦਾਸ਼ਤ ਕਰਨ ਦੀ ਸੀਮਾ ਦੀ ਪਰੀਖਿਆ ਲੈ ਰਿਹਾ ਹੈ। ਇਸ ਵਿਸ਼ਵ ਮਹਾਮਾਰੀ ਦੀ ਪਹਿਲੀ ਲਹਿਰ ਦਾ ਦੇਸ਼ ਨੇ ਇਕਜੁੱਟਤਾ ਨਾਲ ਮੁਕਾਬਲਾ ਕੀਤਾ, ਉਸ ਵਿੱਚ ਦੇਸ਼ ਨੇ ਦੁਨੀਆ ਦੇ ਸਾਹਮਣੇ ਰੀਸ ਕਰਨ ਯੋਗ ਉਦਾਹਰਣ ਪੇਸ਼ ਕੀਤੀ ਸੀ। ਪਰ ਕੋਵਿਡ ਅਨੁਸ਼ਾਸਨ ਦੀ ਪਾਲਣਾ 'ਚ ਹੋਈ ਥੋੜ੍ਹੀ ਜਿਹੀ ਕੋਤਾਹੀ ਨੇ ਦੂਸਰੀ ਲਹਿਰ ਵਿੱਚ ਜਨ-ਜੀਵਨ ਨੂੰ ਝੰਜੋੜ ਦਿੱਤਾ ਹੈ। ਜਿਸ ਦਾ ਅਸਰ ਆਕਸੀਜਨ ਤੇ ਦਵਾਈਆਂ ਉੱਤੇ ਦਿਸਿਆ। ਪਰ ਚੁਣੌਤੀਆਂ ਨਾਲ ਜੂਝਣ ਤੇ ਸਮੱਸਿਆਵਾਂ ਨਾਲ ਟਕਰਾਉਣ ਵਾਲੇ ਦੇਸ਼ ਦੀ ਲੀਡਰਸ਼ਿਪ ਨੇ ਤਕਨੀਕ ਤੇ ਸੰਸਾਧਨਾਂ ਦਾ ਬਿਹਤਰ ਇਸਤੇਮਾਲ ਕਰਦਿਆਂ ਇਸ ਮਹਾਮਾਰੀ ਦੀ ਨਵੀਂ ਲਹਿਰ ਨਾਲ ਨਿਪਟਣ ਲਈ ਸੰਵੇਦਨਸ਼ੀਲਤਾ ਨਾਲ ਜੰਗੀ ਪੱਧਰ ਉੱਤੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ।

ਭਾਵੇਂ ਆਕਸੀਜਨ ਦੀ ਸਪਲਾਈ ਵਧਾਉਣੀ ਹੋਵੇ ਜਾਂ ਫਿਰ ਦਵਾਈਆਂ, ਹਸਪਤਾਲਾਂ 'ਚ ਬੈੱਡ ਦਾ ਇੰਤਜ਼ਾਮ, ਆਪਦਾ ਦੀ ਇਸ ਘੜੀ 'ਚ ਦੇਸ਼ ਦਾ ਭਰੋਸਾ ਮੰਨੀ ਜਾਣ ਵਾਲੀ ਸੈਨਾ ਨੂੰ ਵੀ ਉਤਾਰਿਆ ਗਿਆ। ਵਿਸ਼ਵ ਦੇ ਹੋਰ ਦੇਸ਼ ਵੀ ਭਾਰਤ ਨਾਲ ਖੜ੍ਹੇ ਹੋਏ ਹਨ। ਪ੍ਰਧਾਨ ਮੰਤਰੀ ਨੇ ਇੱਕ ਵਾਰ ਫਿਰ ਪੂਰੀ ਵਿਵਸਥਾ ਦੀ ਵਾਗਡੋਰ ਆਪਣੇ ਹੱਥ 'ਚ ਲਈ ਤੇ 28 ਦਿਨਾਂ ਵਿੱਚ 17 ਤੋਂ ਵੱਧ ਅਹਿਮ ਬੈਠਕਾਂ ਕਰਕੇ ਸਿਹਤ ਨਾਲ ਜੁੜੀਆਂ ਸਾਰੀਆਂ ਜ਼ਰੂਰਤਾਂ ਲਈ ਤੇਜ਼ ਪਹਿਲ ਕੀਤੀ। ਨਾਲ ਹੀ ਦੁਨੀਆ ਦੀ ਸਭ ਤੋਂ ਭਰੋਸੇਮੰਦ ਸਵਦੇਸ਼ੀ ਵੈਕਸੀਨ ਨੂੰ ਨੌਜਵਾਨਾਂ ਤੱਕ ਪਹੁੰਚਾਉਣ ਦੇ ਮਕੈਨਿਜ਼ਮ ਨੂੰ ਯਕੀਨੀ ਬਣਾਇਆ ਗਿਆ ਹੈ। ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਨਾਲ ਜਿੱਥੇ ਕੋਰੋਨਾ ਖ਼ਿਲਾਫ਼ ਲੜਨ ਦਾ ਢਾਂਚਾ ਦਰੁਸਤ ਹੋ ਰਿਹਾ ਹੈ, ਉੱਥੇ ਤਸੱਲੀ ਵਾਲੀ ਗੱਲ ਇਹ ਵੀ ਹੈ ਕਿ ਠੀਕ ਹੋਣ ਵਾਲਿਆਂ ਦੀ ਗਿਣਤੀ ਲਗਾਤਾਰ ਵਧਣ ਲਗੀ ਹੈ। ਇਹ ਸਿਹਤ ਢਾਂਚੇ ਵਿੱਚ ਸੁਧਾਰ ਤੇ ਸਿਹਤ ਨੂੰ ਸਰਕਾਰ ਦੀਆਂ ਨੀਤੀਆਂ ਦਾ ਅਧਾਰ ਥੰਮ੍ਹ ਬਣਾਉਣ ਦਾ ਹੀ ਨਤੀਜਾ ਹੈ। ਸਰਕਾਰ ਦੀਆਂ ਇਹ ਸਾਰੀਆਂ ਕੋਸ਼ਿਸ਼ਾਂ ਇਸ ਵਾਰ ਦੇ ਅੰਕ ਦਾ ਹਿੱਸਾ ਬਣੀਆਂ ਹਨ।

ਦੇਸ਼ ਦੀ ਲੀਡਰਸ਼ਿਪ ਇਸ ਜੰਗ ਵਿੱਚ ਬੇਹੱਦ ਸੰਵੇਦਨਸ਼ੀਲਤਾ ਤੇ ਪੂਰੀ ਜਵਾਬਦੇਹੀ ਨਾਲ ਕਦਮ ਚੁੱਕ ਰਹੀ ਹੈ ਤੇ ਹਰ ਤਰ੍ਹਾਂ ਦੀਆਂ ਦਵਾਈਆਂ-ਹਸਪਤਾਲਾਂ ਦੀ ਜ਼ਰੂਰਤ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ, ਇਸ ਲਈ ਘਬਰਾਓ ਨਾ ਕਿਉਂਕਿ ਬਚਾਅ ਹੀ ਇਸ ਦਾ ਕਾਰਗਰ ਤਰੀਕਾ ਹੈ। ਚੁਣੌਤੀਆਂ ਨਾਲ ਜੂਝ ਕੇ ਦੇਸ਼ ਨੂੰ ਅੱਗੇ ਵਧਾਉਣ 'ਚ ਮੌਜੂਦਾ ਲੀਡਰਸ਼ਿਪ ਕਿਸ ਤਰ੍ਹਾਂ ਭਰੋਸੇਮੰਦ ਹੈ, ਅਜਿਹੇ ਹੀ ਚੁਣੌਤੀਪੂਰਨ ਕੰਮਾਂ ਨੂੰ ਲੈ ਕੇ ਸਰਕਾਰ ਦੀ ਕੋਸ਼ਿਸ਼ ਅਤੇ 'ਨਵੇਂ ਭਾਰਤ' ਦਾ ਹੁਣ ਤੱਕ ਦਾ ਸਫ਼ਰ ਵੀ ਇਸ ਵਾਰ ਦੇ ਅੰਕ ਦੀ ਵਿਸ਼ੇਸ਼ ਪੜ੍ਹਨਯੋਗ ਸਮੱਗਰੀ ਹੈ। ਆਸ ਹੈ ਕਿ ਤਕਨੀਕ ਦੇ ਸਹਾਰੇ ਚੁਣੌਤੀਆਂ ਨੂੰ ਪਾਰ ਕਰਕੇ ਦੇਸ਼ ਨੂੰ ਨਵੀਂ ਦਿਸ਼ਾ ਦੇਣ ਵਾਲੀ ਇਹ ਸਮੱਗਰੀ ਤੁਹਾਡੇ ਅੰਦਰ ਲੀਡਰਸ਼ਿਪ ਪ੍ਰਤੀ ਇੱਕ ਆਤਮਵਿਸ਼ਵਾਸ ਤੇ ਭਰੋਸਾ ਪੈਦਾ ਕਰੇਗੀ।

ਆਖ਼ਰ 'ਚ, ਅਸੀਂ ਜਦੋਂ ਤੱਕ ਕੋਰੋਨਾ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੁੰਦੇ, ਤਦ ਤੱਕ ਅਸੀਂ ਸਭ ਨੂੰ ਟੀਕਾ ਲਗਾਉਣ ਤੇ ਮਾਸਕ ਨੂੰ ਸੁਰੱਖਿਆ ਕਵਚ ਬਣਾ ਕੇ ਸਮਾਜਿਕ ਦੂਰੀ ਜਿਹੀ ਸਾਵਧਾਨੀ ਵੀ ਵਰਤਣੀ ਹੈ।

ਤੁਸੀਂ ਸਾਰੇ ਤੰਦਰੁਸਤ ਰਹੋ ਤੇ ਸਦਾ ਵਾਂਗ ਆਪਣੇ ਸੁਝਾਅ ਦਿੰਦੇ ਰਹੋ।

ਪਤਾ- ਬਿਊਰੋ ਆਵ੍ ਆਊਟਰੀਚ ਐਂਡ ਕਮਿਊਨੀਕੇਸ਼ਨ,
ਸੂਚਨਾ ਭਵਨ, ਦੂਸਰੀ ਮੰਜ਼ਿਲ,
ਨਵੀਂ ਦਿੱਲੀ-110003
ਈਮੇਲ- response-nis@pib.gov.in

(ਜੈਦੀਪ ਭਟਨਾਗਰ)

ਆਪਕੀ ਬਾਤ...

'ਨਿਊ ਇੰਡੀਆ ਸਮਾਚਾਰ' ਦਾ ਅੰਕ ਪੜ੍ਹਨ ਦਾ ਮੌਕਾ ਮਿਲਿਆ। ਇੱਕੋ ਹੀ ਬੈਠਕ 'ਚ ਇਸ ਨੂੰ ਪੜ੍ਹਨ ਦੇ ਲਾਲਚ ਤੋਂ ਆਪਣੇ-ਆਪ ਨੂੰ ਰੋਕ ਨਹੀਂ ਸਕਿਆ। ਸਮਾਚਾਰ ਪੱਤ੍ਰਿਕਾ ਦੇ ਪਹਿਲੇ ਪੰਨੇ ਤੋਂ ਲੈ ਕੇ ਆਖ਼ਰੀ ਪੰਨੇ ਤੱਕ ਦੀ ਪੇਸ਼ਕਾਰੀ ਬਹੁਤ ਹੀ ਸੋਹਣੀ ਰਹੀ ਹੈ। ਤੁਸੀਂ ਜਿੰਨੇ ਵੀ ਲੇਖ, ਜਾਣਕਾਰੀ, ਸਮਾਚਾਰ ਇਸ ਅੰਕ ਵਿੱਚ ਇਕੱਠੇ ਕੀਤੇ ਹਨ, ਸਾਰੇ ਦਿਲਚਸਪ ਤੇ ਗਿਆਨ-ਵਧਾਊ ਹਨ। ਅੰਕ ਦੀ ਕਵਰ-ਸਟੋਰੀ ਦੇ ਤਹਿਤ ਨੈਸ਼ਨਲ ਟੈਸਟਿੰਗ ਏਜੰਸੀ ਬਾਰੇ ਕਾਫ਼ੀ ਵਿਸਤ੍ਰਿਤ ਤੇ ਸ਼ਲਾਘਾਯੋਗ ਜਾਣਕਾਰੀ ਜੁਟਾਈ ਹੈ, ਜੋ ਨੌਜਵਾਨ ਵਰਗ ਲਈ ਅਹਿਮ ਤੇ ਬਹੁਤ ਕੰਮ ਦੀ ਹੈ। ਕਾਲਮ ਸ਼ਖ਼ਸੀਅਤ ਦੇ ਤਹਿਤ ਸੱਤਿਆਜੀਤ ਰੇਅ ਨੂੰ ਯਾਦ ਕੀਤਾ ਜਾਣਾ, ਉਨ੍ਹਾਂ ਵੱਲੋਂ ਭਾਰਤੀ ਸਿਨੇਮਾ ਜਗਤ ਵਿੱਚ ਜੋ ਯੋਗਦਾਨ ਪਾਇਆ ਗਿਆ ਹੈ, ਉਸ ਲਈ ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਨਮਨ ਕੀਤੇ ਜਾਣ ਦਾ ਅਹਿਸਾਸ ਹੁੰਦਾ ਹੈ। 'ਸਕਾਰਾਤਮਕ ਕਹਾਣੀ' ਕਾਲਮ ਦੇ ਤਹਿਤ ਰਾਘਵੇਂਦਰ ਤੇ ਐੱਨ.ਐੱਸ. ਰਾਜੱਪਨ ਦੇ ਜ਼ਿੰਦਗੀ ਤੇ ਵਾਤਾਵਰਣ ਨੂੰ ਬਚਾਉਣ ਲਈ ਕੀਤੇ ਜਾ ਰਹੇ ਕਾਰਜ, ਸਮਾਜ ਦੇ ਸਾਰੇ ਤਬਕਿਆਂ ਲਈ ਪ੍ਰੇਰਣਾਦਾਇਕ ਹਨ।

ਨਰੇਸ਼ ਕਾਨੂੰਨਗੋ
kanungo.naresh@gmail.com

ਪੱਤ੍ਰਿਕਾ 'ਚ ਨਵੀਂ ਗਿਆਨ-ਵਧਾਊ ਸਮੱਗਰੀ ਦੀ ਸ਼ਮੂਲੀਅਤ ਨੇ ਇਸ ਨੂੰ ਬਿਹਤਰੀਨ ਬਣਾ ਦਿੱਤਾ ਹੈ। ਸਕ੍ਰੈਪਿੰਗ ਪਾਲਿਸੀ, ਡਾਕ ਬੈਂਕ, ਈਜ਼ ਆਵ੍ਹ ਲਿਵਿੰਗ ਇੰਡੈਕਸ, ਐੱਨਟੀਏ ਦੀ ਰਾਸ਼ਟਰ ਨਿਰਮਾਣ 'ਚ ਭੂਮਿਕਾ ਆਦਿ ਵਿਸ਼ਿਆਂ ਬਾਰੇ ਅਹਿਮ ਜਾਣਕਾਰੀ ਸਾਂਝੀ ਕਰਨ ਲਈ ਤਹਿ ਦਿਲੋਂ ਧੰਨਵਾਦ। ਇਸੇ ਤਰ੍ਹਾਂ ਦਿਲਚਸਪ ਅਗਲੇ ਅੰਕਾਂ ਦੀ ਬੇਸਬਰੀ ਨਾਲ ਉਡੀਕ ਰਹੇਗੀ।

ਮੋਹਿਤ ਸੋਨੀ
sonimohit895@gmail.com

'ਨਿਊ ਇੰਡੀਆ ਸਮਾਚਾਰ' ਦੇ ਇਸ ਅੰਕ 'ਚ ਸੱਤਿਆਜੀਤ ਰੇਅ ਤੇ ਸਿਨੇਮਾ ਦੇ ਯੋਗਦਾਨ ਨੂੰ ਦਰਸਾਇਆ ਗਿਆ ਹੈ। ਭਾਰਤ ਸਰਕਾਰ ਦੀ ਜਲ ਸੁਰੱਖਿਆ ਦੀਆਂ ਵਿਲੱਖਣ ਜਲ ਯੋਜਨਾਵਾਂ - ਨਮਾਮਿ ਗੰਗੇ ਜਿਹੀਆਂ ਯੋਜਨਾਵਾਂ ਦੀ ਜਾਣਕਾਰੀ ਦਿੱਤੀ ਗਈ ਹੈ। ਐੱਨਡੀਏ ਦੇ ਨਾਲ ਹੀ ਸਾਡੀ ਨਵੀਂ ਰਾਸ਼ਟਰੀ ਸਿੱਖਿਆ ਨੀਤੀ 2020 ਨਾਲ ਜੁੜੀ ਲੋਕਾਂ ਲਈ ਉਪਯੋਗੀ ਜਾਣਕਾਰੀ ਨਾਲ ਹੀ ਡਾਕ ਬੈਂਕਿੰਗ ਸਮੇਤ ਕਈ ਪੱਖਾਂ ਉੱਤੇ ਸਮੱਗਰੀ ਪੜ੍ਹਨਯੋਗ ਤੇ ਸਾਂਭਣਯੋਗ ਹੈ। ਮਾਣਯੋਗ ਪ੍ਰਧਾਨ ਮੰਤਰੀ ਜੀ ਦੀਆਂ ਅਦਭੁਤ ਤੇ ਗਿਆਨ-ਵਧਾਊ ਪੰਕਤੀਆਂ ਸਾਨੂੰ ਸਦਾ ਅੱਗੇ ਵਧਣ ਦਾ ਸੰਦੇਸ਼ ਦਿੰਦੀਆਂ ਹਨ।

ਸ਼ੰਕਰ ਲਾਲ ਸ਼ਾਸਤਰੀ
drslshastri@gmail.com

'ਨਿਊ ਇੰਡੀਆ ਸਮਾਚਾਰ' ਦਾ ਅੰਕ ਮਿਲਿਆ। ਬੇਸ਼ੱਕ ਇਹ ਇੱਕ ਸਾਂਭਣਯੋਗ ਅੰਕ ਹੈ। ਪੰਚਾਇਤੀ ਰਾਜ ਵਿਵਸਥਾ ਬਾਰੇ ਕੇਂਦਰੀ ਮੰਤਰੀ ਨਰੇਂਦਰ ਤੋਮਰ ਜੀ ਦਾ ਵਿਚਾਰ ਜਾਣ ਕੇ ਵਧੀਆ ਲਗਿਆ। ਦਰਅਸਲ, ਪੰਚਾਇਤਾਂ ਤੇ ਗ੍ਰਾਮੀਣ ਲੀਡਰਸ਼ਿਪ ਲੋਕਤੰਤਰ ਦੀ ਜਾਨ ਹੈ। ਦੇਸ਼ ਦੀ 70% ਆਬਾਦੀ ਪਿੰਡਾਂ ਵਿੱਚ ਵਸਦੀ ਹੈ, ਉਸ ਨੂੰ ਖ਼ੁਸ਼ਹਾਲ, ਸ਼ਕਤੀ-ਸੰਪੰਨ ਬਣਾਉਣਾ ਤੇ ਵਿਕਾਸ ਦੀ ਲੀਹ ਉੱਤੇ ਲਿਆਉਣਾ ਸਰਕਾਰਾਂ ਦਾ ਮੁੱਖ ਫ਼ਰਜ਼ ਹੈ। ਵਰਤਮਾਨ ਸਰਕਾਰ ਨੇ ਆਪਣੇ ਵੱਲੋਂ ਇਸ ਸੰਦਰਭ ਵਿੱਚ ਕਈ ਕਦਮ ਚੁੱਕੇ ਹਨ।

ਡਾ. ਹਰਿਕ੍ਰਿਸ਼ਨ ਬੜੋਦੀਆ
haribarodiya@gmail.com

ਅੰਮ੍ਰਿਤ ਮਹੋਤਸਵ ਬਾਰੇ ਜਾਣ ਕੇ ਬਹੁਤ ਖ਼ੁਸ਼ੀ ਹੋਈ। ਭਾਰਤ ਜਿਸ ਤਰ੍ਹਾਂ ਪਰਿਸਥਿਤੀਆਂ ਨਾਲ ਜੂਝ ਰਿਹਾ ਹੈ, ਉਸ 'ਚ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅਸੀਂ ਬਹੁਤ ਛੇਤੀ ਹੀ ਇਸ ਉੱਤੇ ਜਿੱਤ ਹਾਸਲ ਕਰਾਂਗੇ। ਸਵਾ ਸੌ ਕਰੋੜ ਦੇਸ਼ਵਾਸੀ ਪ੍ਰਧਾਨ ਮੰਤਰੀ ਦੇ ਸੱਦੇ ਉੱਤੇ ਕੋਵਿਡ-19 ਖ਼ਿਲਾਫ਼ ਲੜ ਰਹੇ ਹਨ। ਸਾਡੀ ਨੈਸ਼ਨਲ ਟੈਸਟਿੰਗ ਏਜੰਸੀ ਦੇਸ਼ ਦੀ ਸੇਵਾ 'ਚ ਡਟੀ ਹੋਈ ਹੈ।

shubhammishra84005248@gmail.com

ਮਿਤੀ 16 ਤੋਂ 30 ਅਪ੍ਰੈਲ ਦਾ ਅੰਕ ਪੜ੍ਹਨ ਦਾ ਸੁਭਾਗ ਮਿਲਿਆ। ਇਸ ਵਿੱਚ ਖੁਦੀਰਾਮ ਬੋਸ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਪਾਏ ਗਏ ਯੋਗਦਾਨ ਬਾਰੇ ਜਾਣਨ ਦਾ ਮੌਕਾ ਮਿਲਿਆ। ਇਸ ਤੋਂ ਇਲਾਵਾ ਫ਼ਿਲਮ ਨਿਰਮਾਤਾ ਸੱਤਿਆਜੀਤ ਰੇਅ ਬਾਰੇ ਜਾਣਕਾਰੀ ਮਿਲੀ, ਜਿਸ ਵਿੱਚ ਭਾਰਤੀ ਸਿਨੇਮਾ ਜਗਤ ਨੂੰ ਵਿਸ਼ਵ ਦ੍ਰਿਸ਼ 'ਤੇ ਰੱਖ ਕੇ ਭਾਰਤ ਦੀ ਸ਼ਾਨ ਵਧਾਈ। ਇੰਨੇ ਵਧੀਆ ਲੇਖ ਦੇ ਲਈ ਤੁਹਾਡਾ ਦਿਲੋਂ ਧੰਨਵਾਦ।

shrigopal6@gmail.com

ਹੁਣ ਡਿਜੀਟਲ ਕੈਲੰਡਰ

ਭਾਰਤ ਸਰਕਾਰ ਨੇ ਪਹਿਲੀ ਵਾਰ ਡਿਜੀਟਲ ਕੈਲੰਡਰ ਤੇ ਡਾਇਰੀ ਐਪ ਲਾਂਚ ਕੀਤੀ ਹੈ। ਜੀਓਆਈ ਐਪ 'ਤੇ ਵੀ ਸਾਰੀਆਂ ਸਰਕਾਰੀ ਯੋਜਨਾਵਾਂ, ਪ੍ਰੋਗਰਾਮ, ਪ੍ਰਕਾਸ਼ਨ ਨਾਲ ਸਰਕਾਰੀ ਛੁੱਟੀਆਂ ਤੇ ਮਿਤੀਆਂ ਦੀ ਜਾਣਕਾਰੀ ਵੀ ਮਿਲ ਜਾਵੇਗੀ।

ਇਸ ਨੂੰ ਗੂਗਲ ਪਲੇਅ ਸਟੋਰ ਅਤੇ ਆਈਓਐੱਸ ਤੋਂ ਡਾਊਨਲੋਡ ਕਰ ਸਕਦੇ ਹੋ।

ਗੂਗਲ ਪਲੇਅ ਸਟੋਰ ਲਿੰਕ
https://play.google.com/store/apps/details?id=in.gov.calendar

ਆਈਓਐੱਸ ਲਿੰਕ
https://apps.apple.com/in/app/goi-calendar/id1546365594

https://goicalendar.gov.in/

ਅਸੀਂ ਮਿਲ ਕੇ ਜਿੱਤਾਂਗੇ

'ਹਰ ਸਫ਼ਲਤਾ ਤੇ ਖ਼ੁਸ਼ਹਾਲੀ ਦਾ ਅਧਾਰ ਹੈ ਸਿਹਤ, ਫਿਰ ਭਾਵੇਂ ਉਹ ਇੱਕ ਵਿਅਕਤੀ ਨਾਲ ਜੁੜੀ ਹੋਵੇ, ਪਰਿਵਾਰ ਜਾਂ ਸਮਾਜ ਨਾਲ ਜੁੜੀ ਹੋਵੇ, ਜਾਂ ਪੂਰੇ ਰਾਸ਼ਟਰ ਨਾਲ'। ਖ਼ਾਸ ਤੌਰ 'ਤੇ ਅਜਿਹੇ ਸਮੇਂ ਜਦੋਂ ਭਾਰਤ ਕੋਰੋਨਾ ਵਾਇਰਸ ਜਿਹੀ ਭਿਆਨਕ ਮਹਾਮਾਰੀ ਦੇ ਸਭ ਤੋਂ ਭਿਆਨਕ ਦੌਰ 'ਚੋਂ ਲੰਘ ਰਿਹਾ ਹੈ, ਇਹ ਗੱਲ ਹੋਰ ਅਹਿਮ ਹੋ ਜਾਂਦੀ ਹੈ। ਇਸ ਸੰਕਟ ਖ਼ਿਲਾਫ਼ ਅਸੀਂ ਸਭ ਨੇ ਮਿਲ ਕੇ ਲੜਨਾ, ਜਿੱਤਣਾ ਹੈ ਤੇ ਅਸੀਂ ਜਿੱਤ ਕੇ ਰਹਾਂਗੇ...

ਦੂਸਰੀ ਲਹਿਰ ਨਾਲ ਨਿਪਟਣ ਦੀ ਤਿਆਰੀ

ਅਪ੍ਰੈਲ 'ਚ ਭਾਰਤ ਵਿੱਚ ਕੋਰੋਨਾ ਵਾਇਰਸ ਦੇ ਮਾਮਲੇ ਇੱਕ ਵਾਰ ਫਿਰ ਤੇਜ਼ੀ ਨਾਲ ਵਧਣੇ ਸ਼ੁਰੂ ਹੋਏ। ਇੱਕ ਵਾਰ ਫਿਰ ਸੰਕਟ ਦੇ ਦੌਰ 'ਚ ਇਸ ਦੂਸਰੀ ਲਹਿਰ ਦੇ ਦਰਮਿਆਨ ਅਪ੍ਰੈਲ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਕਸੀਜਨ ਸਪਲਾਇਰਸ, ਦਵਾਈ ਨਿਰਮਾਤਾਵਾਂ, ਵੈਕਸੀਨ ਨਿਰਮਾਤਾਵਾਂ ਦੇ ਨਾਲ ਹੀ ਮੁੱਖ ਮੰਤਰੀਆਂ ਤੇ ਮਾਹਿਰਾਂ ਤੱਕ ਨਾਲ 20 ਤੋਂ ਵੱਧ ਬੈਠਕਾਂ ਕਰ ਚੁੱਕੇ ਹਨ। 10 ਬੈਠਕਾਂ ਤਾਂ ਅਪ੍ਰੈਲ ਦੇ ਆਖ਼ਰੀ 10 ਦਿਨਾਂ 'ਚ ਹੀ ਹੋਈਆਂ ਹਨ। ਰੂਸ, ਜਪਾਨ ਅਤੇ ਅਮਰੀਕਾ ਦੇ ਰਾਸ਼ਟਰ ਮੁਖੀਆਂ ਨਾਲ ਭਾਰਤ ਦੇ ਹਾਲਾਤ ਤੇ ਤਿਆਰੀਆਂ ਨੂੰ ਲੈ ਕੇ ਪ੍ਰਧਾਨ ਮੰਤਰੀ ਦੀ ਗੱਲ ਹੋਈ ਹੈ। ਜਾਣਦੇ ਹਾਂ, ਦੂਸਰੀ ਲਹਿਰ ਦੌਰਾਨ ਕਿਵੇਂ ਤਿਆਰੀਆਂ ਨੂੰ ਅੰਜਾਮ ਦੇ ਰਹੀ ਹੈ ਸਰਕਾਰ...

ਆਕਸੀਜਨ ਸਮੇਤ ਦਵਾਈਆਂ ਦੀ ਤੇਜ਼ੀ ਨਾਲ ਸਪਲਾਈ, ਟੀਕਾਕਰਣ ਉੱਤੇ ਜ਼ੋਰ...

- **ਟੈਸਟ, ਟ੍ਰੇਸ, ਟ੍ਰੀਟਮੈਂਟ ਉੱਤੇ ਜ਼ੋਰ:** 4 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਨੇ ਸਮੀਖਿਆ ਬੈਠਕ 'ਚ ਕੋਰੋਨਾ ਦੇ ਵਧਦੇ ਮਾਮਲਿਆਂ ਨੂੰ ਦੇਖਦੇ ਹੋਏ, ਟੈਸਟ, ਟ੍ਰੇਸ ਤੇ ਟ੍ਰੀਟਮੈਂਟ ਦੇ ਮੰਤਰ ਨਾਲ ਕੋਵਿਡ ਪ੍ਰੋਟੋਕੋਲ ਦੇ ਤਹਿਤ ਸਿਹਤ ਸੁਵਿਧਾਵਾਂ ਦੇ ਉਚਿਤ ਪ੍ਰਬੰਧਨ ਅਤੇ ਭਵਿੱਖ ਦੀਆਂ ਜ਼ਰੂਰਤਾਂ ਪੱਖੋਂ ਤਿਆਰ ਹੋਣ ਦੇ ਨਿਰਦੇਸ਼ ਦਿੱਤੇ।

- **ਆਰਟੀ ਪੀਸੀਆਰ ਟੈਸਟ ਵਧਾਉਣ ਦੇ ਨਿਰਦੇਸ਼:** ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਬੈਠਕ 'ਚ 11 ਤੋਂ 14 ਅਪ੍ਰੈਲ ਤੱਕ ਦੇਸ਼ 'ਚ ਟੀਕਾ ਉਤਸਵ ਦੇ ਜ਼ਰੀਏ ਕੋਰੋਨਾ ਟੀਕਾਕਰਣ ਨੂੰ ਹੋਰ ਤੇਜ਼ ਕਰਨ ਨੂੰ ਕਿਹਾ ਗਿਆ। ਟੈਸਟਿੰਗ 'ਚ ਆਰਟੀ ਪੀਸੀਆਰ ਟੈਸਟ ਦੇ ਹਿੱਸੇ ਨੂੰ ਵਧਾ ਕੇ 70% ਕਰਨ 'ਤੇ ਜ਼ੋਰ ਦਿੱਤਾ ਗਿਆ।

ਆਕਸੀਜਨ | ਦੀ ਚੁਣੌਤੀ ਨਾਲ ਹੁਣ ਸਿਲਸਿਲੇਵਾਰ ਲੜਾਈ

ਦੇਸ਼ 'ਚ ਆਕਸੀਜਨ ਦੀ ਵਧਦੀ ਹੋਈ ਮੰਗ ਨੂੰ ਦੇਖਦੇ ਹੋਏ ਉਤਪਾਦਨ ਵਧਾਉਣ ਦੇ ਨਿਰਦੇਸ਼ ਦਿੱਤੇ ਗਏ। ਆਕਸੀਜਨ ਨਿਰਧਾਰਿਤ ਸਮੇਂ 'ਤੇ ਪੁੱਜੇ, ਇਸ ਲਈ ਡਰਾਇਵਰਾਂ ਨੂੰ ਸ਼ਿਫ਼ਟ 'ਚ ਕੰਮ ਕਰਨ ਲਈ ਕਿਹਾ ਗਿਆ, ਤਾਂ ਜੋ 24 ਘੰਟਿਆਂ 'ਚ ਕਦੇ ਵੀ ਟੈਂਕਰ ਦੇ ਪਹੀਏ ਰੁਕ ਨਾ ਸਕਣ। ਰਾਜਾਂ ਦਾ ਆਕਸੀਜਨ ਦਾ ਕੋਟਾ ਵਧਾਉਂਦੇ ਹੋਏ ਲਿਕੁਇਡ ਮੈਡੀਕਲ ਆਕਸੀਜਨ ਦੀ ਸਪਲਾਈ ਦੇ ਨਿਰਦੇਸ਼ ਦਿੱਤੇ ਗਏ। ਜ਼ਰੂਰਤ ਪੈਣ 'ਤੇ ਦੂਸਰੇ ਦੇਸ਼ਾਂ ਤੋਂ ਆਕਸੀਜਨ ਦੀ ਦਰਾਮਦ ਵੀ ਕੀਤੀ ਜਾ ਰਹੀ ਹੈ। ਸਟੀਲ ਕੰਪਨੀਆਂ ਨੂੰ ਨਾਈਟ੍ਰੋਜਨ ਟੈਂਕਰਾਂ ਨੂੰ ਆਕਸੀਜਨ ਟੈਂਕਰਾਂ ਵਿੱਚ ਤਬਦੀਲ ਕਰਨ ਲਈ ਕਿਹਾ ਗਿਆ।

ਉਦਯੋਗ ਜਗਤ ਤੋਂ ਲੈ ਕੇ ਦੂਸਰੇ ਦੇਸ਼ ਤੱਕ ਆਏ ਭਾਰਤ ਨਾਲ

551
ਪੀਐੱਸਏ (ਪ੍ਰੈਸ਼ਰ ਸਵਿੰਗ ਅਧਿਸੋਖਣ) ਮੈਡੀਕਲ ਆਕਸੀਜਨ ਉਤਪਾਦਨ ਪਲਾਂਟਸ ਦੀ ਸਥਾਪਨਾ ਕੀਤੀ ਜਾ ਰਹੀ ਹੈ ਪੀਐੱਮ ਕੇਅਰਸ ਫ਼ੰਡ ਦੇ ਜ਼ਰੀਏ।

33 ਪੀਐੱਸਏ ਪਲਾਂਟਸ ਦੀ ਸ਼ੁਰੂਆਤ ਹੋ ਚੁੱਕੀ ਹੈ, ਮਈ ਤੱਕ ਬਾਕੀ ਆਕਸੀਜਨ ਪਲਾਂਟ ਵੀ ਸ਼ੁਰੂ ਹੋਣਗੇ।

5700
ਮੀਟ੍ਰਿਕ ਟਨ/ਦਿਨ ਸੀ ਅਗਸਤ 2020 ਤੱਕ ਦੇਸ਼ ਵਿੱਚ ਲਿਕੁਇਡ ਮੈਡੀਕਲ ਆਕਸੀਜਨ ਦਾ ਉਤਪਾਦਨ।

- 7 ਅਪ੍ਰੈਲ, 2020 — ਮੈਡੀਕਲ ਆਕਸੀਜਨ ਦੇ ਉਤਪਾਦਨ ਲਈ 24 ਘੰਟਿਆਂ 'ਚ ਲਾਇਸੈਂਸ ਦਾ ਇੰਤਜ਼ਾਮ
- ਅਪ੍ਰੈਲ ਮਈ 2020 — 1,02,400 ਆਕਸੀਜਨ ਸਿਲੰਡਰ ਰਾਜਾਂ ਨੂੰ ਦਿੱਤੇ
- 20 ਸਤੰਬਰ, 2020 — ਲਿਕੁਇਡ ਮੈਡੀਕਲ ਆਕਸੀਜਨ ਦੀ ਕੀਮਤ ਨਿਰਧਾਰਿਤ ਕੀਤੀ
- 5 ਜਨਵਰੀ, 2021 — 162 PSA ਪਲਾਂਟ ਲਗਾਉਣ ਦੇ ਲਈ ਰੁਪਏ 201 ਕਰੋੜ ਰੁਪਏ ਰੱਖੇ
- 15 ਅਪ੍ਰੈਲ, 2021 — 50,000 MT ਆਕਸੀਜਨ ਲਈ ਗਲੋਬਲ ਟੈਂਡਰ ਦਿੱਤੇ
- 16 ਅਪ੍ਰੈਲ, 2021 — ਆਕਸੀਜਨ ਦੇ ਉਦਯੋਗਿਕ ਇਸਤੇਮਾਲ 'ਤੇ ਰੋਕ ਲਗਾਈ
- 21 ਅਪ੍ਰੈਲ, 2021 — 1,27,000 ਆਕਸੀਜਨ ਸਿਲੰਡਰਾਂ ਲਈ ਆਰਡਰ ਦਿੱਤੇ
- 21 ਅਪ੍ਰੈਲ, 2021 — ਗ੍ਰੀਨ ਕੈਰੀਡੋਰ ਬਣਾ ਕੇ 'Oxygen Express' ਦੀ ਸ਼ੁਰੂਆਤ ਕੀਤੀ
- ਹਰ ਜ਼ਿਲ੍ਹੇ 'ਚ ਆਕਸੀਜਨ ਪਲਾਂਟ ਲਗਾਏ ਜਾ ਰਹੇ ਹਨ

1,27,000
ਆਕਸੀਜਨ ਸਿਲੰਡਰ ਹੋਰ ਦਿੱਤੇ ਜਾ ਰਹੇ ਹਨ ਰਾਜਾਂ ਨੂੰ ਬੇਰੋਕ ਆਕਸੀਜਨ ਸਪਲਾਈ ਲਈ।

9250
ਮੀਟ੍ਰਿਕ ਟਨ/ਦਿਨ ਆਕਸੀਜਨ ਦਾ ਉਤਪਾਦਨ ਸ਼ੁਰੂ ਹੋ ਚੁੱਕਿਆ ਹੈ ਦੇਸ਼ ਵਿੱਚ ਅਪ੍ਰੈਲ 2021 'ਚ।

1,00,000
ਪੋਰਟੇਬਲ ਆਕਸੀਜਨ ਕੰਸਟ੍ਰੇਟਰ ਖ਼ਰੀਦ ਨੂੰ ਮਨਜ਼ੂਰੀ ਪੀਐੱਮ ਕੇਅਰਸ ਫ਼ੰਡ ਨਾਲ।

500
ਹੋਰ ਪੀਐੱਸਏ ਆਕਸੀਜਨ ਪਲਾਂਟਸ ਪੀਐੱਮ ਕੇਅਰਸ ਫ਼ੰਡ ਦੇ ਮਾਧਿਅਮ ਰਾਹੀਂ ਡੀਆਰਡੀਓ 3 ਮਹੀਨਿਆਂ 'ਚ ਸਥਾਪਿਤ ਕਰੇਗਾ।

ਫ਼ੌਜਾਂ ਨੇ ਜਗਾਇਆ ਭਰੋਸਾ

ਹਰੇਕ ਭਾਰਤੀ ਲਈ ਫ਼ੌਜ ਭਰੋਸੇ ਅਤੇ ਆਤਮਬਲ ਦਾ ਦੂਸਰਾ ਨਾਮ ਹੈ। ਸੰਕਟ ਦੀ ਘੜੀ ਸਮੇਂ ਬਚਾਉਣ ਲਈ ਵਾਯੂ ਸੈਨਾ ਆਪਣੇ ਹਵਾਈ ਜਹਾਜ਼ਾਂ ਰਾਹੀਂ ਆਕਸੀਜਨ ਦੇ ਖ਼ਾਲੀ ਟੈਂਕਰਾਂ ਨੂੰ ਉਤਪਾਦਨ ਪਲਾਂਟਸ ਤੱਕ ਪਹੁੰਚਾ ਰਹੀ ਹੈ।

ਜਲ ਸੈਨਾ ਵੀ ਆਕਸੀਜਨ ਟ੍ਰਾਂਸਪੋਰਟ ਕਰ ਰਹੀ ਹੈ। ਫ਼ੌਜ ਨੇ ਕਈ ਸ਼ਹਿਰਾਂ 'ਚ ਕੋਰੋਨਾ ਮਰੀਜ਼ਾਂ ਦੀ ਦੇਖਭਾਲ਼ ਲਈ ਕੋਵਿਡ ਕੇਅਰ ਸੈਂਟਰਾਂ ਦੀ ਸ਼ੁਰੂਆਤ ਕੀਤੀ। 2 ਸਾਲ 'ਚ ਰਿਟਾਇਰ ਹੋਏ ਮੈਡੀਕਲ ਸਟਾਫ਼ ਨੂੰ ਫਿਰ ਸੇਵਾ 'ਤੇ ਸੱਦਿਆ ਗਿਆ।

ਰੇਮਡੇਸਿਵਿਰ ਦੇ ਨਿਰਯਾਤ ਉੱਤੇ ਰੋਕ

- ਰੇਮਡੇਸਿਵਿਰ ਇੰਜੈਕਸ਼ਨ ਦੀ ਮੰਗ ਅਨੁਸਾਰ ਉਪਲਬਧਤਾ ਯਕੀਨੀ ਬਣਾਉਣ ਲਈ ਉਤਪਾਦਨ ਵਧਾਉਣ 'ਤੇ ਜ਼ੋਰ ਦਿੱਤਾ। ਇਸ ਦੇ ਨਿਰਯਾਤ ਉੱਤੇ ਰੋਕ ਲਗਾਈ ਗਈ। ਕੀਮਤਾਂ ਤੈਅ ਕੀਤੀਆਂ ਗਈਆਂ, ਤਾਂ ਜੋ ਇਸ ਦੀ ਕਾਲਾਬਜ਼ਾਰੀ ਨਾ ਹੋ ਸਕੇ।
- ਜਨਵਰੀ-ਫ਼ਰਵਰੀ ਤੱਕ ਦੇਸ਼ 'ਚ 27-29 ਲੱਖ ਪ੍ਰਤੀ ਮਹੀਨਾ ਡੋਜ਼ ਦਾ ਉਤਪਾਦਨ ਹੋ ਰਿਹਾ ਸੀ, ਮਈ ਤੱਕ ਇਹ 74.10 ਲੱਖ ਪ੍ਰਤੀ ਮਹੀਨਾ ਪੁੱਜ ਜਾਵੇਗਾ। ਮਹਾਰਾਸ਼ਟਰ, ਕੇਰਲ, ਮੱਧ ਪ੍ਰਦੇਸ਼ ਤੇ ਦਿੱਲੀ ਸਮੇਤ 12 ਸਭ ਤੋਂ ਵੱਧ ਪ੍ਰਭਾਵਿਤ ਰਾਜਾਂ 'ਚ ਵਾਜਬ ਸਪਲਾਈ ਦੇ ਨਿਰਦੇਸ਼।

ਰੇਲਵੇ ਨੇ ਕਸੀ ਕਮਰ

- ਰਾਜਾਂ 'ਚ ਆਕਸੀਜਨ ਦੀ ਵਾਜਬ ਸਪਲਾਈ ਲਈ ਰੇਲਵੇ ਨੇ ਵਿਸ਼ੇਸ਼ ਟ੍ਰੇਨ ਆਕਸੀਜਨ ਐੱਕਸਪ੍ਰੈੱਸ ਦੀ ਸ਼ੁਰੂਆਤ ਕੀਤੀ।
- 4 ਹਜ਼ਾਰ ਰੇਲਵੇ ਕੋਚਾਂ 'ਚ ਆਕਸੀਜਨ ਉਪਲਬਧਤਾ ਨਾਲ 64,000 ਬੈੱਡ ਉਪਲਬਧ ਕਰਵਾਏ ਗਏ। ਰਾਜਾਂ ਦੀ ਮੰਗ ਅਨੁਸਾਰ ਇਨ੍ਹਾਂ ਨੂੰ ਭੇਜਿਆ ਜਾ ਰਿਹਾ ਹੈ।
- 26 ਅਪ੍ਰੈਲ ਨੂੰ ਪਹਿਲੀ ਆਕਸੀਜਨ ਐਕਸਪ੍ਰੈੱਸ ਮੁੰਬਈ ਪੁੱਜੀ। ਮਹਾਰਾਸ਼ਟਰ ਤੇ ਉੱਤਰ ਪ੍ਰਦੇਸ਼ ਸਮੇਤ 12 ਸਭ ਤੋਂ ਵੱਧ ਪ੍ਰਭਾਵਿਤ ਰਾਜਾਂ ਨੂੰ ਆਕਸੀਜਨ ਸਪਲਾਈ ਦੀ ਸ਼ੁਰੂਆਤ ਕੀਤੀ ਗਈ।

- **ਜਨਭਾਗੀਦਾਰੀ ਦੀ ਸ਼ੁਰੂਆਤ:** ਪ੍ਰਧਾਨ ਮੰਤਰੀ ਨੇ ਸਾਰੇ ਰਾਜਾਂ ਦੇ ਰਾਜਪਾਲਾਂ ਨਾਲ ਬੈਠਕ ਕਰਕੇ ਵੈਂਟੀਲੇਟਰ, ਜਾਂਚ ਕਿੱਟ ਸਮੇਤ ਕੋਵਿਡ ਪ੍ਰੋਟੋਕੋਲ ਪੱਖੀ ਜ਼ਰੂਰੀ ਸੰਸਾਧਨਾਂ ਦੀ ਸਮੀਖਿਆ ਕੀਤੀ। ਕੋਵਿਡ ਖ਼ਿਲਾਫ਼ ਲੜਾਈ 'ਚ ਜਨਭਾਗੀਦਾਰੀ ਦੀ ਅਪੀਲ ਕੀਤੀ ਗਈ। 20 ਅਪ੍ਰੈਲ ਨੂੰ ਜਨਤਾ ਨਾਲ ਸੰਵਾਦ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲੋਕਾਂ ਨੂੰ ਕੋਰੋਨਾ ਖ਼ਿਲਾਫ਼ ਦੂਸਰੀ ਲੜਾਈ ਵਿੱਚ ਦੇਸ਼ ਦੀਆਂ ਤਿਆਰੀਆਂ ਦਾ ਜ਼ਿਕਰ ਕਰਦੇ ਹੋਏ ਲੋਕਾਂ ਨੂੰ ਡਟ ਕੇ ਮੁਕਾਬਲਾ ਕਰਨ ਦਾ ਸੱਦਾ ਦਿੱਤਾ।

- **ਛੋਟੇ ਸ਼ਹਿਰਾਂ ਵੱਲ ਧਿਆਨ:** ਛੋਟੇ ਤੇ ਦਰਮਿਆਨੇ ਵਰਗ ਦੇ ਸ਼ਹਿਰਾਂ 'ਚ ਮਰੀਜ਼ਾਂ ਦੇ ਵਧਦੇ ਹੋਏ ਅੰਕੜਿਆਂ ਨੂੰ ਦੇਖਦੇ ਹੋਏ ਇਨ੍ਹਾਂ ਉੱਤੇ ਵਿਸ਼ੇਸ਼ ਧਿਆਨ ਦੇਣ ਉੱਤੇ ਜ਼ੋਰ ਦਿੱਤਾ ਗਿਆ। ਮਰੀਜ਼ਾਂ ਨੂੰ ਘਰ ਤੋਂ ਹੀ ਔਨਲਾਈਨ ਸਲਾਹ ਦੀ ਸੁਵਿਧਾ ਵੀ ਦਿੱਤੀ ਗਈ ਹੈ। ਆਈਸੀਐੱਮਆਰ ਅਤੇ ਸਿਹਤ ਮੰਤਰਾਲੇ ਨੇ ਜਾਰੀ ਕੀਤੀਆਂ ਗਾਈਡਲਾਈਨਸ ਦੇ ਤਹਿਤ ਰਾਜਾਂ ਨੂੰ ਹੋਮ ਆਈਸੋਲੇਸ਼ਨ 'ਚ ਵੀ ਮਰੀਜ਼ਾਂ ਦੀ ਨਿਰੰਤਰ ਨਿਗਰਾਨੀ ਲਈ ਕਿਹਾ ਹੈ।

02

ਨੰਬਰ 'ਤੇ ਹੈ ਭਾਰਤ ਦੁਨੀਆ ਵਿੱਚ ਪੀਪੀਈ ਕਿੱਟ ਦੇ ਉਤਪਾਦਨ ਦੇ ਮਾਮਲੇ 'ਚ। ਕੋਰੋਨਾ ਦੇ ਸ਼ੁਰੂਆਤੀ ਦੌਰ 'ਚ ਭਾਰਤ ਵਿੱਚ ਇਸ ਦਾ ਉਤਪਾਦਨ ਨਾ ਦੇ ਬਰਾਬਰ ਹੀ ਹੁੰਦਾ ਸੀ।

12000

ਵੈਂਟੀਲੇਟਰ ਬੈੱਡ ਮੌਜੂਦ ਸਨ ਕੋਰੋਨਾ ਕਾਲ ਦੇ ਸ਼ੁਰੂਆਤੀ ਦੌਰ 'ਚ ਦੇਸ਼ ਵਿੱਚ। ਅੱਜ ਇਨ੍ਹਾਂ ਦੀ ਗਿਣਤੀ 78,000 ਤੋਂ ਵੱਧ ਹੈ। ਭਾਰਤ ਵੈਂਟੀਲੇਟਰਾਂ ਦੇ ਸਭ ਤੋਂ ਵੱਡੇ ਉਤਪਾਦਕਾਂ 'ਚੋਂ ਇੱਕ ਹੈ।

ਵੈਕਸੀਨ
ਹੀ ਇੱਕੋ-ਇੱਕ ਇਲਾਜ

ਅਮਰੀਕਾ ਦੇ ਚੋਟੀ ਦੇ ਮਾਹਿਰ ਡਾ. ਐਨਥੋਨੀ ਫ਼ਾਉਚੀ ਅਨੁਸਾਰ ਭਾਰਤ ਦੀ ਕੋਵੈਕਸਿਨ ਕੋਵਿਡ ਦੇ ਕਈ ਵੇਰੀਐਂਟਸ ਨੂੰ ਬੇਅਸਰ ਕਰਨ ਦੇ ਸਮਰੱਥ ਹੈ। ਫ਼ਾਉਚੀ ਅਨੁਸਾਰ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਟੀਕਾਕਰਣ ਹੀ ਸਭ ਤੋਂ ਅਹਿਮ ਹਥਿਆਰ ਸਿੱਧ ਹੋਇਆ ਹੈ।

20 ਅਪ੍ਰੈਲ ਤੱਕ ਟੀਕਾਕਰਣ ਦੇ ਅੰਕੜਿਆਂ ਅਨੁਸਾਰ ਕੋਵੈਕਸਿਨ ਦੀ ਪਹਿਲੀ ਡੋਜ਼ ਲੈਣ ਤੋਂ ਬਾਅਦ 93,56,436 ਵਿੱਚੋਂ 4208 ਕੋਰੋਨਾ ਵਾਇਰਸ ਦੇ ਸ਼ਿਕਾਰ। ਭਾਵ ਸਿਰਫ਼ 0.04%.

ਕੋਵੀਸ਼ੀਲਡ ਦੀ ਪਹਿਲੀ ਡੋਜ਼ ਲੈਣ ਤੋਂ ਬਾਅਦ 10,03,02,745 ਵਿੱਚੋਂ 17145 ਲੋਕ ਸੰਕ੍ਰਮਣ ਦਾ ਸ਼ਿਕਾਰ ਹੋਏ ਹਨ। ਯਾਨੀ ਸਿਰਫ਼ 0.02%. ਦੂਸਰੀ ਡੋਜ਼ ਲੈਣ ਵਾਲੇ 1,57,32,754 ਲੋਕਾਂ ਵਿੱਚੋਂ ਸਿਰਫ਼ 5014 ਲੋਕ ਹੀ ਕੋਰੋਨਾ ਸੰਕ੍ਰਮਣ ਦੇ ਸ਼ਿਕਾਰ ਹੋਏ ਹਨ। ਯਾਨੀ ਸਿਰਫ਼ 0.03%.

ਕੋਵੈਕਸਿਨ

17,37,178

ਲੋਕ ਜਿਨ੍ਹਾਂ ਨੇ ਦੋਵੇਂ ਡੋਜ਼ ਲਈਆਂ। ਉਨ੍ਹਾਂ ਵਿੱਚੋਂ ਸਿਰਫ਼ 695 ਲੋਕ ਹੀ ਸੰਕ੍ਰਮਣ ਦੇ ਸ਼ਿਕਾਰ ਹੋਏ ਹਨ।

ਹਸਪਤਾਲਾਂ 'ਚ 40 ਗੁਣਾ ਤੱਕ ਵਧਾਏ ਗਏ ਆਈਸੋਲੇਸ਼ਨ ਅਤੇ ਆਈਸੀਯੂ ਬੈੱਡ



1.11%

ਹੈ ਭਾਰਤ 'ਚ ਕੋਰੋਨਾ ਨਾਲ ਮੌਤ ਦਰ, ਦੂਸਰੀ ਲਹਿਰ 'ਚ ਤੇਜ਼ ਗਤੀ ਨਾਲ ਕੇਸ ਸਾਹਮਣੇ ਆਉਣ ਦੇ ਬਾਵਜੂਦ ਇਹ ਦੁਨੀਆ 'ਚ ਸਭ ਤੋਂ ਘੱਟ।

(*21 ਅਪ੍ਰੈਲ, 2021 ਤੱਕ)

ਮਰੀਜ਼ ਵਧੇ ਪਰ ਠੀਕ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ 'ਚ ਵੀ ਲਗਾਤਾਰ ਵਾਧਾ



2400

ਤੋਂ ਵੱਧ ਟੈਸਟਿੰਗ ਲੈਬ 'ਚ ਰੋਜ਼ਾਨਾ 15 ਲੱਖ ਤੋਂ ਵੱਧ ਟੈਸਟ ਹੋ ਰਹੇ ਹਨ ਹੁਣ। 30 ਜਨਵਰੀ, 2020 ਨੂੰ ਪਹਿਲੇ ਕੇਸ ਵੇਲੇ ਸਿਰਫ਼ 1 ਲੈਬ ਸੀ।

ਸਭ ਤੋਂ ਸਸਤੀ ਵੈਕਸੀਨ ਨਾਲ ਦੁਨੀਆ ਦੀ ਸਭ ਤੋਂ ਵੱਡੀ ਟੀਕਾਕਰਣ ਮੁਹਿੰਮ...



- ਕੋਵਿਡ–19 ਤੋਂ ਬਚਾਅ ਲਈ ਭਾਰਤ ਇਸ ਸਮੇਂ ਦੁਨੀਆ ਦੀ ਸਭ ਤੋਂ ਵੱਡੀ ਟੀਕਾਕਰਣ ਮੁਹਿੰਮ ਚਲਾ ਰਿਹਾ ਹੈ। 21 ਅਪ੍ਰੈਲ, 2021 ਤੱਕ ਭਾਰਤ 'ਚ ਸਿਰਫ਼ 95 ਦਿਨਾਂ ਵਿੱਚ 13 ਕਰੋੜ ਤੋਂ ਵੱਧ ਲੋਕਾਂ ਦਾ ਟੀਕਾਕਰਣ ਕੀਤਾ ਗਿਆ। ਸੰਯੁਕਤ ਰਾਜ ਅਮਰੀਕਾ (USA) ਨੇ ਇਹ ਅੰਕੜਾ 101 ਦਿਨਾਂ ਵਿੱਚ ਪੂਰਾ ਕੀਤਾ ਸੀ, ਜਦਕਿ ਚੀਨ ਨੇ ਇਹ 109 ਦਿਨਾਂ ਵਿੱਚ ਪੂਰਾ ਕੀਤਾ ਸੀ। 25 ਅਪ੍ਰੈਲ ਤੱਕ 14 ਕਰੋੜ ਲੋਕਾਂ ਨੂੰ ਟੀਕਾ ਦਿੱਤਾ ਗਿਆ ਹੈ।
- 16 ਜਨਵਰੀ ਨੂੰ ਹੈਲਥਕੇਅਰ ਵਰਕਰਸ ਨੂੰ ਟੀਕਾ ਲਗਾਉਣ ਦੇ ਨਾਲ ਕੋਰੋਨਾ ਟੀਕਾਕਰਣ ਦੀ ਸ਼ੁਰੂਆਤ ਹੋਈ ਸੀ। 2 ਫ਼ਰਵਰੀ ਤੋਂ ਫਰੰਟਲਾਈਨ ਵਰਕਰਸ, 1 ਮਾਰਚ ਤੋਂ 60 ਸਾਲ ਤੋਂ ਉੱਪਰ ਦੇ ਅਤੇ 1 ਅਪ੍ਰੈਲ ਤੋਂ 45–59 ਸਾਲ ਦੇ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ ਨੂੰ ਵੈਕਸੀਨ ਦਿੱਤੀ ਗਈ।

18 ਸਾਲ ਤੋਂ ਵੱਧ ਉਮਰ ਦੇ ਸਾਰੇ ਵਿਅਕਤੀਆਂ ਦਾ ਟੀਕਾਕਰਣ ਸ਼ੁਰੂ। ਇਸ ਵੇਲੇ ਦੇਸ਼ 'ਚ ਟੀਕਾਕਰਣ ਦੇ ਤੀਸਰੇ ਗੇੜ ਦੀ ਸ਼ੁਰੂਆਤ 1 ਮਈ ਤੋਂ ਕੀਤੀ ਗਈ ਹੈ।

ਦੂਸਰੀ ਲਹਿਰ ਭਾਰੂ ਪਈ ਤੇ ਸਰਕਾਰ ਨੇ 1 ਅਪ੍ਰੈਲ ਤੋਂ 45 ਸਾਲ ਤੋਂ ਉੱਪਰ ਦੇ ਲੋਕਾਂ ਨੂੰ ਵੈਕਸੀਨੇਸ਼ਨ 'ਚ ਸ਼ਾਮਲ ਕਰ ਲਿਆ।

12 ਅਪ੍ਰੈਲ ਤੋਂ ਕਾਰਜ-ਸਥਾਨਾਂ 'ਤੇ ਵੀ 45 ਸਾਲ ਤੋਂ ਵੱਧ ਦੇ ਸਾਰੇ ਲੋਕਾਂ ਦੇ ਟੀਕਾਕਰਣ ਦੀ ਸ਼ੁਰੂਆਤ ਕੀਤੀ ਗਈ ਹੈ।

- ਟੀਕਾਕਰਣ ਮੁਹਿੰਮ ਹੋਰ ਤੇਜ਼ ਕਰਨ ਲਈ ਸਵਦੇਸ਼ੀ ਕੋਵੈਕਸਿਨ ਤੇ ਕੋਵੀਸ਼ੀਲਡ ਨਾਲ ਰੂਸ ਦੀ ਸਪੂਤਨਿਕ-V ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ।
- ਜੁਲਾਈ 2021 ਤੱਕ 30 ਕਰੋੜ ਲੋਕਾਂ ਨੂੰ ਟੀਕਾ ਲਗੇਗਾ। 30 ਕਰੋੜ ਦੀ ਆਬਾਦੀ ਤੋਂ ਵੱਧ ਦੇ ਦੁਨੀਆ ਦੇ 3 ਹੀ ਦੇਸ਼ ਹਨ – ਭਾਰਤ, ਚੀਨ ਤੇ ਅਮਰੀਕਾ।

ਕੋਰੋਨਾ ਵਾਰੀਅਰਸ ਨੂੰ ਸਨਮਾਨ

ਕੋਵਿਡ ਪ੍ਰਬੰਧਨ 'ਚ ਲਗੇ ਮੈਡੀਕਲ ਕਰਮੀਆਂ ਨੂੰ ਪੀਐੱਮ ਕੋਵਿਡ ਰਾਸ਼ਟਰੀ ਸੇਵਾ ਸਨਮਾਨ ਦੇਣ ਦਾ ਐਲਾਨ। 100 ਦਿਨ ਕੋਵਿਡ ਪ੍ਰਬੰਧਨ 'ਚ ਡਿਊਟੀ ਕਰਨ ਵਾਲੇ ਪ੍ਰੋਫ਼ੈਸ਼ਨਲਸ ਨੂੰ ਸਰਕਾਰੀ ਨੌਕਰੀ ਵਿੱਚ ਤਰਜੀਹ ਦਿੱਤੀ ਜਾਵੇਗੀ।

16.16 ਕਰੋੜ ਵੈਕਸੀਨ ਹਾਲੇ ਤੱਕ ਰਾਜਾਂ ਨੂੰ ਕੇਂਦਰ ਦੀ ਤਰਫ਼ੋਂ ਮੁਫ਼ਤ ਦਿੱਤੀਆਂ ਜਾ ਚੁੱਕੀਆਂ ਹਨ

15.22 ਕਰੋੜ ਵੈਕਸੀਨ ਡੋਜ਼ ਦਿੱਤੇ ਜਾ ਚੁੱਕੇ ਹਨ 30 ਅਪ੍ਰੈਲ ਤੱਕ ਦੇਸ਼ 'ਚ ਦੋਵੇਂ ਡੋਜ਼ ਮਿਲਾ ਕੇ

ਪਹਿਲਾਂ ਅਸੀਂ ਦਿੱਤਾ ਸਾਥ, ਹੁਣ ਦੁਨੀਆ ਦੇ ਰਹੀ ਮਦਦ

- ਕੋਵਿਡ ਕਾਲ ਦੇ ਸ਼ੁਰੂਆਤੀ ਦਿਨਾਂ 'ਚ ਭਾਰਤ ਨੇ ਅਮਰੀਕਾ, ਜਰਮਨੀ, ਰੂਸ, ਜਪਾਨ, ਕੈਨੇਡਾ ਸਮੇਤ ਦੁਨੀਆ ਦੇ ਦੂਜੇ ਦੇਸ਼ਾਂ ਨੂੰ ਹਾਈਡ੍ਰੋਕਸੀਕਲੋਰੋਕੁਈਨ ਸਮੇਤ ਹੋਰ ਦਵਾਈਆਂ ਤੇ ਜ਼ਰੂਰੀ ਉਤਪਾਦ ਭੇਜ ਕੇ ਮਦਦ ਕੀਤੀ। ਇਹੋ ਨਹੀਂ, ਵੈਕਸੀਨ ਮੈਤ੍ਰੀ ਦੇ ਜ਼ਰੀਏ 80 ਤੋਂ ਵੱਧ ਦੇਸ਼ਾਂ ਨੂੰ ਕੋਵੈਕਸਿਨ ਤੇ ਕੋਵੀਸ਼ੀਲਡ ਭੇਜੀ ਗਈ।
- ਭਾਰਤ ਦੀ ਇਸ ਮਦਦ ਉੱਤੇ ਵਿਸ਼ਵ ਸਿਹਤ ਸੰਗਠਨ ਨੇ ਦੂਜੇ ਦੇਸ਼ਾਂ ਨੂੰ ਭਾਰਤ ਤੋਂ ਸਿੱਖਣ ਦੀ ਪ੍ਰੇਰਣਾ ਲੈਣ ਲਈ ਕਿਹਾ, ਤਾਂ ਅਮਰੀਕਾ ਤੱਕ ਨੇ ਸ਼ੁਕਰੀਆ ਅਦਾ ਕੀਤਾ। ਤਦ ਸੰਕਟ 'ਚ ਫਸੇ ਬ੍ਰਾਜ਼ੀਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਹਨੂਮਾਨ ਦੱਸਦਿਆਂ ਸ਼ੁਕਰੀਆ ਕਿਹਾ।
- ਕੋਰੋਨਾ ਵਾਇਰਸ ਦੀ ਦੂਸਰੀ ਲਹਿਰ ਦੌਰਾਨ ਜਦੋਂ ਭਾਰਤ 'ਚ ਸੰਕਟ ਆਇਆ, ਤਾਂ ਪੂਰੀ ਦੁਨੀਆ ਦੇ ਦੇਸ਼ ਭਾਰਤ ਦੀ ਮਦਦ ਲਈ ਤਿਆਰ ਖੜ੍ਹੇ ਹੋਏ ਹਨ। ਭੂਟਾਨ ਤੋਂ ਲੈ ਕੇ ਅਮਰੀਕਾ ਤੇ ਸਾਊਦੀ ਅਰਬ ਤੋਂ ਲੈ ਕੇ ਜਪਾਨ ਤੇ ਬ੍ਰਾਜ਼ੀਲ ਸਮੇਤ 40 ਦੇਸ਼ ਭਾਰਤ ਨਾਲ ਖੜ੍ਹੇ ਹਨ।
- ਅਮਰੀਕਾ ਨੇ ਸਾਨੂੰ ਆਕਸੀਜਨ ਸਿਲੰਡਰ ਸਮੇਤ ਰੈਗੂਲੇਟਰ ਅਤੇ ਐੱਨ–95 ਮਾਸਕ ਭੇਜੇ ਹਨ। ਇਸ ਤੋਂ ਇਲਾਵਾ ਦਵਾਈਆਂ ਤੇ ਵੈਕਸੀਨ ਲਈ ਜ਼ਰੂਰੀ ਕੱਚਾ ਮਾਲ ਵੀ ਭਾਰਤ ਭੇਜਿਆ ਜਾ ਰਿਹਾ ਹੈ।
- ਬ੍ਰਿਟੇਨ ਨੇ ਰਾਹਤ ਤੇ ਮੈਡੀਕਲ ਸਪਲਾਈ ਦੀਆਂ 9 ਖੇਪਾਂ ਭਾਰਤ ਭੇਜੀਆਂ ਹਨ। ਜਰਮਨੀ ਭਾਰਤ ਨੂੰ ਮੋਬਾਈਲ ਆਕਸੀਜਨ ਪਲਾਂਟ, ਮਾਸਕ ਤੇ ਦੂਸਰੀ ਮੈਡੀਕਲ ਸਹਾਇਤਾ ਮੁਹੱਈਆ ਕਰਵਾ ਰਿਹਾ ਹੈ।
- ਸਾਊਦੀ ਅਰਬ ਅਤੇ ਕੁਵੈਤ ਨੇ ਭਾਰਤ ਨੂੰ ਆਕਸੀਜਨ ਸਪਲਾਈ ਕੀਤੀ ਹੈ। ਆਸਟ੍ਰੇਲੀਆ ਵੈਂਟੀਲੇਟਰ, ਗਲੱਵਸ, ਮਾਸਕ ਅਤੇ ਦਵਾਈਆਂ ਸਮੇਤ ਜ਼ਰੂਰੀ ਮੈਡੀਕਲ ਉਪਕਰਣ ਭਾਰਤ ਨੂੰ ਮੁਹੱਈਆ ਕਰਵਾ ਰਿਹਾ ਹੈ। ਸਿੰਗਾਪੁਰ ਤੇ ਥਾਈਲੈਂਡ ਨੇ ਭਾਰਤ ਨੂੰ ਆਕਸੀਜਨ ਟੈਂਕਰ ਭੇਜੇ ਹਨ।

ਪਹਿਲਾਂ ਵੀ ਜਿੱਤੇ...

ਕੋਵਿਡ ਦੇ ਸ਼ੁਰੂਆਤੀ ਫ਼ੇਜ਼ 'ਚ ਤੇਜ਼ ਗਤੀ ਨਾਲ ਲਏ ਫ਼ੈਸਲੇ

ਪਹਿਲੀ ਲਹਿਰ ਤੋਂ ਦੂਸਰੀ ਲਹਿਰ ਤੱਕ ਕੇਂਦਰ ਸਰਕਾਰ ਨੇ ਦੇਸ਼ ਦੇ ਸਿਹਤ ਢਾਂਚੇ ਨੂੰ ਬਿਹਤਰ ਬਣਾਉਣ ਦੇ ਨਾਲ ਹੀ ਕੋਰੋਨਾ ਨਾਲ ਜੁੜੇ ਹਰ ਮਾਮਲੇ ਦਾ ਬਾਰੀਕੀ ਨਾਲ ਅਧਿਐਨ ਕੀਤਾ ਹੈ। ਕੇਂਦਰੀ ਸਿਹਤ ਮੰਤਰਾਲੇ ਨਾਲ ਇੰਡੀਅਨ ਕੌਂਸਲ ਫ਼ਾਰ ਮੈਡੀਕਲ ਰਿਸਰਚ, ਏਮਸ ਤੇ ਮੈਡੀਕਲ ਮਾਹਿਰਾਂ ਦੀ ਟੀਮ ਦਿਨ-ਰਾਤ ਇਸ ਕੰਮ ਵਿੱਚ ਜੁਟੀ ਰਹਿੰਦੀ ਹੈ। ਇਸੇ ਹਿਸਾਬ ਨਾਲ ਸਮੇਂ-ਸਮੇਂ 'ਤੇ ਆਮ ਲੋਕਾਂ ਨਾਲ ਹਸਪਤਾਲਾਂ ਲਈ ਗਾਈਡਲਾਈਨਸ ਜਾਰੀ ਕੀਤੀਆਂ ਜਾਂਦੀਆਂ ਹਨ। ਆਕਸੀਜਨ, ਦਵਾਈ ਤੇ ਵੈਕਸੀਨ ਸਪਲਾਈ ਨਾਲ ਟੀਕਾਕਰਣ ਦੇ ਹਰ ਪਲ ਦੇ ਅੱਪਡੇਟ ਪ੍ਰਧਾਨ ਮੰਤਰੀ ਤੱਕ ਪਹੁੰਚਾਏ ਜਾਂਦੇ ਹਨ। ਕੋਰੋਨਾ ਦੀ ਪਹਿਲੀ ਲਹਿਰ 'ਚ ਭਾਰਤ ਜਿਸ ਤਰ੍ਹਾਂ ਜਿੱਤਿਆ, ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਤੋਂ ਲੈ ਕੇ ਦੁਨੀਆ ਦੀਆਂ ਸਾਰੀਆਂ ਏਜੰਸੀਆਂ ਨੇ ਵੀ ਸ਼ਲਾਘਾ ਕੀਤੀ। ਹੁਣ ਸਮਾਂ ਦੂਸਰੀ ਲਹਿਰ ਨੂੰ ਆਪਣੇ ਹੌਸਲੇ ਨਾਲ ਸਾਵਧਾਨੀ ਤੇ ਵੈਕਸੀਨ ਰਾਹੀਂ ਘੱਟ ਸਿੱਧ ਕਰਨ ਦਾ ਹੈ। ਜਾਣਦੇ ਹੋ, ਕੋਰੋਨਾ ਵਾਇਰਸ ਦੀ ਪਹਿਲੀ ਲਹਿਰ 'ਚ ਅਸੀਂ ਕਿਵੇਂ ਹੈਲਥ ਇਨਫ੍ਰਾਸਟ੍ਰਕਚਰ 'ਚ ਸੁਧਾਰ ਨਾਲ ਤਿਆਰੀਆਂ ਨੂੰ ਅੰਜਾਮ ਦਿੱਤਾ...

- ਸਰਕਾਰ ਅਤੇ ਸੰਸਥਾਗਤ ਪੱਧਰ ਉੱਤੇ ਸਭ ਤੋਂ ਤੇਜ਼ ਪ੍ਰਤੀਕਰਮ ਦੇਣ ਵਾਲਿਆਂ 'ਚ ਭਾਰਤ ਸਭ ਤੋਂ ਅੱਗੇ ਸੀ। ਚੀਨ ਨੇ ਵੁਹਾਨ ਵਾਇਰਸ ਬਾਰੇ 7 ਜਨਵਰੀ, 2020 ਨੂੰ ਦੁਨੀਆ ਨੂੰ ਜਾਣਕਾਰੀ ਦਿੱਤੀ। ਭਾਰਤ ਨੇ ਇਸ ਤੋਂ ਠੀਕ ਅਗਲੇ ਦਿਨ ਭਾਵ 8 ਜਨਵਰੀ ਨੂੰ ਹੀ ਇੱਕ ਮਿਸ਼ਨ ਮੀਟਿੰਗ ਕੀਤੀ।

- ਭਾਰਤ ਨੇ 17 ਜਨਵਰੀ ਤੋਂ ਹੀ ਯਾਤਰੀਆਂ ਦੀ ਸਕ੍ਰੀਨਿੰਗ ਕਰਨੀ ਸ਼ੁਰੂ ਕਰ ਦਿੱਤੀ ਸੀ। ਜਿਹੜੇ ਦੇਸ਼ਾਂ ਨੇ ਅਜਿਹਾ ਕਰਨਾ ਸ਼ੁਰੂ ਕੀਤਾ, ਉਨ੍ਹਾਂ ਵਿੱਚ ਭਾਰਤ ਸ਼ਾਮਲ ਸੀ।

- ਭਾਰਤ 'ਚ ਕੋਰੋਨਾ ਦਾ ਪਹਿਲਾ ਮਾਮਲਾ 30 ਜਨਵਰੀ ਨੂੰ ਆਇਆ ਸੀ ਅਤੇ ਤੁਰੰਤ ਹੀ ਜੰਗੀ ਪੱਧਰ ਉੱਤੇ ਕੰਟੇਨਮੈਂਟ–ਸਕ੍ਰੀਨਿੰਗ ਦੇ ਉਪਾਅ ਕੀਤੇ ਗਏ।

- ਉਹ ਮਾਰਚ ਦਾ ਪਹਿਲਾ ਹਫ਼ਤਾ ਸੀ, ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਇਹ ਦੱਸਿਆ ਕਿ ਮਾਹਿਰਾਂ ਮੁਤਾਬਕ ਭੀੜ–ਭੜੱਕੇ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਲਈ ਉਨ੍ਹਾਂ ਜਾਣਕਾਰੀ ਦਿੱਤੀ ਕਿ ਉਹ ਕਿਸੇ ਹੋਲੀ

ਵਿਸ਼ਵ ਸਿਹਤ ਸੰਗਠਨ ਨੇ ਵੀ ਅਪਣਾਇਆ ਭਾਰਤ ਦਾ ਮਾਡਲ

ਆਰਟੀ ਪੀਸੀਆਰ ਨਾਲ ਰੈਪਿਡ ਐਂਟੀਜਨ ਟੈਸਟ ਸ਼ੁਰੂ ਕਰਨ ਵਾਲੇ ਦੇਸ਼ਾਂ 'ਚ ਭਾਰਤ ਵੀ ਸ਼ਾਮਲ ਸੀ। ਸ਼ੁਰੂ 'ਚ ਤਾਂ ਇਸ ਰਣਨੀਤੀ ਲਈ ਭਾਰਤ ਦੀ ਆਲੋਚਨਾ ਕੀਤੀ ਗਈ ਪਰ ਬਾਅਦ 'ਚ ਵਿਸ਼ਵ ਸਿਹਤ ਸੰਗਠਨ ਨੇ ਖ਼ੁਦ ਵੀ ਇਹ ਮਾਡਲ ਅਪਣਾਇਆ।

ਮਿਲਣ ਸਮਾਰੋਹ 'ਚ ਸ਼ਾਮਲ ਨਹੀਂ ਹੋਣਗੇ। ਇਸ ਮਹਾਮਾਰੀ ਦੀ ਸ਼ੁਰੂਆਤ 'ਚ ਇਹ ਵਿਸ਼ਵ ਦੀਆਂ ਚੋਣਵੀਆਂ ਉਦਾਹਰਣਾਂ ਵਿੱਚੋਂ ਇੱਕ ਹੈ। ਉਸ ਸਮੇਂ ਭਾਰਤ 'ਚ ਕੋਰੋਨਾ ਦੇ 50 ਮਾਮਲੇ ਵੀ ਨਹੀਂ ਸਨ।

- ਭਾਰਤ ਦੇ ਜ਼ਿਆਦਾਤਰ ਹਿੱਸਿਆਂ 'ਚ ਅਪ੍ਰੈਲ ਮਹੀਨੇ ਤੋਂ ਹੀ ਮਾਸਕ ਲਗਾਉਣਾ ਲਾਜ਼ਮੀ ਕਰ ਦਿੱਤਾ ਗਿਆ ਸੀ। ਜਦਕਿ ਵਿਸ਼ਵ ਸਿਹਤ ਸੰਗਠਨ ਨੇ ਵਿਸ਼ਵ ਪੱਧਰ ਉੱਤੇ ਅਜਿਹਾ ਕਰਨ ਲਈ ਜੂਨ ਤੱਕ ਉਡੀਕ ਕੀਤੀ।
- ਪ੍ਰਧਾਨ ਮੰਤਰੀ ਮੋਦੀ ਨੇ 24 ਮਾਰਚ ਨੂੰ ਦੇਸ਼–ਪੱਧਰੀ ਲੌਕਡਾਊਨ ਦਾ ਐਲਾਨ ਕੀਤਾ। ਇਸੇ ਸੰਬੋਧਨ 'ਚ ਉਨ੍ਹਾਂ ਸਥਿਤੀ ਦੀ ਗੰਭੀਰਤਾ ਤੋਂ ਜਾਣੂ ਕਰਵਾਉਣ ਲਈ 'ਜਾਨ ਹੈ, ਤੋ ਜਹਾਨ ਹੈ' ਦਾ ਸੰਦੇਸ਼ ਦਿੱਤਾ। ਤਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਰਾਸ਼ਟਰੀ ਲੌਕਡਾਊਨ ਦਾ ਫ਼ੈਸਲਾ ਲਿਆ, ਜੋ ਉਸ ਸਮੇਂ ਤੱਕ ਕਿਸੇ ਹੋਰ ਦੇਸ਼ ਨੇ ਨਹੀਂ ਲਿਆ ਸੀ।
- ਲੌਕਡਾਊਨ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਦੀਵੇ ਬਾਲਣ ਤੇ ਇੱਕ–ਦੂਸਰੇ ਪ੍ਰਤੀ ਇਕਜੁੱਟਤਾ ਦਿਖਾਉਣ ਦਾ ਸੱਦਾ ਦਿੱਤਾ। ਇਸ ਨਾਲ ਪੂਰੇ ਦੇਸ਼ 'ਚ ਸਕਾਰਾਤਮਕ ਮਾਹੌਲ ਤਿਆਰ ਹੋਇਆ। ਲੌਕਡਾਊਨ ਦੇ ਵੇਲੇ ਦੀ ਵਰਤੋਂ ਕਰਕੇ ਸਰਕਾਰ ਨੇ ਹੈਲਥ ਇਨਫ੍ਰਾਸਟ੍ਰਕਚਰ ਨੂੰ ਤਿਆਰ ਕੀਤਾ।
- ਇਸ ਤੋਂ ਬਾਅਦ 'ਅਨਲੌਕ' ਫ਼ੇਜ਼ ਤੋਂ ਪਹਿਲਾਂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼ ਨੂੰ ਫਿਰ ਤੋਂ ਸੰਬੋਧਨ ਕੀਤਾ ਅਤੇ ਇਸ ਵਾਰ ਉਨ੍ਹਾਂ ਲੋਕਾਂ ਨੂੰ 'ਜਾਨ ਭੀ, ਜਹਾਨ ਭੀ' ਦਾ ਮੂਲਮੰਤਰ ਦਿੱਤਾ।
- 28 ਨਵੰਬਰ ਤੱਕ, ਭਾਰਤ 'ਚ 10 ਲੱਖ ਦੀ ਆਬਾਦੀ 'ਤੇ 6,731 ਮਾਮਲੇ ਸਾਹਮਣੇ ਆਏ। ਜਦਕਿ ਇਸ ਦੇ ਮੁਕਾਬਲੇ ਅਮਰੀਕਾ 'ਚ 10 ਲੱਖ ਲੋਕਾਂ ਉੱਤੇ 40,000 ਮਾਮਲੇ, ਯੂਕੇ 'ਚ 23,361 ਮਾਮਲੇ, ਫ਼ਰਾਂਸ 'ਚ 33,424 ਮਾਮਲੇ, ਬ੍ਰਾਜ਼ੀਲ 'ਚ 29,129 ਮਾਮਲੇ, ਜਦਕਿ ਇਟਲੀ 'ਚ 25,456 ਮਾਮਲੇ ਸਾਹਮਣੇ ਆਏ।
- 28 ਨਵੰਬਰ ਤੱਕ ਦੇ ਅੰਕੜਿਆਂ ਨੂੰ ਦੇਖੀਏ, ਤਾਂ ਜਿੱਥੇ ਭਾਰਤ 'ਚ 10 ਲੱਖ ਦੀ ਆਬਾਦੀ ਉੱਤੇ 98 ਮੌਤਾਂ ਹੋਈਆਂ, ਉੱਥੇ ਅਮਰੀਕਾ 'ਚ 813, ਬ੍ਰਾਜ਼ੀਲ 'ਚ 805, ਫ਼ਰਾਂਸ 'ਚ 780, ਸਪੇਨ 'ਚ 955, ਇੰਗਲੈਂਡ 'ਚ 846 ਤੇ ਇਟਲੀ 'ਚ 888 ਮੌਤਾਂ ਹੋਈਆਂ। 10 ਲੱਖ ਦੀ ਆਬਾਦੀ 'ਚ ਭਾਰਤ ਦੇ ਮੁਕਾਬਲੇ ਇਨ੍ਹਾਂ ਸਾਰੇ ਦੇਸ਼ਾਂ 'ਚ ਲਗਭਗ 8 ਤੋਂ 9 ਗੁਣਾ ਵੱਧ ਮੌਤਾਂ ਹੋਈਆਂ।

ਅਤੇ ਜਦੋਂ ਦੁਨੀਆ ਦੀ ਫ਼ਾਰਮੇਸੀ ਬਣਿਆ ਭਾਰਤ

- ਕੋਵਿਡ ਕਾਲ 'ਚ ਭਾਰਤ ਨੇ ਹਾਈਡ੍ਰੋਕਸੀਕਲੋਰੋਕੁਈਨ ਤੋਂ ਲੈ ਕੇ ਦੂਸਰੀਆਂ ਦਵਾਈਆਂ, ਪੀਪੀਈ ਕਿੱਟ, ਮਾਸਕ ਦੁਨੀਆ ਭਰ ਦੇ ਜ਼ਰੂਰਤਮੰਦ ਦੇਸ਼ਾਂ ਨੂੰ ਸਪਲਾਈ ਕੀਤੇ। ਅਮਰੀਕਾ ਤੇ ਬ੍ਰਾਜ਼ੀਲ ਜਿਹੇ ਦੇਸ਼ ਜੋ ਉਸ ਵੇਲੇ ਭਿਆਨਕ ਸੰਕਟ ਦਾ ਸਾਹਮਣਾ ਕਰ ਰਹੇ ਸਨ, ਭਾਰਤ ਨੇ ਉਨ੍ਹਾਂ ਦੀ ਪੂਰੀ ਮਦਦ ਕੀਤੀ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੈਕਸੀਨ ਡਿਵੈਲਪਮੈਂਟ ਅਤੇ ਮੈਨੂਫ਼ੈਕਚਰਿੰਗ ਦੀ ਸਮੀਖਿਆ ਲਈ ਖ਼ੁਦ ਅਹਿਮਦਾਬਾਦ 'ਚ ਜ਼ਾਇਡਸ ਬਾਇਓਟੈੱਕ ਪਾਰਕ, ਹੈਦਰਾਬਾਦ 'ਚ ਭਾਰਤ ਬਾਇਓਟੈੱਕ ਅਤੇ ਪੁਣੇ 'ਚ ਸੀਰਮ ਇੰਸਟੀਟਿਊਟ ਆਵ੍ ਇੰਡੀਆ ਦਾ ਦੌਰਾ ਕੀਤਾ।

ਪਹਿਲੀ ਲਹਿਰ 'ਚ ਇਸ ਤਰ੍ਹਾਂ ਜਿੱਤੇ ਅਸੀਂ...



32,400

ਵੈਂਟੀਲੇਟਰ ਡਿਲਿਵਰ ਕੀਤੇ ਇਸ ਦੌਰਾਨ ਦੇਸ਼ ਦੇ ਸਰਕਾਰੀ ਹਸਪਤਾਲਾਂ ਨੂੰ

ਇਸ ਦੌਰਾਨ ਹੀ ਰਾਜ ਸਰਕਾਰਾਂ ਨੂੰ 3.70 ਕਰੋੜ N95 ਮਾਸਕ ਅਤੇ 1.60 ਕਰੋੜ PPEs ਕਿੱਟਾਂ ਦਿੱਤੀਆਂ ਗਈਆਂ।

- ਵੰਦੇ ਭਾਰਤ ਮਿਸ਼ਨ ਦੇ ਜ਼ਰੀਏ ਵਿਦੇਸ਼ਾਂ 'ਚ ਫਸੇ 31 ਲੱਖ ਲੋਕ ਵਾਪਸ ਭਾਰਤ ਲਿਆਂਦੇ ਗਏ। ਇਕੱਲੇ ਏਅਰ ਇੰਡੀਆ ਦੇ ਜ਼ਰੀਏ 9 ਲੱਖ ਲੋਕ ਭਾਰਤ ਪਰਤੇ।
- ਸ਼੍ਰਮਿਕ ਐਕਸਪ੍ਰੈੱਸ ਰਾਹੀਂ ਦੂਰ ਫਸੇ ਮਜ਼ਦੂਰਾਂ ਦੀ ਘਰ ਵਾਪਸੀ ਸੰਭਵ ਹੋਈ।

ਆਯੁਰਵੇਦ ਵੀ ਤੁਹਾਡੇ ਬਚਾਅ 'ਚ ਅਹਿਮ

ਭਾਰਤ ਦੀ ਪ੍ਰਾਚੀਨ ਚਿਕਿਤਸਾ ਪੱਧਤੀ ਦੇ ਨਾਲ ਆਯੁਰਵੇਦ ਵੀ ਕੋਰੋਨਾ ਕਾਲ 'ਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਦੁਨੀਆ ਨੇ ਇਸ ਨੂੰ ਮੰਨਿਆ ਹੈ। ਕੇਂਦਰੀ ਆਯੁਸ਼ ਮੰਤਰਾਲੇ ਨੇ ਵੀ ਕੋਰੋਨਾ ਦੀ ਦੂਸਰੀ ਲਹਿਰ 'ਚ ਨਵੇਂ ਸਿਰੇ ਤੋਂ ਗਾਈਡਲਾਈਨਸ ਜਾਰੀ ਕੀਤੀਆਂ ਹਨ, ਜਿਨ੍ਹਾਂ ਉੱਤੇ ਚਲ ਕੇ ਅਸੀਂ ਅਸਾਨ ਉਪਾਵਾਂ ਜ਼ਰੀਏ ਇਮਿਊਨਿਟੀ ਵਧਾ ਸਕਦੇ ਹਾਂ।

ਇਮਿਊਨਿਟੀ ਵਧਾਉਣ ਦੇ ਆਯੁਰਵੇਦਿਕ ਉਪਾਅ

ਵਿਕਲਪ 1

- ਖ਼ਾਲੀ ਪੇਟ ਕੋਸੇ ਪਾਣੀ ਨਾਲ ਚਯਵਨਪ੍ਰਾਸ਼ (20 ਗ੍ਰਾਮ) ਦਾ ਸੇਵਨ ਕਰੋ
- ਹਲਦੀ ਵਾਲਾ ਦੁੱਧ–150 ਗ੍ਰਾਮ ਦੁੱਧ 'ਚ ਅੱਧਾ ਚਮਚਾ ਹਲਦੀ ਉਬਾਲਕੇ ਦਿਨ 'ਚ ਇੱਕ ਜਾਂ ਦੋ ਵਾਰ ਸੇਵਨ ਕਰੋ

ਵਿਕਲਪ 2

- ਗਿਲੋਏ ਘਨਵਟੀ 500 ਐੱਮਜੀ/ਅਸ਼ਵਗੰਧਾ ਟੈਬਲੇਟ 500 ਐੱਮਜੀ ਦਿਨ ਵਿੱਚ 2 ਵਾਰ ਭੋਜਨ ਤੋਂ ਬਾਅਦ ਕੋਸੇ ਪਾਣੀ ਨਾਲ ਲਵੋ
- ਹਲਦੀ ਵਾਲਾ ਦੁੱਧ – 150 ਗ੍ਰਾਮ ਦੁੱਧ 'ਚ ਅੱਧਾ ਚਮਚਾ ਹਲਦੀ ਉਬਾਲ ਕੇ ਦਿਨ ਵਿੱਚ ਇੱਕ ਜਾਂ ਦੋ ਵਾਰ ਸੇਵਨ ਕਰੋ

ਇਮਿਊਨਿਟੀ ਵਧਾਉਣ ਦੇ ਆਯੁਰਵੇਦਿਕ ਉਪਾਅ

ਵਿਕਲਪ 3

- ਹਰਬਲ ਚਾਹ* (ਕਾਹੜੇ) ਦਾ ਸੇਵਨ
  - 3 ਗ੍ਰਾਮ ਪਾਊਡਰ 'ਚ ਤੁਲਸੀ – 4 ਭਾਗ, ਦਾਲਚੀਨੀ–2 ਭਾਗ, ਸੁੱਕਾ ਅਦਰਕ – 2 ਭਾਗ, ਕਾਲੀ ਮਿਰਚ – 1 ਭਾਗ, 150 ਮਿਲੀਲੀਟਰ ਪਾਣੀ 'ਚ ਉਬਾਲ ਕੇ ਦਿਨ ਵਿੱਚ ਇੱਕ ਜਾਂ ਦੋ ਵਾਰ ਲਵੋ
  - ਟੇਸਟ ਤੇ ਫ਼ਲੇਵਰ ਲਈ ਗੁੜ/ਕਿਸ਼ਮਿਸ਼/ਇਲਾਇਚੀ ਮਿਲਾ ਸਕਦੇ ਹੋ
- ਹਲਦੀ ਵਾਲਾ ਦੁੱਧ ਅੱਧਾ ਚਮਚਾ ਹਲਦੀ ਪਾਊਡਰ 150 ਮਿਲੀਲੀਟਰ ਗਰਮ ਦੁੱਧ ਵਿੱਚ ਮਿਲਾ ਕੇ ਦਿਨ 'ਚ ਇੱਕ ਜਾਂ ਦੋ ਵਾਰ ਸੇਵਨ ਕਰੋ।

*ਡਾਕਟਰਾਂ ਦੀ ਸਲਾਹ 'ਤੇ ਮਾਲਾਬਾਰ ਅਖ਼ਰੋਟ, ਮੁਲੱਠੀ, ਗਿਲੋਇ ਵਿਅਕਤੀ ਦੀ ਜ਼ਰੂਰਤ ਅਨੁਸਾਰ ਜੋੜੇ ਜਾ ਸਕਦੇ ਹਨ

ਹਲਕੇ ਕੋਵਿਡ-19 ਲੱਛਣ ਦੇ ਪ੍ਰਬੰਧਨ ਲਈ

ਹਲਕਾ ਬੁਖ਼ਾਰ. ਸਿਰ ਦਰਦ. ਬੇਚੈਨੀ. ਥਕਾਵਟ

- ਸੁਦਰਸ਼ਨ ਘਨਵਟੀ (500 ਐੱਮਜੀ) 15 ਦਿਨਾਂ ਤੱਕ ਦਿਨ 'ਚ 2 ਵਾਰ ਗਰਮ ਪਾਣੀ ਨਾਲ
- ਨਾਗਾਰਡੀ ਕਸ਼ਾਏ (20 ਮਿਲੀ ਲੀਟਰ) ਦਿਨ 'ਚ 2 ਵਾਰ 15 ਦਿਨਾਂ ਲਈ

ਕਫ਼ - ਸਿਤੋਪਲਾਦਿ ਚੂਰਨ ਸ਼ਹਿਦ ਨਾਲ (3 ਗ੍ਰਾਮ) ਦਿਨ 'ਚ 3 ਵਾਰ 15 ਦਿਨਾਂ ਲਈ

ਗਲੇ 'ਚ ਖ਼ਰਾਸ਼ - ਵਿਯੋਸ਼ਾਦਿ ਵਟੀ ਦੀਆਂ 1–2 ਗੋਲੀਆਂ ਜਦੋਂ ਜ਼ਰੂਰਤ ਹੋਵੇ; ਯਸ਼ਟੀਮਧੂ ਚੂਰਨ (1–3 ਗ੍ਰਾਮ) ਦਿਨ 'ਚ 2 ਵਾਰ 15 ਦਿਨਾਂ ਲਈ।

ਨੱਕ 'ਚ ਜਕੜਨ, ਸੁਆਦ ਦਾ ਜਾਣਾ - 1–2 ਵਿਯੋਸ਼ਾਦਿ ਵਟੀ ਜਦੋਂ ਜ਼ਰੂਰਤ ਹੋਵੇ

ਆਮ ਦਿਸ਼ਾ-ਨਿਰਦੇਸ਼

- ਇੱਕ ਚੁਟਕੀ ਲੂਣ ਤੇ ਹਲਦੀ ਨਾਲ ਗਰਮ ਪਾਣੀ ਦੇ ਗਰਾਰੇ ਕਰੋ। ਤ੍ਰਿਫ਼ਲਾ ਜਾਂ ਯਸ਼ਟੀਮਧੂ ਨਾਲ ਉਬਾਲਿਆ ਗਿਆ ਪਾਣੀ ਵੀ ਗਰਾਰਿਆਂ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ
- ਦਿਨ 'ਚ 2 ਵਾਰ ਐੱਸ਼ਧੀ ਵਾਲਾ ਤੇਲ ਜਾਂ ਤਿਲ / ਨਾਰੀਅਲ ਤੇਲ ਜਾਂ ਗਊ ਦੇ ਘਿਓ ਨੂੰ ਨੱਕ ਵਿੱਚ ਪਾਉਣਾ
- ਅਜਵਾਇਣ ਜਾਂ ਪੁਦੀਨਾ ਜਾਂ ਨੀਲਗਿਰੀ ਦਾ ਤੇਲ (1–5 ਬੂੰਦਾਂ) ਜਾਂ ਕਪੂਰ ਨਾਲ ਦਿਨ 'ਚ ਇੱਕ ਵਾਰ ਭਾਫ਼ ਲੈਣਾ
- 7–8 ਘੰਟਿਆਂ ਦੀ ਵਾਜਬ ਨੀਂਦ ਲੈਣਾ, ਦਿਨ 'ਚ ਸੌਣ ਤੋਂ ਬਚਣਾ ਚਾਹੀਦਾ ਹੈ

ਆਮ ਆਯੁਰਵੇਦਿਕ ਪ੍ਰਕਿਰਿਆਵਾਂ

ਸੁੱਕੀ ਖੰਘ / ਗਲੇ 'ਚ ਖ਼ਰਾਸ਼ ਦੇ ਦੌਰਾਨ

- ਸਾਦੇ ਪਾਣੀ/ਤਾਜ਼ੇ ਪੁਦੀਨੇ ਦਾ ਪੱਤਾ/ਜ਼ੀਰਾ/ਕਪੂਰ ਨਾਲ ਦਿਨ 'ਚ ਇੱਕ ਵਾਰ ਭਾਫ਼ ਲਵੋ
- ਲੌਂਗ/ਮੁਲੱਠੀ ਪਾਊਡਰ ਨੂੰ ਕੁਦਰਤੀ ਚੀਨੀ/ਸ਼ਹਿਦ ਨਾਲ ਦਿਨ 'ਚ 2–3 ਵਾਰ ਲਵੋ

ਇਨ੍ਹਾਂ ਲੱਛਣਾਂ ਦੇ ਬਣੇ ਰਹਿਣ 'ਤੇ ਯੋਗ ਡਾਕਟਰਾਂ ਦੀ ਸਲਾਹ ਲਵੋ

ਆਮ ਆਯੁਰਵੇਦਿਕ ਪ੍ਰਕਿਰਿਆਵਾਂ

ਨੱਕ ਲਈ

ਸਵੇਰ ਅਤੇ ਸ਼ਾਮੀਂ ਨੱਕ ਵਿੱਚ ਤਿਲ ਦਾ ਤੇਲ/ਨਾਰੀਅਲ ਦਾ ਤੇਲ/ਗਊ ਦਾ ਘਿਓ ਜਾਂ ਅਣੂ ਤੇਲ ਨੱਕ ਦੀਆਂ ਦੋਵੇਂ ਨਾਸਾਂ ਵਿੱਚ ਉਪਯੋਗ ਕਰੋ

ਆਇਲ ਪੁਲਿੰਗ ਥੈਰੇਪੀ

ਇੱਕ ਚਮਚਾ ਤਿਲ/ਨਾਰੀਅਲ ਦਾ ਤੇਲ ਮੂੰਹ 'ਚ ਲਵੋ, 2–3 ਮਿੰਟਾਂ ਤੱਕ ਇਸ ਨੂੰ ਮੂੰਹ 'ਚ ਰੱਖੋ ਤੇ ਫਿਰ ਗਰਮ ਪਾਣੀ ਨਾਲ ਕੁਰਲੀ ਕਰ ਲਵੋ। ਇਹ ਦਿਨ 'ਚ 2 ਜਾਂ 3 ਵਾਰ ਕੀਤਾ ਜਾ ਸਕਦਾ ਹੈ।

ਸਾਵਧਾਨੀ ਹੀ ਬਚਾਅ ਹੈ...

ਇਸ ਲਈ ਦੋ ਗਜ਼ ਦੀ ਦੂਰੀ ਰੱਖੋ ਤੇ ਟੀਕਾਕਰਣ ਕਰਵਾਓ

ਮਹਾਰਾਸ਼ਟਰ 'ਚ ਲਾਤੂਰ ਦੇ ਕਟਗਾਓਂ ਟਾਂਡਾ 'ਚ 105 ਸਾਲਾਂ ਦੇ ਧੇਨੂ ਚਵਾਣ ਤੇ ਉਨ੍ਹਾਂ ਦੀ 95 ਸਾਲਾ ਪਤਨੀ ਮੋਟਾਬਾਈ ਮਾਰਚ ਦੇ ਅੰਤਿਮ ਦਿਨਾਂ 'ਚ ਕੋਰੋਨਾ ਸੰਕ੍ਰਮਿਤ ਹੋ ਗਏ। ਇਸ ਬਿਰਧ ਜੋੜੀ ਦੀ ਹਾਲਤ ਜ਼ਿਆਦਾ ਵਿਗੜੀ, ਤਾਂ ਉਨ੍ਹਾਂ ਨੂੰ ਹਸਪਤਾਲ 'ਚ ਐਡਮਿਟ ਕਰਵਾਉਣਾ ਪਿਆ। 9 ਦਿਨ ਆਈਸੀਯੂ 'ਚ ਰਹਿਣ ਤੋਂ ਬਾਅਦ ਹੁਣ ਦੋਵੇਂ ਘਰ ਪਰਤ ਆਏ ਹਨ। ਦੋਵੇਂ ਪੂਰੀ ਤਰ੍ਹਾਂ ਤੰਦਰੁਸਤ ਹਨ।

ਮੱਧ ਪ੍ਰਦੇਸ਼ ਦੇ ਮੁਰੈਨਾ ਦੇ ਰਹਿਣ ਵਾਲੇ ਸੁਮਿਤ ਦੁਬੇ ਉਨ੍ਹਾਂ ਲੋਕਾਂ 'ਚੋਂ ਹਨ, ਜੋ ਦੋ ਵਾਰ ਕੋਰੋਨਾ ਸੰਕ੍ਰਮਿਤ ਹੋ ਚੁੱਕੇ ਹਨ। ਪਿਛਲੇ ਸਾਲ ਪਹਿਲੀ ਲਹਿਰ ਦੌਰਾਨ ਸੁਮਿਤ ਹੋਮ ਆਈਸੋਲੇਸ਼ਨ 'ਚ ਹੀ ਰਹੇ ਤੇ ਪੂਰੀ ਤਰ੍ਹਾਂ ਠੀਕ ਹੋ ਗਏ। ਇਸ ਵਾਰ ਦੂਸਰੀ ਲਹਿਰ 'ਚ ਮੁੜ ਸੰਕ੍ਰਮਿਤ ਹੋਏ। ਸੁਮਿਤ ਕਹਿੰਦੇ ਹਨ, ਕੋਰੋਨਾ ਜਿਹੀ ਲਾਗ ਵਾਲੀ ਬਿਮਾਰੀ ਤੋਂ ਜਿੱਤਣ ਲਈ ਤੁਹਾਨੂੰ ਆਤਮ-ਬਲ ਦੀ ਜ਼ਰੂਰਤ ਹੈ। ਖ਼ੁਦ ਉੱਤੇ ਭਰੋਸਾ ਰੱਖੋ। ਡਾਕਟਰ ਦੇ ਕਹੇ ਅਨੁਸਾਰ ਚਲੋ, ਤਾਂ ਅਸਾਨੀ ਨਾਲ ਠੀਕ ਹੋ ਜਾਵੋਗੇ। ਸੁਮਿਤ ਹੁਣ ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ।

ਕੋਰੋਨਾ ਵਾਇਰਸ ਸੰਕ੍ਰਾਮਕ ਬਿਮਾਰੀ ਜ਼ਰੂਰ ਹੈ ਪਰ ਵਿਸ਼ਵ ਸਿਹਤ ਸੰਗਠਨ ਅਨੁਸਾਰ ਪੀੜਤਾਂ ਵਿੱਚੋਂ 85 ਫ਼ੀਸਦੀ ਲੋਕ ਹੋਮ ਆਈਸੋਲੇਸ਼ਨ 'ਚ ਹੀ ਠੀਕ ਹੋ ਜਾਂਦੇ ਹਨ। ਹਸਪਤਾਲ 'ਚ ਭਰਤੀ ਹੋਣ ਵਾਲੇ 15 ਵਿੱਚੋਂ 10 ਫ਼ੀਸਦੀ ਤੋਂ ਵੀ ਘੱਟ ਲੋਕਾਂ ਨੂੰ ਆਕਸੀਜਨ ਦੀ ਲੋੜ ਪੈਂਦੀ ਹੈ। ਇਸ ਲਈ ਜ਼ਰੂਰਤ ਹੈ, ਤਾਂ ਸਹੀ ਜਾਣਕਾਰੀ ਦੀ। ਕੇਂਦਰੀ ਸਿਹਤ ਮੰਤਰਾਲੇ ਤੇ ਇੰਡੀਅਨ ਕੌਂਸਲ ਆਵ੍ ਮੈਡੀਕਲ ਰਿਸਰਚ (ਆਈਸੀਐੱਮਆਰ) ਇਸ ਲਈ ਸਮੇਂ-ਸਮੇਂ 'ਤੇ ਗਾਈਡਲਾਈਨਸ ਜਾਰੀ ਕਰਦੇ ਹਨ। **ਕੀ ਤੁਸੀਂ ਜਾਣਦੇ ਹੋ ਕਿ ਕੋਰੋਨਾ ਸੰਕ੍ਰਮਣ ਨੂੰ ਲੈ ਕੇ ਕੇਂਦਰੀ ਸਿਹਤ ਮੰਤਰਾਲੇ ਦੀ ਨਵੀਂ ਗਾਈਡਲਾਈਨ ਅਨੁਸਾਰ ਉਨ੍ਹਾਂ ਸੁਆਲਾਂ ਦੇ ਜੁਆਬ ਜੋ ਅਕਸਰ ਮਨ 'ਚ ਉੱਠਦੇ ਹਨ...**



ਕੋਵਿਡ-19 ਦੇ ਬਿਨਾ ਲੱਛਣ ਵਾਲੇ ਜਾਂ ਹਲਕੇ ਮਾਮਲੇ

ਟੈਸਟ 'ਚ ਸਾਹਮਣੇ ਆਉਣ ਵਾਲੇ ਬਿਨਾ ਲੱਛਣ ਵਾਲੇ ਮਾਮਲੇ 'ਚ ਕੋਈ ਲੱਛਣ ਨਹੀਂ ਹੁੰਦਾ ਤੇ ਉਨ੍ਹਾਂ ਨੂੰ ਕਮਰੇ 'ਚ 94% ਤੋਂ ਵੱਧ ਆਕਸੀਜਨ ਪੱਧਰ ਮਿਲਦਾ ਹੈ।

ਮਰੀਜ਼ਾਂ ਲਈ ਦਿਸ਼ਾ-ਨਿਰਦੇਸ਼

ਰੋਗੀ ਨੂੰ ਘਰ ਦੇ ਹੋਰ ਮੈਂਬਰਾਂ ਤੋਂ ਅਲੱਗ ਇੱਕ ਖ਼ਾਸ ਕਮਰੇ 'ਚ ਪਰਿਵਾਰ ਦੇ ਹੋਰ ਲੋਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ; ਵਿਸ਼ੇਸ਼ ਤੌਰ 'ਤੇ ਬਜ਼ੁਰਗ ਤੇ ਹਾਈ ਬਲੱਡ ਪ੍ਰੈਸ਼ਰ, ਦਿਲ ਦੇ ਰੋਗ, ਕਿਡਨੀ ਆਦਿ ਦੀ ਬਿਮਾਰੀ ਨਾਲ ਜੂਝ ਰਹੇ ਲੋਕਾਂ ਤੋਂ।

ਰੋਗੀ ਨੂੰ ਕ੍ਰੌਸ ਵੈਂਟੀਲੇਸ਼ਨ ਨਾਲ ਵਧੀਆ ਤਰੀਕੇ ਹਵਾਦਾਰ ਕਮਰੇ 'ਚ ਰੱਖਿਆ ਜਾਣਾ ਚਾਹੀਦਾ ਹੈ ਤੇ ਤਾਜ਼ੀ ਹਵਾ ਲਈ ਖਿੜਕੀਆਂ ਖੁੱਲ੍ਹੀਆਂ ਰੱਖੀਆਂ ਜਾਣੀਆਂ ਚਾਹੀਦੀਆਂ ਹਨ।

ਹਰ ਸਮੇਂ ਟ੍ਰਿਪਲ ਲੇਅਰ ਮਾਸਕ ਦਾ ਉਪਯੋਗ ਕਰਨਾ ਚਾਹੀਦਾ ਹੈ। 8 ਘੰਟਿਆਂ ਦੇ ਉਪਯੋਗ ਤੋਂ ਬਾਅਦ ਮਾਸਕ ਹਟਾ ਦੇਵੋ। ਦੇਖਭਾਲ਼ ਕਰਨ ਵਾਲਾ ਵਿਅਕਤੀ ਵੀ ਐੱਨ 95 ਮਾਸਕ ਦੀ ਵਰਤੋਂ ਕਰੇ।

1% ਸੋਡੀਅਮ ਹਾਈਪੋਕਲੋਰਾਈਟ ਨਾਲ ਮਾਸਕ ਨੂੰ ਕੀਟਾਣੂ-ਮੁਕਤ ਕਰਨ ਤੋਂ ਬਾਅਦ ਹੀ ਸੁੱਟਣਾ ਚਾਹੀਦਾ ਹੈ।

ਰੋਗੀ ਨੂੰ ਵਾਜਬ ਹਾਈਡ੍ਰੇਸ਼ਨ ਬਣਾਈ ਰੱਖਣ ਲਈ ਅਰਾਮ ਕਰਨਾ ਚਾਹੀਦਾ ਹੈ ਤੇ ਬਹੁਤ ਸਾਰੇ ਤਰਲ ਪਦਾਰਥ ਪੀਣੇ ਚਾਹੀਦੇ ਹਨ।

ਘੱਟੋ-ਘੱਟ 40 ਸੈਕੰਡਾਂ ਤੱਕ ਸਾਬਣ ਨਾਲ ਹੱਥ ਧੋਣੇ ਚਾਹੀਦੇ ਹਨ ਜਾਂ ਅਲਕੋਹਲ ਵਾਲੇ ਸੈਨੀਟਾਈਜ਼ਰ ਨਾਲ ਹੱਥ ਸਾਫ਼ ਕਰਨੇ ਚਾਹੀਦੇ ਹਨ।

ਮਰੀਜ਼ ਨੂੰ ਰੋਜ਼ ਬੁਖ਼ਾਰ ਦੇ ਨਾਲ-ਨਾਲ ਆਪਣੀ ਸਿਹਤ ਦੀ ਖ਼ੁਦ ਨਿਗਰਾਨੀ ਕਰਨੀ ਚਾਹੀਦੀ ਹੈ। ਇੱਕ ਪਲਸ ਆਕਸੀਮੀਟਰ ਨਾਲ ਖ਼ੁਦ ਦੀ ਆਕਸੀਜਨ ਜਾਂਚਣੀ ਚਾਹੀਦੀ ਹੈ।



ਹੋਮ ਆਈਸੋਲੇਸ਼ਨ 'ਚ ਕਿਸ ਮਰੀਜ਼ ਨੂੰ ਰੱਖਿਆ ਜਾ ਸਕਦਾ ਹੈ?

- ਇਲਾਜ ਕਰਨ ਵਾਲਾ ਡਾਕਟਰ ਜੇ ਵਿਅਕਤੀ ਨੂੰ ਹਲਕਾ ਜਾਂ ਬਿਨਾ ਲੱਛਣਾਂ ਵਾਲਾ ਮਰੀਜ਼ ਕਹੇ।
- ਅਜਿਹੇ ਮਾਮਲਿਆਂ 'ਚ ਹੋਮ ਆਈਸੋਲੇਸ਼ਨ ਤੇ ਪਰਿਵਾਰ ਤੋਂ ਅਲੱਗ ਰਹਿਣ ਲਈ ਉਨ੍ਹਾਂ ਦੇ ਘਰ 'ਚ ਲੋੜੀਂਦੀ ਸੁਵਿਧਾ ਹੋਣੀ ਚਾਹੀਦੀ ਹੈ।
- 24 ਘੰਟੇ ਮਰੀਜ਼ ਦੀ ਦੇਖਭਾਲ਼ ਕਰਨ ਲਈ ਇੱਕ ਵਿਅਕਤੀ ਹੋਣਾ ਚਾਹੀਦਾ ਹੈ। ਹੋਮ ਆਈਸੋਲੇਸ਼ਨ ਦੀ ਪੂਰੀ ਮਿਆਦ ਲਈ ਦੇਖਭਾਲ਼ ਕਰਨ ਵਾਲੇ ਤੇ ਹਸਪਤਾਲ ਵਿਚਾਲੇ ਸੰਪਰਕ ਕਾਇਮ ਰਹਿਣਾ ਚਾਹੀਦਾ ਹੈ।

60 ਸਾਲ ਤੋਂ ਵੱਧ ਉਮਰ ਦੇ ਰੋਗੀਆਂ ਤੇ ਬੀ.ਪੀ. ਡਾਇਬਟੀਜ਼, ਦਿਲ ਦਾ ਰੋਗ, ਕ੍ਰੋਨਿਕ ਲੰਗ / ਲਿਵਰ / ਕਿਡਨੀ ਆਦਿ ਦੀ ਬਿਮਾਰੀ ਤੋਂ ਗ੍ਰਸਤ ਲੋਕਾਂ ਨੂੰ ਡਾਕਟਰ ਦੀ ਸਲਾਹ 'ਤੇ ਹੀ ਆਈਸੋਲੇਸ਼ਨ।

ਐੱਚਆਈਵੀ, ਟ੍ਰਾਂਸਪਲਾਂਟ, ਕੈਂਸਰ ਆਦਿ ਤੋਂ ਪੀੜਤ ਰੋਗ–ਪ੍ਰਤੀਰੋਧਕ ਸਮਰੱਥਾ ਤੋਂ ਕਮਜ਼ੋਰ ਮਰੀਜ਼ਾਂ ਨੂੰ ਹੋਮ ਆਈਸੋਲੇਸ਼ਨ 'ਚ ਰੱਖਣ ਲਈ ਨਹੀਂ ਕਿਹਾ ਜਾਂਦਾ। ਡਾਕਟਰ ਦੀ ਸਲਾਹ 'ਤੇ ਹੀ ਆਈਸੋਲੇਸ਼ਨ।

ਦੇਖਭਾਲ਼ ਕਰਨ ਵਾਲੇ ਤੇ ਅਜਿਹੇ ਮਾਮਲਿਆਂ ਦੇ ਸੰਪਰਕ 'ਚ ਆਏ ਸਾਰੇ ਲੋਕਾਂ ਨੂੰ ਡਾਕਟਰੀ ਸਲਾਹ 'ਤੇ ਹਾਈਡ੍ਰੋਕਸੀਕਲੋਰੋਕੁਈਨ ਪ੍ਰੋਫ਼ੀਲੈਕਸਿਸ ਲੈਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਹੋਮ ਆਈਸੋਲੇਸ਼ਨ 'ਚ ਰਹਿਣ ਵਾਲੇ ਹੋਰ ਮੈਂਬਰਾਂ ਨੂੰ https://www.mohfw.gov.in/pdf/Guidelinesforhomequarantine.pdf 'ਤੇ ਦਿੱਤੇ ਗਏ ਦਿਸ਼ਾ-ਨਿਰਦੇਸ਼ ਦੀ ਵੀ ਪਾਲਣਾ ਕਰਨੀ ਚਾਹੀਦੀ ਹੈ।

ਦੇਖਭਾਲ਼ ਕਰਨ ਵਾਲੇ ਧਿਆਨ ਦੇਣ...

ਮਾਸਕ – ਤਿੰਨ ਲੇਅਰ ਵਾਲਾ ਮਾਸਕ ਪਹਿਨਣਾ ਚਾਹੀਦਾ ਹੈ। ਬਿਮਾਰ ਵਿਅਕਤੀ ਦੇ ਕਮਰੇ 'ਚ ਜਾਂਦੇ ਸਮੇਂ N95 ਮਾਸਕ ਪਹਿਨ ਸਕਦੇ ਹੋ। ਬਿਮਾਰ ਵਿਅਕਤੀ ਦੇ ਸੰਪਰਕ 'ਚ ਆਉਣ ਦੇ ਤੁਰੰਤ ਬਾਅਦ ਹੱਥ ਧੋਣੇ ਚਾਹੀਦੇ ਹਨ। ਬਾਇਓਮੈਡੀਕਲ ਕਚਰੇ ਦਾ CPCB ਦੇ ਦਿਸ਼ਾ–ਨਿਰਦੇਸ਼ਾਂ ਅਨੁਸਾਰ ਠੀਕ ਤਰੀਕੇ ਨਿਬੇੜਾ ਕਰਨਾ ਚਾਹੀਦਾ ਹੈ।

ਹੋਮ ਆਈਸੋਲੇਸ਼ਨ ਕਦੋਂ ਬੰਦ ਕਰਨਾ ਚਾਹੀਦਾ ਹੈ?

ਲੱਛਣ ਦਿਖਣ ਜਾਂ ਬਿਨਾ ਲੱਛਣਾਂ ਵਾਲੇ ਮਾਮਲੇ 'ਚ ਟੈਸਟ ਤੋਂ ਪਤਾ ਲਗਣ ਨਾਲ ਘੱਟੋ–ਘੱਟ 10 ਦਿਨ ਤੇ ਬੁਖ਼ਾਰ ਨਾ ਆਉਣ ਦੇ ਤਿੰਨ ਦਿਨਾਂ ਬਾਅਦ ਰੋਗੀ ਨੂੰ ਹੋਮ ਆਈਸੋਲੇਸ਼ਨ ਤੋਂ ਅਲੱਗ ਕਰ ਦੇਣਾ ਚਾਹੀਦਾ ਹੈ। ਹੋਮ ਆਈਸੋਲੇਸ਼ਨ ਖ਼ਤਮ ਹੋਣ ਤੋਂ ਬਾਅਦ ਟੈਸਟ ਦੀ ਕੋਈ ਜ਼ਰੂਰਤ ਨਹੀਂ ਹੈ।

ਹਲਕੇ-ਬਿਨਾ ਲੱਛਣ ਵਾਲੇ ਰੋਗੀਆਂ ਲਈ ਇਲਾਜ

ਮਰੀਜ਼ਾਂ ਨੂੰ ਡਾਕਟਰ ਦੇ ਸੰਪਰਕ 'ਚ ਰਹਿਣਾ ਚਾਹੀਦਾ ਹੈ ਤੇ ਪਰੇਸ਼ਾਨੀ ਹੋਣ 'ਤੇ ਤੁਰੰਤ ਰਿਪੋਰਟ ਕਰਨੀ ਚਾਹੀਦੀ ਹੈ। ਡਾਕਟਰ ਦੀ ਸਲਾਹ 'ਤੇ ਦੂਸਰੀਆਂ ਬਿਮਾਰੀਆਂ ਦੀ ਦਵਾਈ ਜਾਰੀ ਰੱਖ ਸਕਦੇ ਹੋ।

ਬੁਖ਼ਾਰ, ਨੱਕ ਵਹਿਣ ਤੇ ਖੰਘ ਨੂੰ ਬਿਮਾਰੀ ਦੇ ਲੱਛਣ ਦੇ ਰੂਪ ਵਿੱਚ ਲਵੋ। ਰੋਗੀ ਗਰਮ ਪਾਣੀ ਨਾਲ ਗਰਾਰੇ ਕਰ ਸਕਦਾ ਹੈ ਜਾਂ ਦਿਨ 'ਚ ਦੋ ਵਾਰ ਭਾਫ਼ ਲੈ ਸਕਦਾ ਹੈ।

ਦਿਨ 'ਚ ਚਾਰ ਵਾਰ ਪੈਰਾਸੀਟਾਮੋਲ ਦੀ 650 ਐੱਮਜੀ ਦੇ ਵੱਧ ਤੋਂ ਵੱਧ ਡੋਜ਼ ਨਾਲ ਜੇ ਬੁਖ਼ਾਰ ਕੰਟਰੋਲ ਨਹੀਂ ਹੁੰਦਾ, ਤਾਂ ਇਲਾਜ ਕਰਨ ਵਾਲੇ ਡਾਕਟਰ ਨਾਲ ਸੰਪਰਕ ਕਰੋ, ਜੋ ਹੋਰ ਦਵਾਈ ਲੈਣ ਦੀ ਸਲਾਹ ਦੇ ਸਕਦੇ ਹਨ।

ਆਕਸੀਜਨ ਜਾਂ ਸਾਹ ਦੀ ਕਮੀ ਦੇ ਮਾਮਲੇ 'ਚ ਵਿਅਕਤੀ ਨੂੰ ਹਸਪਤਾਲ 'ਚ ਭਰਤੀ ਹੋਣ ਦੀ ਜ਼ਰੂਰਤ ਹੁੰਦੀ ਹੈ ਤੇ ਉਨ੍ਹਾਂ ਦਾ ਇਲਾਜ ਕਰ ਰਹੇ ਡਾਕਟਰ ਤੋਂ ਤੁਰੰਤ ਸਲਾਹ ਲੈਣੀ ਚਾਹੀਦੀ ਹੈ।

ਰੇਮਡੇਸਿਵਿਰ

ਜਾਂ ਕੋਈ ਹੋਰ ਦਵਾਈ ਡਾਕਟਰ ਦੀ ਸਲਾਹ 'ਤੇ ਕੇਵਲ ਹਸਪਤਾਲ 'ਚ ਦੇਣੀ ਚਾਹੀਦੀ ਹੈ। ਘਰ 'ਚ ਰੇਮਡੇਸਿਵਿਰ ਦੀ ਖ਼ਰੀਦ ਜਾਂ ਦੇਣ ਦੀ ਕੋਸ਼ਿਸ਼ ਨਾ ਕਰੋ।

ਇਲਾਜ ਦੀ ਜ਼ਰੂਰਤ ਕਦੋਂ ਹੈ?

- ਸਾਹ ਲੈਣ 'ਚ ਕਠਿਨਾਈ
- ਆਕਸੀਜਨ ਦੀ ਕਮੀ
- ਛਾਤੀ 'ਚ ਲਗਾਤਾਰ ਦਰਦ / ਦਬਾਅ
- ਮਾਨਸਿਕ ਭਰਮ ਜਾਂ ਅਸਮਰੱਥਾ
- ਰੋਗੀ / ਦੇਖਭਾਲ਼ ਕਰਨ ਵਾਲਾ ਆਪਣੀ ਸਿਹਤ 'ਤੇ ਧਿਆਨ ਦੇਵੇਗਾ। ਗੰਭੀਰ ਲੱਛਣ ਵਿਕਸਿਤ ਹੋਣ 'ਤੇ ਤੁਰੰਤ ਮੈਡੀਕਲ ਸਲਾਹ ਲਵੋ।

ਅਧਿਕਾਰੀਆਂ ਦੀ ਭੂਮਿਕਾ

- ਆਈਸੋਲੇਸ਼ਨ ਦੇ ਤਹਿਤ ਸਾਰੇ ਮਾਮਲਿਆਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ।
- ਹੋਮ ਆਈਸੋਲੇਸ਼ਨ ਦੇ ਤਹਿਤ ਮਰੀਜ਼ਾਂ ਦੀ ਸਿਹਤ ਸਥਿਤੀ ਦੀ ਰੋਜ਼ਾਨਾ ਅਧਾਰ ਉੱਤੇ ਨਿਗਰਾਨੀ ਕੀਤੀ ਜਾਵੇ।
- ਮਰੀਜ਼ਾਂ ਦੇ ਵੇਰਵੇ ਕੋਵਿਡ-19 ਪੋਰਟਲ ਅਤੇ ਸੁਵਿਧਾ ਐਪ ਉੱਤੇ ਵੀ ਅੱਪਡੇਟ ਕੀਤੇ ਜਾਣੇ ਚਾਹੀਦੇ ਹਨ।
- ਉਲੰਘਣਾ ਜਾਂ ਇਲਾਜ ਦੀ ਜ਼ਰੂਰਤ ਦੇ ਮਾਮਲੇ 'ਚ ਰੋਗੀ ਨੂੰ ਸ਼ਿਫ਼ਟ ਕਰਨ ਲਈ ਵਿਵਸਥਾ ਹੋਣੀ ਚਾਹੀਦੀ ਹੈ।

ਸਭ ਲਈ ਸਿਹਤ

2014 'ਚ ਜਦੋਂ ਦੇਸ਼ ਵਿੱਚ ਨਵੀਂ ਸ਼ੁਰੂਆਤ ਦੀ ਕਹਾਣੀ ਲਿਖੀ ਗਈ, ਤਾਂ ਪਹਿਲੀ ਵਾਰ ਇੱਕ ਅਜਿਹੇ ਸੈਕਟਰ 'ਚ ਬੁਨਿਆਦੀ ਤਬਦੀਲੀ ਦੀ ਸ਼ੁਰੂਆਤ ਹੋਈ, ਜਿਸ ਵੱਲ ਇਸ ਤੋਂ ਪਹਿਲਾਂ ਕਦੇ ਓਨਾ ਧਿਆਨ ਹੀ ਨਹੀਂ ਦਿੱਤਾ ਗਿਆ ਸੀ। ਭਾਵੇਂ ਨਵੇਂ ਹਸਪਤਾਲ, ਮੈਡੀਕਲ ਕਾਲਜ ਹੋਣ ਜਾਂ ਫਿਰ ਗ਼ਰੀਬਾਂ ਨੂੰ ਮੁਫ਼ਤ ਇਲਾਜ, ਪਿੰਡ ਤੋਂ ਲੈ ਕੇ ਹੁਣ ਛੋਟੇ ਸ਼ਹਿਰਾਂ ਦੇ ਨਾਲ ਵੱਡੇ ਸ਼ਹਿਰਾਂ ਤੱਕ ਸਿਹਤ ਸੁਵਿਧਾਵਾਂ ਦੇ ਨਵੇਂ ਸਿਰੇ ਤੋਂ ਨਿਰਧਾਰਣ ਦੀ ਸ਼ੁਰੂਆਤ ਹੋ ਚੁੱਕੀ ਹੈ...

ਦੇਸ਼ 'ਚ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਗੱਲ ਹੋਵੇ ਜਾਂ ਫਿਰ ਇਸ ਦੀ ਪਹੁੰਚ ਦਾ ਮਾਮਲਾ ਹੋਵੇ, ਰਵਾਇਤੀ ਤੌਰ 'ਤੇ ਸਾਡੇ ਦੇਸ਼ ਵਿੱਚ ਸਿਹਤ ਜਗਤ ਦਾ ਬੁਨਿਆਦੀ ਢਾਂਚਾ ਬਿਖਰੇ ਸਰੂਪ ਵਿੱਚ ਨਜ਼ਰ ਆਉਂਦਾ ਰਿਹਾ ਹੈ। ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਸਿਹਤ ਸੁਵਿਧਾਵਾਂ ਦੀ ਉਪਲਬਧਤਾ ਲਈ ਸਮਰੱਥ ਕਰਮਚਾਰੀ ਤੇ ਬਿਹਤਰੀਨ ਬੁਨਿਆਦੀ ਢਾਂਚੇ ਦੀ ਜ਼ਰੂਰਤ ਹੈ। ਇਸੇ ਤੱਥ ਨੂੰ ਧਿਆਨ 'ਚ ਰੱਖਦੇ ਹੋਏ ਕੇਂਦਰ ਸਰਕਾਰ ਨੇ ਪਹਿਲੀ ਵਾਰ ਆਮ ਬਜਟ 'ਚ ਸਿਹਤ ਖੇਤਰ ਨੂੰ 137 ਫ਼ੀਸਦੀ ਦੇ ਵਾਧੇ ਨਾਲ ਸਭ ਤੋਂ ਵੱਡੀ ਭਾਗੀਦਾਰੀ ਦਿੱਤੀ ਹੈ। ਮਕਸਦ ਹੈ ਦੇਸ਼ ਦੇ ਹੈਲਥ ਇਨਫ੍ਰਾਸਟ੍ਰਕਚਰ ਨੂੰ ਜੜ੍ਹ ਤੋਂ ਲੈ ਕੇ ਉੱਪਰ ਤੱਕ ਸੁਧਾਰਨਾ।

ਇਸ ਲਈ ਪਈ ਜ਼ਰੂਰਤ...

30 ਜਨਵਰੀ, 2020 ਨੂੰ ਜਦੋਂ ਭਾਰਤ 'ਚ ਕੋਰੋਨਾ ਦਾ ਪਹਿਲਾ ਕੇਸ ਸਾਹਮਣੇ ਆਇਆ, ਉਸ ਵੇਲੇ ਦੇਸ਼ 'ਚ ਸਿਰਫ਼ ਪੁਣੇ ਦੇ ਨੈਸ਼ਨਲ ਵਾਇਰੋਲੋਜੀਕਲ ਇੰਸਟੀਟਿਊਟ ਦੀ ਲੈਬ 'ਚ ਹੀ ਇਸ ਦੇ ਟੈਸਟ ਦੀ ਸੁਵਿਧਾ ਸੀ। ਅੱਜ ਦੇਸ਼ ਦੀਆਂ 2,486 ਲੈਬਸ ਵਿੱਚ ਕੋਵਿਡ ਟੈਸਟ ਦੀ ਸੁਵਿਧਾ ਮੌਜੂਦ ਹੈ।

ਇਸੇ ਲਈ ਕੇਂਦਰ ਸਰਕਾਰ ਦੇਸ਼ ਵਿੱਚ ਸੰਕ੍ਰਾਮਕ ਬਿਮਾਰੀਆਂ ਦੀ ਰੋਕਥਾਮ, ਇਨ੍ਹਾਂ ਨੂੰ ਸ਼ੁਰੂਆਤ 'ਚ ਹੀ ਰੋਕਣ ਦੇ ਉਪਾਅ ਸਮੇਤ ਇਲਾਜ ਲਈ ਸਮੁੱਚਾ ਇਨਫ੍ਰਾਸਟ੍ਰਕਚਰ ਤਿਆਰ ਕਰਨ 'ਚ ਜੁਟੀ। 2021-22 ਦੇ ਬਜਟ 'ਚ ਇਸ ਲਈ ਪ੍ਰਧਾਨ ਮੰਤਰੀ ਆਤਮਨਿਰਭਰ ਸਵਸਥ ਭਾਰਤ ਯੋਜਨਾ ਦੇ ਤਹਿਤ ਖ਼ਾਸ ਵਿਵਸਥਾਵਾਂ ਕੀਤੀਆਂ ਗਈਆਂ।

ਹੇਠਾਂ ਤੋਂ ਉੱਪਰ ਤੱਕ ਦਾ ਢਾਂਚਾ ਬਦਲਣ 'ਤੇ ਜ਼ੋਰ

137%

ਦੇ ਬਜਟ ਵਾਧੇ ਨਾਲ ਇਹ ਪਹਿਲੀ ਵਾਰ ਹੈ, ਜਦੋਂ ਕਿਸੇ ਸਰਕਾਰ ਨੇ ਸਿਹਤ ਖੇਤਰ ਵੱਲ ਇੰਨਾ ਧਿਆਨ ਦਿੱਤਾ ਹੈ।

80%

ਰਾਸ਼ੀ ਵੈਕਸੀਨੇਸ਼ਨ ਦੇ ਪਹਿਲੇ ਦੌਰ 'ਚ ਪੀਐੱਮ ਕੇਅਰਸ ਫੰਡ 'ਚੋਂ ਦਿੱਤੀ ਗਈ। ਵੈਂਟੀਲੇਟਰ ਅਤੇ ਆਕਸੀਜਨ ਪਲਾਂਟ ਲਈ ਵੀ ਗ੍ਰਾਂਟ।

ਸਿਹਤ ਖੇਤਰ ਨਾਲ ਜੁੜੇ ਬੁਨਿਆਦੀ ਢਾਂਚੇ ਨੂੰ ਸੁਧਾਰਦੇ ਹੋਏ 4 ਖੇਤਰਾਂ ਉੱਤੇ ਧਿਆਨ

01	02	03	04
ਬਿਮਾਰੀਆਂ ਨੂੰ ਰੋਕਣ ਲਈ ਸਵੱਛਤਾ 'ਤੇ ਧਿਆਨ।	ਗ਼ਰੀਬਾਂ ਨੂੰ ਸਸਤਾ ਤੇ ਪ੍ਰਭਾਵੀ ਇਲਾਜ ਮਿਲੇ।	ਬੁਨਿਆਦੀ ਢਾਂਚਾ ਅਤੇ ਪ੍ਰੋਫ਼ੈਸ਼ਨਲਸ ਦੀ ਸੰਖਿਆ ਤੇ ਮਿਆਰ 'ਚ ਵਾਧਾ ਹੋਵੇ।	ਸਮੱਸਿਆਵਾਂ 'ਤੇ ਕਾਬੂ ਪਾਉਣ ਲਈ ਮਿਸ਼ਨ ਮੋਡ 'ਚ ਕੰਮ।

ਗ਼ਰੀਬਾਂ ਨੂੰ ਹੁਣ ਸਸਤਾ ਨਹੀਂ, ਮੁਫ਼ਤ ਇਲਾਜ

10.74 ਕਰੋੜ ਪਰਿਵਾਰਾਂ ਦੇ 50 ਕਰੋੜ ਤੋਂ ਵੱਧ ਲੋਕਾਂ ਨੂੰ 5 ਲੱਖ ਰੁਪਏ ਤੱਕ ਮੁਫ਼ਤ ਇਲਾਜ ਲਈ ਪੀਐੱਮ ਜਨ ਆਰੋਗਯ ਆਯੁਸ਼ਮਾਨ ਭਾਰਤ ਯੋਜਨਾ ਸ਼ੁਰੂ ਕੀਤੀ।

16 ਕਰੋੜ ਲਗਭਗ ਈ-ਕਾਰਡ ਜਾਰੀ ਹੋ ਚੁੱਕੇ ਹਨ ਹੁਣ ਇਸ ਯੋਜਨਾ ਦੇ ਤਹਿਤ ਹੁਣ ਤੱਕ। 1.79 ਕਰੋੜ ਲੋਕ ਹਸਪਤਾਲਾਂ 'ਚ ਭਰਤੀ ਹੋ ਕੇ ਇਲਾਜ ਕਰਵਾ ਚੁੱਕੇ ਹਨ।

7676 ਤੋਂ ਵੱਧ ਜਨ ਔਸ਼ਧੀ ਕੇਂਦਰਾਂ ਉੱਤੇ ਲੋਕਾਂ ਨੂੰ 90 ਫ਼ੀਸਦੀ ਤੱਕ ਸਸਤੀਆਂ ਦਵਾਈਆਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਇੱਥੇ 1 ਰੁਪਏ 'ਚ ਸੈਨੇਟਰੀ ਨੈਪਕਿਨ ਉਪਲਬਧ ਕਰਵਾਏ ਜਾ ਰਹੇ ਹਨ।

ਬੇਅਰ ਮੈਟਲ ਸਟੈਂਟ 7,260 ਰੁਪਏ ਤੱਕ, ਜਦਕਿ ਸਟੈਂਟ ਦੀਆਂ ਕੀਮਤਾਂ 'ਚ 85% ਤੱਕ ਦੀ ਕਮੀ ਆ ਗਈ ਹੈ। 'ਸੇਹਤ' ਨਾਮ ਨਾਲ ਆਯੁਸ਼ਮਾਨ ਭਾਰਤ ਯੋਜਨਾ ਦਾ ਲਾਭ ਜੰਮੂ-ਕਸ਼ਮੀਰ ਵਿੱਚ ਸਭ ਨੂੰ।

- ਕੁਪੋਸ਼ਣ ਦੂਰ ਕਰਨ ਲਈ 22 ਰਾਜਾਂ 'ਚ 50 ਤੋਂ ਵੱਧ ਪ੍ਰੋਜੈਕਟ ਸ਼ੁਰੂ ਕੀਤੇ ਗਏ।
- ਪ੍ਰਧਾਨ ਮੰਤਰੀ ਮਾਤ੍ਰਤਵ ਵੰਦਨਾ ਯੋਜਨਾ ਦੇ ਤਹਿਤ ਗਰਭਵਤੀ ਮਹਿਲਾਵਾਂ ਨੂੰ 6 ਹਜ਼ਾਰ ਰੁਪਏ ਦੇਣ ਦੀ ਸ਼ੁਰੂਆਤ। ਹਰ ਸਾਲ 51 ਲੱਖ ਮਹਿਲਾਵਾਂ ਲੈ ਰਹੀਆਂ ਹਨ ਇਸ ਦਾ ਲਾਭ।
- 7 ਅਰਬ ਤੋਂ ਵੱਧ ਰੁਪਏ ਦਾ ਭੁਗਤਾਨ ਹੋ ਚੁੱਕਿਆ ਹੈ ਹੁਣ ਤੱਕ ਪੀਐੱਮ-ਜੇਏਵਾਈ ਆਯੁਸ਼ਮਾਨ ਭਾਰਤ ਯੋਜਨਾ ਦੇ ਤਹਿਤ ਇਲਾਜ 'ਤੇ।

2025

ਤੱਕ ਭਾਰਤ 'ਚ ਟੀਬੀ ਦੇ ਖ਼ਾਤਮੇ ਦਾ ਟੀਚਾ

ਸੰਯੁਕਤ ਰਾਸ਼ਟਰ ਨੇ 2030 ਤੱਕ ਦੁਨੀਆ ਨੂੰ ਟੀਬੀ ਤੋਂ ਮੁਕਤ ਕਰਨ ਦਾ ਟੀਚਾ ਰੱਖਿਆ ਹੈ, ਜਦਕਿ ਭਾਰਤ ਨੇ ਆਪਣੇ ਲਈ ਇਸ ਟੀਚੇ ਨੂੰ 2025 ਤੱਕ ਪੂਰਾ ਕਰਨ ਦੀ ਪ੍ਰਤੀਬੱਧਤਾ ਪ੍ਰਗਟਾਈ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਟੀਬੀ ਮੁਕਤ ਭਾਰਤ ਅਭਿਯਾਨ ਦੀ ਨਵੀਂ ਰਣਨੀਤੀ ਯੋਜਨਾ ਨੂੰ ਲਾਂਚ ਕਰ ਚੁੱਕੇ ਹਨ। ਪਹਿਲੇ ਤਿੰਨ ਸਾਲਾਂ 'ਚ ਇਸ ਲਈ 12 ਹਜ਼ਾਰ ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

ਸਵੱਛ ਭਾਰਤ ਅਭਿਯਾਨ ਨਾਲ ਵਧੀ ਸਵੱਛਤਾ ਕਵਰੇਜ

ਸ੍ਵਚ੍ਛ ਭਾਰਤ
ਏਕ ਕਦਮ ਸ੍ਵਚ੍ਛਤਾ ਕੀ ਓਰ

ਦੇਸ਼ ਦੇ ਜ਼ਿਆਦਾਤਰ ਪਿੰਡ ਖੁੱਲ੍ਹੇ 'ਚ ਪਖਾਨੇ ਤੋਂ ਮੁਕਤ ਐਲਾਨੇ ਜਾ ਚੁੱਕੇ ਹਨ। 20 ਅਪ੍ਰੈਲ, 2021 ਤੱਕ ਦੇਸ਼ ਵਿੱਚ 11 ਕਰੋੜ ਤੋਂ ਵੱਧ ਘਰਾਂ 'ਚ ਪਖਾਨਿਆਂ ਦਾ ਨਿਰਮਾਣ ਹੋ ਚੁੱਕਿਆ ਹੈ।

ਹਰੇਕ ਮਾਸੂਮ ਤੱਕ ਟੀਕੇ ਦੀ ਪਹੁੰਚ

ਬੱਚਿਆਂ 'ਚ ਟੀਕਾਕਰਣ ਲਈ ਮਿਸ਼ਨ ਇੰਦਰਧਨੁਸ਼ ਦੀ ਸ਼ੁਰੂਆਤ। 12 ਬਿਮਾਰੀਆਂ ਦੀ ਵੈਕਸੀਨ ਇਸ ਦੇ ਤਹਿਤ ਲਗਾਈ ਜਾ ਰਹੀ ਹੈ। ਸਵਦੇਸ਼ੀ ਨਿਊਮੋਕੋਕਲ ਵੈਕਸੀਨ ਨਾਲ ਪੂਰੇ ਦੇਸ਼ 'ਚ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਬਜਟ 'ਚ ਕੀਤਾ ਗਿਆ। ਇਸ ਨਾਲ ਹਰ ਸਾਲ 50,000 ਬੱਚਿਆਂ ਦੀ ਜਾਨ ਬਚਾਈ ਜਾ ਸਕੇਗੀ।

3.70 ਕਰੋੜ ਬੱਚਿਆਂ ਤੇ ਲਗਭਗ 92 ਲੱਖ ਮਹਿਲਾਵਾਂ ਦਾ ਟੀਕਾਕਰਣ ਮਿਸ਼ਨ ਇੰਦਰਧਨੁਸ਼ ਦੇ ਤਹਿਤ ਕੀਤਾ ਜਾ ਚੁੱਕਿਆ ਹੈ।

15 ਨਵੇਂ ਏਮਸ ਖੋਲ੍ਹੇ ਗਏ ਪੂਰੇ ਦੇਸ਼ ਵਿੱਚ ਮੈਡੀਕਲ ਸਿੱਖਿਆ ਨੂੰ ਹੁਲਾਰਾ ਦੇਣ ਲਈ ਜੰਮੂ ਤੇ ਕਸ਼ਮੀਰ 'ਚ ਧਾਰਾ 370 ਦੇ ਖ਼ਾਤਮੇ ਤੋਂ ਬਾਅਦ 2 ਏਮਸ ਅਤੇ 9 ਨਵੇਂ ਮੈਡੀਕਲ ਕਾਲਜ ਦਾ ਤੋਹਫ਼ਾ ਮਿਲਿਆ।

- 50 ਹਜ਼ਾਰ ਤੋਂ ਜ਼ਿਆਦਾ ਹੈਲਥ ਐਂਡ ਵੈੱਲਨੈੱਸ ਸੈਂਟਰਾਂ ਦੀ ਸ਼ੁਰੂਆਤ ਕੀਤੀ ਗਈ ਦੇਸ਼ 'ਚ ਕੋਰੋਨਾ ਕਾਲ ਦੌਰਾਨ।
- 10 ਲੱਖ ਤੋਂ ਵੱਧ ਲੋਕ ਲੈ ਚੁੱਕੇ ਹਨ ਟੈਲੀਮੈਡੀਸਿਨ ਸੇਵਾ ਦਾ ਲਾਭ।
- 2014 'ਚ ਮੈਡੀਕਲ ਵਿੱਚ 52 ਹਜ਼ਾਰ ਗ੍ਰੈਜੂਏਟ ਤੇ 30 ਹਜ਼ਾਰ ਪੋਸਟ ਗ੍ਰੈਜੂਏਟ ਸੀਟਾਂ ਸਨ। ਹੁਣ ਦੇਸ਼ ਵਿੱਚ 85 ਹਜ਼ਾਰ ਤੋਂ ਵੱਧ ਗ੍ਰੈਜੂਏਟ ਅਤੇ 46 ਹਜ਼ਾਰ ਤੋਂ ਵੱਧ ਪੋਸਟ-ਗ੍ਰੈਜੂਏਟ ਸੀਟਾਂ ਹਨ।
- 381 ਮੈਡੀਕਲ ਕਾਲਜ ਖੋਲ੍ਹੇ ਗਏ ਸਨ 1947 ਤੋਂ ਲੈ ਕੇ 2014 ਦੌਰਾਨ। 2014-2020 ਦੌਰਾਨ 6 ਸਾਲਾਂ 'ਚ ਹੀ 184 ਨਵੇਂ ਮੈਡੀਕਲ ਕਾਲਜ।

ਭਰੋਸੇ ਦੇ
07 ਸਾਲ

ਨਵ-ਨਿਰਮਾਣ ਵੱਲ
ਨਵਾਂ ਭਾਰਤ

ਦਹਾਕਿਆਂ ਤੱਕ ਕਿਸਮਤ ਦੇ ਭਰੋਸੇ ਰਿਹਾ ਦੇਸ਼ ਹੁਣ ਸਰਬਪੱਖੀ ਵਿਕਾਸ ਦੀ ਸੋਚ ਅਤੇ ਟੈਕਨੋਲੋਜੀ ਨਾਲ ਪ੍ਰਗਤੀ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ।

ਦੇਸ਼ ਦੀ 65% ਆਬਾਦੀ 35 ਸਾਲ ਤੋਂ ਘੱਟ ਉਮਰ ਦੀ ਹੈ। ਜੇਕਰ ਇਸ ਵਰਗ ਵਿੱਚ ਸੁਭਾਵਿਕ ਆਕਾਂਖਿਆਵਾਂ ਹਨ ਤਾਂ ਰਾਸ਼ਟਰ ਨੂੰ ਪ੍ਰਗਤੀ ਦੀਆਂ ਉਚਾਈਆਂ 'ਤੇ ਲਿਜਾਣ ਦਾ ਜਜ਼ਬਾ ਵੀ ਹੈ। ਭਾਰਤ ਦੇ ਨੌਜਵਾਨਾਂ ਦੀ ਇਸੇ ਭਾਵਨਾ ਨੂੰ ਸਾਕਾਰ ਕਰਕੇ ਇੱਕ ਸੁਰੱਖਿਅਤ, ਖੁਸ਼ਹਾਲ ਅਤੇ ਪ੍ਰਗਤੀਸ਼ੀਲ ਭਾਰਤ ਦੇ ਨਿਰਮਾਣ ਦੀ ਪਹਿਲ ਹੈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ 'ਨਿਊ ਇੰਡੀਆ, ਗ੍ਰੇਟ ਇੰਡੀਆ' ਦਾ ਵਿਜ਼ਨ। ਕੋਰੋਨਾ ਜਿਹੀ ਆਪਦਾ ਵਿੱਚ ਵੀ ਨਵਾਂ ਮੌਕਾ ਭਾਲ ਕੇ ਇਸੇ ਹੀ ਸਮਰੱਥ ਯੁਵਾ ਸਕਤੀ, ਇੱਕ ਨਿਰਣਾਇਕ ਅਗਵਾਈ ਅਤੇ ਪ੍ਰਭਾਵਸ਼ਾਲੀ ਗਲੋਬਲ ਪ੍ਰੋਫਾਈਲ ਦੇ ਨਾਲ ਅਵਸਰ ਨੂੰ ਆਪਣੇ ਹੱਥ ਵਿੱਚ ਲੈ ਕੇ ਭਾਰਤ 'ਨਿਊ ਇੰਡੀਆ' ਦੇ ਨਿਰਮਾਣ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।

ਸਾਡੀ ਵਿਚਾਰਧਾਰਾ ਦੇਸ਼ ਦੇ ਲਈ ਲਾਭਦਾਇਕ ਹੈ। ਅਸੀਂ ਉਸੇ ਵਿਚਾਰਧਾਰਾ ਵਿੱਚ ਪਲੇ ਹਾਂ ਜੋ ਰਾਸ਼ਟਰ ਪ੍ਰਥਮ (ਨੇਸ਼ਨ ਫਸਟ) ਦੀ ਗੱਲ ਕਰਦੀ ਹੈ। ਇਹ ਸਾਡੀ ਵਿਚਾਰਧਾਰਾ ਹੈ ਕਿ ਸਾਨੂੰ ਰਾਜਨੀਤੀ ਦਾ ਪਾਠ ਰਾਸ਼ਟਰੀ ਨੀਤੀ ਦੀ ਭਾਸ਼ਾ ਵਿੱਚ ਪੜ੍ਹਾਇਆ ਜਾਂਦਾ ਹੈ। ਸਾਡੀ ਰਾਜਨੀਤੀ ਵਿੱਚ ਵੀ ਰਾਸ਼ਟਰ-ਨੀਤੀ ਸਭ ਤੋਂ ਉੱਪਰ ਹੈ। ਸਾਨੂੰ ਰਾਜਨੀਤੀ ਅਤੇ ਰਾਸ਼ਟਰ ਨੀਤੀ ਵਿੱਚੋਂ ਇੱਕ ਨੂੰ ਹੀ ਸਵੀਕਾਰ ਕਰਨਾ ਪਵੇਗਾ। ਸਾਨੂੰ ਸੰਸਕਾਰ ਮਿਲੇ ਹਨ ਰਾਸ਼ਟਰ ਨੀਤੀ ਨੂੰ ਸਵੀਕਾਰ ਕਰਨ ਦੇ ਅਤੇ ਰਾਜਨੀਤੀ ਨੂੰ ਦੂਜੇ ਨੰਬਰ ਉੱਤੇ ਰੱਖਣ ਦੇ। ਸਾਨੂੰ ਮਾਣ ਹੈ ਕਿ ਸਾਡੀ ਵਿਚਾਰਧਾਰਾ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ' ਦੀ ਗੱਲ ਕਰਦੀ ਹੈ, ਇਸੇ ਮੰਤਰ ਨੂੰ ਜੀਊਂਦੀ ਹੈ।

ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਜੇਕਰ 20ਵੀਂ ਸਦੀ ਨੂੰ ਰਾਜਨੀਤਕ ਮਹਾਸ਼ਕਤੀਆਂ ਦੁਆਰਾ ਆਕਾਰ ਦਿੱਤਾ ਗਿਆ, ਤਾਂ 21ਵੀਂ ਸਦੀ ਦੀ ਮੁੱਖ ਅਗਵਾਈ ਟੈਕਨੋਲੋਜੀ ਸੁਪਰ ਪਾਵਰ ਦੇ ਹੱਥਾਂ ਵਿੱਚ ਹੋਵੇਗੀ। ਆਜ਼ਾਦ ਭਾਰਤ ਵਿੱਚ ਜਨਮੇ ਦੇਸ਼ ਦੇ ਪਹਿਲੇ ਅਗਵਾਈ ਕਰਤਾ ਨੇ ਇਸ ਗੂੜ੍ਹ ਮੰਤਰ ਨਾਲ ਸੁਸ਼ਾਸਨ ਦੀ ਅਜਿਹੀ ਪਟਕਥਾ ਲਿਖੀ ਕਿ ਦੇਸ਼ ਦੀ ਵਿਕਾਸ ਯਾਤਰਾ ਨੇ ਆਪਣੀ ਤੇਜ਼ ਗਤੀ ਨਾਲ ਵਿਸ਼ਵ ਨੂੰ ਨਾ ਕੇਵਲ ਚੌਂਕਾਇਆ ਬਲਕਿ ਅੰਤਰਰਾਸ਼ਟਰੀ ਮੰਚਾਂ ਉੱਤੇ ਵੀ ਭਾਰਤ ਦਾ ਮਾਣ ਵਧਾ ਦਿੱਤਾ। ਟੈਕਨੋਲੋਜੀ ਦੇ ਬਿਹਤਰ ਇਸਤੇਮਾਲ ਦਾ ਹੀ ਨਤੀਜਾ ਹੈ ਕਿ ਕੋਰੋਨਾ ਜਿਹੀ ਆਪਦਾ ਦੇ ਸਮੇਂ ਵੀ ਦੇਸ਼ ਠਹਿਰਿਆ ਨਹੀਂ, ਲੌਕਡਾਊਨ ਦੇ ਬਾਵਜੂਦ ਵੀ ਗ਼ਰੀਬਾਂ ਦੇ ਘਰ ਅਨਾਜ ਪਹੁੰਚਿਆ ਅਤੇ ਚੁੱਲ੍ਹਾ ਬਲਦਾ ਰਿਹਾ। ਇਸ ਆਪਦਾ ਨਾਲ ਨਿਪਟਣ ਵਿੱਚ ਭਾਰਤ ਜਿਹੀ ਸੰਘਣੀ ਆਬਾਦੀ ਵਾਲੇ ਦੇਸ਼ ਵਿੱਚ ਹੈਲਥ ਦਾ ਅਜਿਹਾ ਢਾਂਚਾ ਖੜ੍ਹਾ ਕੀਤਾ ਕਿ ਕੋਰੋਨਾ ਦੀ ਪਹਿਲੀ ਲਹਿਰ ਸਮੇਂ ਦੇਸ਼ ਨੇ ਕੀਰਤੀਮਾਨ ਸਥਾਪਿਤ ਕੀਤਾ। ਹੁਣ ਦੂਸਰੀ ਲਹਿਰ ਨੇ ਭਿਆਨਕ ਰੂਪ ਲਿਆ ਤਾਂ ਕੇਂਦਰ ਸਰਕਾਰ ਨੇ ਇੱਕ ਵਾਰ ਫਿਰ 'ਜਾਨ ਹੈ ਤੋ ਜਹਾਨ ਹੈ' ਦੇ ਮੰਤਰ ਅਨੁਸਾਰ ਲੋਕਾਂ ਦਾ ਜੀਵਨ ਬਚਾਉਣ ਨੂੰ ਪ੍ਰਾਥਮਿਕਤਾ ਦਿੱਤੀ। ਇਸ ਕੰਮ ਵਿੱਚ ਟੈਕਨੋਲੋਜੀ ਦਾ ਬਿਹਤਰ ਇਸਤੇਮਾਲ ਤੁਰੰਤ ਨਤੀਜੇ ਦੇਣ ਵਾਲਾ ਸਾਬਤ ਹੋਇਆ ਹੈ।

ਨਵੀਂ ਸਦੀ ਵਿੱਚ ਟੈਕਨੋਲੋਜੀ ਦੀ ਅਹਿਮੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਦੇਸ਼ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਸਮਾਜ ਦੀ ਕਤਾਰ ਵਿੱਚ ਖੜ੍ਹਾ ਆਖਰੀ ਵਿਅਕਤੀ ਵੀ ਸਰਕਾਰੀ ਯੋਜਨਾਵਾਂ ਦਾ ਸਿੱਧਾ ਲਾਭਾਰਥੀ ਬਣਿਆ। ਸਾਇੰਸ ਅਤੇ ਟੈਕਨੋਲੋਜੀ ਭਾਰਤ ਦੇ ਵਿਕਾਸ ਦਾ ਇੱਕ ਅਜਿਹਾ ਉਪਕਰਣ ਬਣ ਗਿਆ ਹੈ ਕਿ ਪ੍ਰਸ਼ਾਸਨਿਕ ਸੁਧਾਰ, ਬਿਜਲੀ, ਰੇਲ ਸੁਧਾਰ, ਭ੍ਰਿਸ਼ਟਾਚਾਰ ਉੱਤੇ ਅੰਕੁਸ਼, ਟੈਕਸ ਪਾਰਦਰਸ਼ਤਾ, ਜੀਐੱਸਟੀ ਨਾਲ ਇੱਕ ਦੇਸ਼ ਇੱਕ ਟੈਕਸ, ਸਕਿੱਲ ਇੰਡੀਆ, ਸਟਾਰਟਅੱਪ ਇੰਡੀਆ, ਡਿਜੀਟਲ ਇੰਡੀਆ, ਕਿਸਾਨਾਂ-ਮਹਿਲਾਵਾਂ ਦੇ ਹਿਤ ਵਿੱਚ ਉਪਰਾਲੇ, ਸਿੱਖਿਆ ਦੇ ਖੇਤਰ ਵਿੱਚ ਬਦਲਾਅ ਤੋਂ ਲੈ ਕੇ ਰੱਖਿਆ ਆਧੁਨਿਕੀਕਰਣ ਅਤੇ ਦਹਾਕਿਆਂ ਤੋਂ ਲੰਬਿਤ ਪਈਆਂ ਯੋਜਨਾਵਾਂ ਸਾਕਾਰ ਹੋ ਰਹੀਆਂ ਹਨ ਜੋ ਪਹਿਲਾਂ ਅਸੰਭਵ ਲਗਦੀਆਂ ਸਨ।

ਕੀ ਕਦੇ ਕੋਈ ਸੋਚ ਸਕਦਾ ਸੀ ਕਿ -30 ਡਿਗਰੀ ਸੈਲਸੀਅਸ ਤਾਪਮਾਨ ਵਾਲੇ ਲੱਦਾਖ ਖੇਤਰ ਵਿੱਚ ਨਲ ਤੋਂ ਪਾਣੀ ਮਿਲ ਸਕਦਾ ਹੈ? ਅਸਾਮ ਦਾ ਸਰਾਪ ਕਹੀ ਜਾਣ ਵਾਲੀ ਬ੍ਰਹਮਪੁੱਤਰ ਨਦੀ ਉੱਤੇ ਬੋਗੀਬੀਲ ਪੁਲ਼ ਦਾ ਨਿਰਮਾਣ ਇੰਨੀ ਤੇਜ਼ੀ ਨਾਲ ਹੋ ਸਕਦਾ ਹੈ? ਕੀ ਕਦੇ ਕੋਈ ਸੋਚ ਸਕਦਾ ਸੀ ਕਿ ਰੋਹਤਾਂਗ ਵਿੱਚ ਮਨਾਲੀ- ਲੇਹ ਰਾਜਮਾਰਗ ਉੱਤੇ ਅਟਲ ਟਨਲ ਦੇ ਨਿਰਮਾਣ ਦਾ 26 ਸਾਲ ਬਾਅਦ ਪੂਰਾ ਹੋਣ ਵਾਲਾ ਸੁਪਨਾ ਮਹਿਜ਼ 6 ਸਾਲ ਵਿੱਚ ਪੂਰਾ ਹੋ ਸਕਦਾ ਹੈ? ਦੇਸ਼ ਦੇ ਪਿੰਡ-ਪਿੰਡ ਵਿੱਚ ਰਸੋਈ ਗੈਸ, ਬਿਜਲੀ, ਸੜਕ ਦੀ ਸੁਵਿਧਾ ਦਾ ਵਿਸਤਾਰ ਚੰਦ ਵਰ੍ਹਿਆਂ ਵਿੱਚ ਹੋ ਸਕਦਾ ਹੈ? 11 ਕਰੋੜ ਤੋਂ ਜ਼ਿਆਦਾ ਪਖਾਨੇ ਬਣਾ ਕੇ ਦੇਸ਼ ਨੂੰ ਖੁੱਲ੍ਹੇ ਵਿੱਚ ਪਖਾਨੇ ਤੋਂ ਮੁਕਤ ਬਣਾਇਆ ਜਾ ਸਕਦਾ ਹੈ? 40 ਕਰੋੜ ਗ਼ਰੀਬਾਂ ਨੂੰ ਜਨ-ਧਨ ਖਾਤੇ ਖੋਲ੍ਹ ਕੇ ਬੈਂਕਿੰਗ ਸਿਸਟਮ ਨਾਲ ਜੋੜਿਆ ਜਾ ਸਕਦਾ ਹੈ? ਆਯੁਸ਼ਮਾਨ ਭਾਰਤ ਜਿਹੀਆਂ ਯੋਜਨਾਵਾਂ ਨਾਲ 50 ਕਰੋੜ ਤੋਂ ਅਧਿਕ ਲੋਕਾਂ ਨੂੰ ਮੁਫਤ ਇਲਾਜ ਦੇ ਕੇ ਦੇਸ਼ ਯੂਨੀਵਰਸਲ ਹੈਲਥਕੇਅਰ ਦੀ ਸੁਵਿਧਾ ਦੇ ਸਕਦਾ ਹੈ? ਕਰਜ਼ੇ ਵਿੱਚ ਡੁੱਬੇ ਕਿਸਾਨਾਂ ਨੂੰ 10 ਸਾਲ ਵਿੱਚ 7 ਲੱਖ ਕਰੋੜ ਰੁਪਏ ਦੀ ਸਨਮਾਨ ਨਿਧੀ ਨਾਲ ਉਨ੍ਹਾਂ ਨੂੰ ਕਰਜ਼ ਮੁਕਤੀ ਵੱਲ ਲਿਜਾ ਸਕਦਾ ਹੈ? ਕੀ ਸਕੂਲ ਦੇ ਬੱਚੇ ਖੇਲ-ਖੇਲ ਵਿੱਚ ਇਨੋਵੇਸ਼ਨ ਕਰਕੇ ਵਿਸ਼ਵ ਪੱਧਰ 'ਤੇ ਮੁਕਾਬਲਾ ਕਰ ਸਕਦੇ ਹਨ? ਦੇਸ਼ ਦਾ ਯੁਵਾ ਸਟਾਰਟਅੱਪ ਰਾਹੀਂ ਰੋਜ਼ਗਾਰ ਦੇਣ ਵਾਲਾ ਬਣ ਸਕਦਾ ਹੈ? ਬੋਡੋ ਅਤੇ ਬਰੂ-ਰਿਯਾਂਗ ਜਿਹੇ ਸਮਝੌਤਿਆਂ ਨਾਲ ਪੂਰਬ-ਉੱਤਰ ਵਿੱਚ ਦਹਾਕਿਆਂ ਤੋਂ ਚਲੀ ਆ ਰਹੀ ਸਮੱਸਿਆ ਦਾ ਸਮਾਧਾਨ ਹੋ ਸਕਦਾ ਹੈ? ਸਿੱਕਿਮ ਪਹਿਲੀ ਵਾਰ ਭਾਰਤ ਦੇ ਏਵੀਏਸ਼ਨ ਮੈਪ ਉੱਤੇ ਉੱਭਰ ਸਕਦਾ ਹੈ? ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਈ ਜਾ ਸਕਦੀ ਹੈ? ਤੀਹਰੇ ਤਲਾਕ ਜਿਹੀ ਸਦੀਆਂ ਪੁਰਾਣੀ ਕੁਪ੍ਰਥਾ ਦਾ ਅੰਤ ਹੋ ਸਕਦਾ ਹੈ? ਜਾਂ ਸ਼ਾਂਤੀ ਅਤੇ ਸੁਹਿਰਦਤਾ ਦੇ ਨਾਲ ਰਾਮ ਮੰਦਿਰ ਨਿਰਮਾਣ ਦਾ ਰਾਹ ਪੱਧਰਾ ਹੋ ਸਕਦਾ ਹੈ? ਕੀ ਕੋਰੋਨਾ ਜਿਹੀ ਆਪਦਾ ਦੇ ਸਮੇਂ ਕੋਈ ਲੀਡਰਸ਼ਿਪ ਆਤਮਨਿਰਭਰ ਭਾਰਤ ਦੀ ਅਲਖ ਜਗਾ ਕੇ ਦੇਸ਼ ਦੇ ਅਪਾਰ ਜਨ-ਸਮੂਹ ਨੂੰ ਉਸ ਨਾਲ ਜੋੜ ਸਕਦੀ ਹੈ? ਉਰੀ ਸਰਜੀਕਲ ਸਟ੍ਰਾਈਕ, ਬਾਲਾਕੋਟ ਏਅਰ ਸਟ੍ਰਾਈਕ ਨੇ ਦੱਸ ਦਿੱਤਾ ਹੈ ਕਿ ਭਾਰਤ ਹੁਣ ਬਦਲ ਰਿਹਾ ਹੈ। ਦੇਸ਼ ਵਿੱਚ ਅਜਿਹੇ ਕਾਰਜਾਂ ਦੀਆਂ ਦਰਜਨਾਂ ਉਦਾਹਰਣਾਂ ਹਨ ਜੋ ਨਾ ਸਿਰਫ ਸੰਭਵ ਹੋਏ ਬਲਕਿ ਬੇੜੀਆਂ ਨੂੰ ਤੋੜ ਕੇ ਨਵੇਂ ਭਾਰਤ ਦੀ ਦਸ਼ਾ-ਦਿਸ਼ਾ ਨਿਰਧਾਰਿਤ ਕਰ ਰਹੇ ਹਨ।

ਤੁਰੰਤ ਫੈਸਲੇ, ਤੇਜ਼ ਗਤੀ ਨਾਲ ਕਾਰਵਾਈ, ਗ੍ਰਾਮ- ਗ਼ਰੀਬ ਦੀ ਫਿਕਰ, ਟੈਕਨੋਲੋਜੀ ਦੇ ਨਾਲ ਵਿਕਾਸ ਅਤੇ ਜੀਵਨ ਪੱਧਰ ਵਿੱਚ ਸੁਧਾਰ ਭਾਰਤ ਦੇ ਨਿਊ ਸਕਸੈੱਸ ਮਾਡਲ ਦੇ ਬੈਰੋਮੀਟਰ ਹਨ।

ਨਵੇਂ ਭਾਰਤ ਦੀ ਨਵੀਂ ਸਵੇਰ

ਦਰਅਸਲ ਇਹੀ ਨਵਾਂ ਭਾਰਤ ਹੈ, ਜਿਸ ਦਾ ਮਤਲਬ ਹੈ ਯੁਵਾ ਸਕਤੀ ਦੇ ਸੁਪਨੇ ਦਾ ਨਿਰਮਾਣ ਕਰਨਾ। ਇੱਕ ਅਜਿਹਾ ਭਾਰਤ ਜੋ ਨਾਰੀ ਸ਼ਕਤੀ ਦੀਆਂ

ਇਹ ਅਨੁਕੂਲ ਮੌਕਾ ਹੈ ਕਿ ਭਾਰਤ ਦੀ ਅੱਧੀ ਆਬਾਦੀ 27 ਸਾਲ ਤੋਂ ਘੱਟ ਉਮਰ ਦੀ ਹੈ, ਜੋ ਨਵੇਂ ਭਾਰਤ ਦੇ ਨਿਰਮਾਣ ਵਿੱਚ ਸਭ ਤੋਂ ਅਹਿਮ ਭੂਮਿਕਾ ਨਿਭਾ ਸਕਦੀ ਹੈ

ਆਕਾਂਖਿਆਵਾਂ ਨੂੰ ਪੂਰਾ ਕਰਦਾ ਹੋਵੇ, ਜਿੱਥੇ ਗ਼ਰੀਬਾਂ ਲਈ ਅੱਗੇ ਵਧਣ ਦੇ ਕਾਫ਼ੀ ਮੌਕੇ ਹੋਣ, ਗ਼ਰੀਬਾਂ ਅਤੇ ਮੱਧ ਵਰਗ ਦੀਆਂ ਆਕਾਂਖਿਆਵਾਂ ਭਾਰਤ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣ। ਜੇਕਰ ਅਰਥਵਿਵਸਥਾ ਨੂੰ ਗਤੀ ਦੇਣ ਦੀ ਦ੍ਰਿੜ੍ਹ ਇੱਛਾ-ਸ਼ਕਤੀ ਹੋਵੇ ਅਤੇ ਸਾਰਿਆਂ ਲਈ ਸੁਸ਼ਾਸਨ ਦਾ ਅਜਿਹਾ ਮੰਤਰ ਹੋਵੇ ਜੋ ਬਹੁਮਤ ਦੀ ਬਜਾਏ ਸਰਬ-ਸੰਮਤੀ ਦੀ ਸੋਚ ਨੂੰ ਪ੍ਰੋਤਸਾਹਿਤ ਕਰਦਾ ਹੋਵੇ ਅਤੇ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ' ਹੀ ਜਿਸ ਦੀ ਡ੍ਰਾਈਵਿੰਗ ਫੋਰਸ ਹੋਵੇ। ਇੱਕ ਅਜਿਹੇ ਭਾਰਤ ਦਾ ਨਿਰਮਾਣ ਜਿੱਥੇ ਭਾਰਤ ਨੂੰ ਗ਼ਰੀਬੀ, ਗੰਦਗੀ, ਭ੍ਰਿਸ਼ਟਾਚਾਰ, ਆਤੰਕਵਾਦ, ਜਾਤੀਵਾਦ ਅਤੇ ਸੰਪਰਦਾਇਕਤਾ ਤੋਂ ਮੁਕਤ ਕਰਾਉਣ ਦਾ ਸੰਕਲਪ ਆਜ਼ਾਦੀ ਦੇ 75ਵੇਂ ਸਾਲ ਦੀ ਸਮਾਪਤੀ ਤੱਕ ਪੂਰਾ ਕਰਨ ਦਾ ਹੋਵੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ਼ਬਦਾਂ ਵਿੱਚ "ਨਿਊ ਇੰਡੀਆ ਯਾਨੀ 65 ਪ੍ਰਤੀਸ਼ਤ ਆਬਾਦੀ ਜੋ ਕਿ 35 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੀ ਹੈ, ਦੇ ਸੁਪਨਿਆਂ ਦਾ ਨਿਊ ਇੰਡੀਆ, ਸਸ਼ਕਤ ਮਹਿਲਾਵਾਂ ਦੇ ਸੁਪਨਿਆਂ ਦਾ ਨਿਊ ਇੰਡੀਆ। ਅਜਿਹਾ ਨਿਊ ਇੰਡੀਆ ਜੋ ਦੇਸ਼ ਦੇ ਗ਼ਰੀਬਾਂ ਨੂੰ ਕੁਝ ਪ੍ਰਾਪਤ ਕਰਨ ਦੀ ਬਜਾਏ ਕੁਝ ਕਰਨ ਦੀ ਇੱਛਾ ਦੇ ਮੌਕੇ ਭਾਲਣ ਲਈ ਪ੍ਰੇਰਿਤ ਕਰੇ। ਦੇਸ਼ ਦਾ ਗ਼ਰੀਬ ਵੀ, ਮੈਨੂੰ ਕੁਝ ਦੇ ਦਿਉ ਤਾਂ ਅੱਛਾ ਹੈ, ਦੀ ਮਾਨਸਿਕਤਾ ਨੂੰ ਛੱਡ ਚੁੱਕਿਆ ਹੈ। ਗ਼ਰੀਬ ਕਹਿੰਦਾ ਹੈ ਕਿ ਮੈਂ ਆਪਣੇ ਬਲਬੂਤੇ 'ਤੇ ਅੱਗੇ ਵਧਣਾ ਚਾਹੁੰਦਾ ਹਾਂ। ਆਪ ਮੇਰੇ ਲਈ ਮੌਕੇ ਉਪਲਬਧ ਕਰਵਾ ਦਿਉ, ਮਿਹਨਤ ਮੈਂ ਖੁਦ ਕਰਾਂਗਾ। ਇਹ ਨਿਊ ਇੰਡੀਆ ਦੀ ਬੁਨਿਆਦ ਹੈ।"

ਦੇਸ਼ ਭਕਤੀ ਕੀ ਬਹ ਰਹੀ ਹਵਾਏਂ, ਪੂਰਵ-ਪਸ਼ਚਿਮ ਮੇਂ ਜਗੀ ਆਸ਼ਾਏਂ, ਉੱਤਰ-ਦਕਸ਼ਿਣ ਸਬ ਜੁਟ ਜਾਏਂ, ਸੰਕਲਪ ਸੇ ਸਿੱਧੀ ਲਾਏਂ, ਚਲੋ ਮਿਲਕਰ ਨਯਾ ਭਾਰਤ ਬਨਾਏਂ...

QR ਕੋਡ ਸਕੈਨ ਕਰਕੇ ਸੁਣੋ ਕਿਹੋ ਜਿਹਾ ਹੋਵੇਗਾ ਤੁਹਾਡੇ ਸੁਪਨਿਆਂ ਦਾ ਨਿਊ ਇੰਡੀਆ

https://m.youtube.com/watch?v=G768OYT5QSY

ਰਾਸ਼ਟਰ-ਨੀਤੀ ਦਾ ਅਧਾਰ ਟੈਕਨੋਲੋਜੀ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਉਹ ਵਿਚਾਰਧਾਰਾ ਦੇ ਉਸ ਸਕੂਲ ਤੋਂ ਆਏ ਹਨ ਜੋ ਸਮੱਸਿਆਵਾਂ ਨਾਲ ਟਕਰਾਉਣ ਵਿੱਚ ਵਿਸ਼ਵਾਸ ਰੱਖਦੇ ਹਨ। ਜਿਸ ਪ੍ਰਕਾਰ ਉਨ੍ਹਾਂ ਨੇ ਡਿਜੀਟਲ ਟੈਕਨੋਲੋਜੀ ਨੂੰ ਅਪਣਾਇਆ ਹੈ, ਉਸ ਤਰ੍ਹਾਂ ਕਿਸੇ ਹੋਰ ਨੇਤਾ ਨੇ ਨਹੀਂ ਕੀਤਾ ਹੈ। ਰਾਜਨੀਤੀ ਅਤੇ ਨੀਤੀ ਵਿੱਚ ਜਿਸ ਤਰ੍ਹਾਂ ਉਨ੍ਹਾਂ ਨੇ ਇਸ ਦਾ ਉਪਯੋਗ ਕੀਤਾ ਹੈ, ਉਸ ਦੇ ਕਈ ਸਬੂਤ ਮਿਲ ਚੁੱਕੇ ਹਨ। ਨੋਟਬੰਦੀ ਦੇ ਕਦਮ 'ਤੇ ਜ਼ੋਰ ਦੇਣ ਦਾ ਨਤੀਜਾ ਇਹ ਰਿਹਾ ਕਿ ਦੇਸ਼ ਵਿੱਚ ਡਿਜੀਟਲ ਲੈਣ-ਦੇਣ ਨੂੰ ਬਹੁਤ ਪ੍ਰੋਤਸਾਹਨ ਮਿਲਿਆ।

ਭਾਰਤ, ਉਨ੍ਹਾਂ ਕੁਝ ਕੁ ਦੇਸ਼ਾਂ ਵਿੱਚ ਸ਼ੁਮਾਰ ਹੈ ਜੋ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਟੈਕਨੋਲੋਜੀਕਲ ਨੀਤੀਆਂ ਬਣਾਉਣ ਵਿੱਚ ਸਭ ਤੋਂ ਅੱਗੇ ਹਨ। ਕਈ

ਨੌਜਵਾਨਾਂ ਦੀ ਸੋਚ ਵਿੱਚ ਨਵਾਂ ਭਾਰਤ

ਪਹਿਲਾਂ ਸੋਚ ਸੀ- ਭਾਰਤ ਕਿਉਂ? ਲੇਕਿਨ ਬੀਤੇ 7 ਸਾਲ ਵਿੱਚ ਇਹ ਮਾਹੌਲ ਬਦਲ ਗਿਆ ਹੈ। ਹੁਣ ਦੁਨੀਆ ਕਹਿੰਦੀ ਹੈ- ਭਾਰਤ ਕਿਉਂ ਨਹੀਂ? ਇਹੀ ਹੈ ਅੱਜ ਦਾ 'ਨਿਊ ਇੰਡੀਆ'...

ਖੇਤਰ ਜਿਨ੍ਹਾਂ ਵਿੱਚ ਟੈਕਨੋਲੋਜੀ ਦਾ ਵਿਆਪਕ ਪ੍ਰਭਾਵ ਪਿਆ ਹੈ, ਉਨ੍ਹਾਂ ਵਿੱਚੋਂ ਇੱਕ ਖੇਤੀਬਾੜੀ ਹੈ। ਆਰਟੀਫਿਸ਼ਲ ਇੰਟੈਲੀਜੈਂਸ (ਏਆਈ) ਨੂੰ ਗ਼ਰੀਬੀ ਖਤਮ ਕਰਨ, ਕਿਸਾਨਾਂ ਦੇ ਜੀਵਨ ਵਿੱਚ ਸੁਧਾਰ ਲਿਆਉਣ ਅਤੇ ਦਿੱਵਯਾਂਗਾਂ ਦੇ ਜੀਵਨ ਨੂੰ ਅਸਾਨ ਬਣਾਉਣ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਦਾ ਜ਼ੋਰ ਇਸ ਗੱਲ ਉੱਤੇ ਹੈ ਕਿ ਵੱਧ ਤੋਂ ਵੱਧ ਉੱਦਮੀ ਤਿਆਰ ਕੀਤੇ ਜਾਣ ਜੋ ਨੌਕਰੀ ਮੰਗਣ ਵਾਲੇ ਬਣਨ ਦੀ ਬਜਾਏ ਨੌਕਰੀ ਦੇਣ ਵਾਲੇ ਬਣਨ। ਇਸ ਦਿਸ਼ਾ ਵਿੱਚ ਜੀਐੱਸਟੀ ਗੇਮਚੇਂਜਰ ਸਾਬਤ ਹੋ ਰਿਹਾ ਹੈ ਕਿਉਂਕਿ ਸੁਤੰਤਰ ਕਾਮਗਾਰਾਂ ਅਤੇ ਸੇਵਾ ਉਪਲਬਧ ਕਰਵਾਉਣ ਵਾਲਿਆਂ ਦਾ ਨਵਾਂ ਪੂਲ, ਜੋ ਪਹਿਲਾਂ ਨੌਕਰੀਆਂ ਦੀ ਗਿਣਤੀ ਵਿੱਚ ਸ਼ਾਮਲ ਨਹੀਂ ਸਨ, ਉਨ੍ਹਾਂ ਨੂੰ ਹੁਣ ਜੀਐੱਸਟੀ ਨੈੱਟਵਰਕ ਦਾ ਉਪਯੋਗ ਕਰਕੇ ਪਹਿਚਾਣ ਸਕਦੇ ਹਾਂ। ਅਟਲ ਇਨੋਵੇਸ਼ਨ ਮਿਸ਼ਨ ਅਤੇ ਅਟਲ ਟਿੰਕਰਿੰਗ ਲੈਬ ਨਾਲ 10 ਲੱਖ ਬੱਚਿਆਂ ਨੂੰ ਇਨੋਵੇਟਰਸ ਦੇ ਤੌਰ 'ਤੇ ਅੱਗੇ ਵਧਾਉਣ ਦਾ ਮਹੱਤਵਪੂਰਨ ਲਕਸ਼ ਨਵੀਂ ਸੋਚ ਦੀ ਉਮਦਾ ਮਿਸਾਲ ਹੈ।

ਡਿਜੀਟਲ ਟੈਕਨੋਲੋਜੀ ਦੇ ਵਧਦੇ ਮਹੱਤਵ ਅਤੇ ਪ੍ਰਭਾਵ ਦਾ ਨਤੀਜਾ ਹੈ ਕਿ ਨਕਦ ਵਿੱਚ ਵੇਤਨ ਦੀ ਜਗ੍ਹਾ ਬੈਂਕ ਖਾਤੇ, ਇਲੈਕਟ੍ਰੌਨੀਕਲੀ ਅਤੇ ਮੋਬਾਈਲ ਰਾਹੀਂ ਵੇਤਨ ਦੇਣਾ, ਰੋਜ਼ਗਾਰ ਸਿਰਜਣ ਦੇ ਰਸਮੀ ਸੱਭਿਆਚਾਰ ਨੂੰ

ਕੋਰੋਨਾ ਜਿਹੀ ਆਪਦਾ ਵਿੱਚ ਅਸੀਂ ਫਸੇ ਤਾਂ ਪ੍ਰਧਾਨ ਮੰਤਰੀ ਤੋਂ ਲੈ ਕੇ ਸਾਂਸਦਾਂ ਤੱਕ ਦਾ ਵੇਤਨ ਘੱਟ ਕਰਕੇ ਪ੍ਰੇਰਣਾ ਦੀ ਪਹਿਲੀ ਸ਼ੁਰੂਆਤ ਸਿਖ਼ਰਲੇ ਪੱਧਰ ਤੋਂ ਹੋਈ।

ਜਨਮ ਦੇ ਰਿਹਾ ਹੈ। ਸਰਕਾਰ ਦੇ ਡਿਜੀਟਲ ਪ੍ਰਯਤਨਾਂ ਨੇ ਦੇਸ਼ ਵਿੱਚ ਨਿਯੁਕਤੀਕਾਰਾਂ ਨੂੰ ਰੋਜ਼ਗਾਰ ਦੀਆਂ ਸੇਵਾ ਸ਼ਰਤਾਂ ਉੱਤੇ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਹੈ। ਕਿਰਤ ਸੁਧਾਰ ਇੱਕ ਵੱਡੀ ਕ੍ਰਾਂਤੀ ਹੈ ਜੋ ਦੇਸ਼ ਨੂੰ ਅੱਗੇ ਲਿਜਾਣ ਵਾਲੀ ਹੈ।

ਗਲੋਬਲ ਲੀਡਰਸ਼ਿਪ ਦਾ ਅਨੁਕੂਲ ਅਵਸਰ

ਸਵੈਇੱਛੁਕ ਅਤੇ ਮਹੱਤਵਪੂਰਨ ਰਿਨਿਊਏਬਲ ਪਾਵਰ ਕਪੈਸਿਟੀ ਟੀਚਿਆਂ ਦੇ ਨਾਲ ਅਖੁੱਟ ਊਰਜਾ ਦੇ ਲਈ ਭਾਰਤ ਦੀ ਪ੍ਰਤੀਬੱਧਤਾ, ਪੈਰਿਸ ਜਲਵਾਯੂ ਸਮਝੌਤੇ ਦੀ ਚਰਚਾ ਵਿੱਚ ਉਸ ਦੀ ਮੋਹਰੀ ਭੂਮਿਕਾ ਅਤੇ ਇੰਟਰਨੈਸ਼ਨਲ ਸੋਲਰ ਅਲਾਇੰਸ ਇਹ ਦੱਸਦਾ ਹੈ ਕਿ ਭਾਰਤ ਵਾਤਾਵਰਣ ਸੁਰੱਖਿਆ ਅਤੇ ਜਲਵਾਯੂ ਪਰਿਵਰਤਨ ਨਾਲ ਨਿਪਟਣ ਲਈ ਅਗਵਾਈ ਕਰਨ ਵਿੱਚ ਸਮਰੱਥ ਹੈ। ਭਾਰਤ ਉਨ੍ਹਾਂ ਚੋਣਵੇਂ ਦੇਸ਼ਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਲਗਾਤਾਰ ਗਲੋਬਲ ਇਨੋਵੇਸ਼ਨ ਇੰਡੈਕਸ ਵਿੱਚ ਆਪਣੀ ਰੈਂਕਿੰਗ ਸੁਧਾਰੀ ਹੈ ਅਤੇ ਹੁਣ ਇਹ 48ਵੇਂ ਰੈਂਕ ਤੱਕ ਪਹੁੰਚ ਗਿਆ ਹੈ।

ਭਾਰਤ ਨੇ ਆਪਣੀਆਂ ਵਿਕਾਸ ਦੀਆਂ ਅਭਿਲਾਸ਼ਾਵਾਂ ਅਤੇ ਪ੍ਰਾਥਮਿਕਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬੁਨਿਆਦੀ ਢਾਂਚੇ ਵਿੱਚ ਲਾਮਿਸਾਲ ਸੁਧਾਰ ਕੀਤੇ ਹਨ, ਜਿਸ ਦਾ ਨਤੀਜਾ ਹੈ ਕਿ ਦੇਸ਼ ਵਿੱਚ ਸਲਾਨਾ ਪ੍ਰਤੀ ਵਿਅਕਤੀ ਆਮਦਨ ਵਿੱਚ 78 ਹਜ਼ਾਰ ਤੋਂ ਲੈ ਕੇ ਸਵਾ ਲੱਖ ਰੁਪਏ ਦਾ ਵਾਧਾ ਦੇਖਿਆ ਗਿਆ ਹੈ, ਖੇਤੀਬਾੜੀ ਵਿਕਾਸ ਦਰ ਮਾਈਨਸ ਤੋਂ ਬਾਹਰ ਆ ਗਈ, ਇਨਕਮ ਟੈਕਸ ਦੇਣ ਵਾਲਿਆਂ ਦੀ ਸੰਖਿਆ ਦੁੱਗਣੀ ਤੋਂ ਅਧਿਕ ਹੋ ਗਈ, ਰਾਸ਼ਟਰੀ ਰਾਜਮਾਰਗਾਂ ਦੇ ਨਿਰਮਾਣ ਦੀ ਗਤੀ ਵਿੱਚ 12 ਤੋ 37 ਕਿਲੋਮੀਟਰ ਪ੍ਰਤੀਦਿਨ ਦਾ ਸੁਧਾਰ ਹੋਇਆ, ਗ੍ਰਾਮੀਣ ਸੜਕ ਨਿਰਮਾਣ ਵਿੱਚ 70 ਤੋਂ 130 ਕਿਲੋਮੀਟਰ ਪ੍ਰਤੀਦਿਨ ਦਾ ਸੁਧਾਰ, ਰੇਲਵੇ ਲਾਈਨ ਦਾ ਬਿਜਲੀਕਰਣ 3 ਹਜ਼ਾਰ ਕਿਲੋਮੀਟਰ ਤੋਂ ਵਧ ਕੇ 13 ਹਜ਼ਾਰ ਦੇ ਪਾਰ ਜਾ ਚੁੱਕਿਆ ਹੈ। ਬਿਜਲੀ ਉਤਪਾਦਨ ਦੀ ਸਮਰੱਥਾ, ਔਪਟੀਕਲ ਫਾਈਬਰ, ਵਿੱਤੀ ਸਮਾਵੇਸ਼ਨ 99.4 ਫੀਸਦੀ ਤੱਕ ਪਹੁੰਚਣ ਦੇ ਨਾਲ-ਨਾਲ ਐੱਫਡੀਆਈ ਵਿੱਚ ਵੱਡਾ ਵਾਧਾ ਅਤੇ ਵਿਭਿੰਨ ਸੂਚਕ-ਅੰਕਾਂ ਵਿੱਚ ਭਾਰਤ ਨੇ ਵੱਡੀ ਛਲਾਂਗ ਲਗਾਈ ਹੈ। ਈਜ਼ ਆਵ੍ ਡੂਇੰਗ ਬਿਜ਼ਨਸ ਰੈਂਕਿੰਗ 2014 ਵਿੱਚ 142 ਤੋਂ ਵਧ ਕੇ ਹੁਣ 63 ਹੋ ਗਈ ਹੈ। ਵਰਲਡ ਬੈਂਕ ਇਲੈਕਟ੍ਰੀਸਿਟੀ ਐਕਸੈੱਸੇਬਿਲਿਟੀ ਰੈਂਕਿੰਗ ਵਿੱਚ 2014 ਤੋਂ 2018 ਦੇ ਦਰਮਿਆਨ ਭਾਰਤ ਨੇ 99ਵੇਂ ਤੋਂ 26ਵੇਂ ਸਥਾਨ ਦਾ ਸੁਧਾਰ ਦੇਖਿਆ ਹੈ। ਗਲੋਬਲ ਕੰਪੀਟੀਟਿਵਨੈੱਸ ਇੰਡੈਕਸ ਨੇ ਭਾਰਤ ਦੀ ਰੈਂਕਿੰਗ ਵਿੱਚ 71 ਤੋਂ 58 ਤੱਕ ਦਾ ਸੁਧਾਰ ਦੇਖਿਆ, ਜਦਕਿ ਵਰਲਡ ਇਕਨੋਮਿਕ ਫੋਰਮ ਦੇ ਟ੍ਰੈਵਲ ਐਂਡ ਟੂਰਿਜ਼ਮ ਕੰਪੀਟੀਟਿਵ ਇੰਡੈਕਸ ਵਿੱਚ ਭਾਰਤ ਦੇ 65ਵੇਂ ਤੋਂ 34ਵੇਂ ਰੈਂਕ ਤੱਕ ਦਾ ਸੁਧਾਰ ਹੋਇਆ ਹੈ।

ਸਰਕਾਰ ਦੀ ਸੋਚ ਨੇ ਦੇਸ਼ ਅਤੇ ਦੁਨੀਆ ਵਿੱਚ ਭਾਰਤ ਦਾ ਮਾਣ ਵਧਾਇਆ ਹੈ। ਇਸ ਵਿੱਚ ਜਨਤਕ ਭਾਗੀਦਾਰੀ ਅਹਿਮ ਹੈ ਜੋ ਨਵ-ਨਿਰਮਾਣ ਦਾ ਰਾਹ ਪੱਧਰਾ ਕਰ ਰਹੀ ਹੈ। ਸਰਕਾਰ ਦੀ ਮਜ਼ਬੂਤ

ਸਵੱਛ ਭਾਰਤ ਨਾਲ ਸ਼ੁਰੂ ਹੋਇਆ ਸਿਲਸਿਲਾ, ਡਿਜੀਟਲ ਇੰਡੀਆ, ਮੇਕ ਇਨ ਇੰਡੀਆ ਤੋਂ ਹੋ ਕੇ ਆਤਮਨਿਰਭਰ ਭਾਰਤ ਅਤੇ ਵੋਕਲ ਫੌਰ ਲੋਕਲ 'ਤੇ ਪਹੁੰਚਿਆ... ਅਤੇ ਲੋਕਾਂ ਨੇ ਖੁਦ ਇਨ੍ਹਾਂ ਨੂੰ ਜਨ ਅੰਦੋਲਨ ਬਣਾ ਦਿੱਤਾ।

ਨਿਰਣਾਇਕ ਲੀਡਰਸ਼ਿਪ ਵੀ ਜਵਾਬਦੇਹੀ ਦੇ ਨਾਲ ਤੁਰੰਤ ਅਤੇ ਤੇਜ਼ ਗਤੀ ਦੇ ਨਾਲ ਫੈਸਲੇ ਲੈ ਰਹੀ ਹੈ। ਕੋਰੋਨਾ ਜਿਹੀ ਵਿਪਰੀਤ ਪਰਿਸਥਿਤੀ ਵਿੱਚ ਸਰਕਾਰ ਹਰ ਸੰਭਵ ਉਪਰਾਲਾ ਕਰ ਰਹੀ ਹੈ। ਅਜਿਹੇ ਸਮੇਂ ਦੇਸ਼ ਦੇ ਵੀ ਸਿਦਕ ਦੀ ਪਰੀਖਿਆ ਹੈ ਕਿਉਂਕਿ ਜਦੋਂ ਅਸੀਂ ਮਨ ਬਣਾ ਕੇ ਸੰਕਲਪ ਅਤੇ ਸਮਰੱਥਾ ਦੇ ਨਾਲ ਨਿਰਧਾਰਿਤ ਲਕਸ਼ ਨੂੰ ਪ੍ਰਾਪਤ ਕਰਨ ਵਿੱਚ ਜੁਟ ਜਾਂਦੇ ਹਾਂ ਤਾਂ ਇਹ ਭਾਰਤ ਦੀ ਤਾਕਤ ਹੀ ਹੈ ਕਿ ਅਸੀਂ ਦੇਸ਼ ਨੂੰ ਸੰਕਟ ਵਿੱਚੋਂ ਬਾਹਰ ਕੱਢ ਲੈਂਦੇ ਹਾਂ। ਇਹ ਆਜ਼ਾਦੀ ਦੇ ਇਤਿਹਾਸ ਵਿੱਚ ਵੀ ਦਰਸਾਇਆ ਗਿਆ ਹੈ। ਉਸ ਸਮੇਂ ਦੇ ਪੂਰੇ ਅੰਦੋਲਨ ਅਤੇ ਪੂਜਨੀਕ ਬਾਪੂ ਦੇ ਵਿਅਕਤਿੱਤਵ ਨੂੰ, ਪ੍ਰਸਿੱਧ ਕਵੀ ਸੋਹਨ ਲਾਲ ਦ੍ਵਿਵੇਦੀ ਦੀ ਕਵਿਤਾ ਇੰਜ ਪ੍ਰਗਟ ਕਰਦੀ ਹੈ:

ਚਲ ਪੜੇ ਜਿਧਰ ਦੋ ਡਗ, ਮਗ ਮੇਂ
ਚਲ ਪੜੇ ਕੋਟਿ ਪਗ ਉਸੀ ਓਰ
ਗੜ ਗਈ ਜਿਧਰ ਭੀ ਏਕ ਦ੍ਰਿਸ਼ਟੀ
ਗੜ ਗਏ ਕੋਟਿ ਦ੍ਰਗ ਉਸੀ ਓਰ

ਇਨ੍ਹਾਂ ਸੱਤ ਵਰ੍ਹਿਆਂ ਵਿੱਚ ਦੇਸ਼ ਨੇ ਉਹ ਸਭ ਕਰ ਦਿਖਾਇਆ ਹੈ, ਜਿਸ ਦਾ ਜ਼ਿਕਰ ਇਸ ਪੱਤ੍ਰਿਕਾ ਦੇ ਇਸ ਅੰਕ ਵਿੱਚ ਅੱਗੇ ਜਾ ਕੇ ਕੀਤਾ ਗਿਆ ਹੈ। ●

ਬਦਲ ਰਹੀ ਨਵੇਂ ਭਾਰਤ ਦੀ ਤਸਵੀਰ

ਹਰ ਭਾਰਤਵਾਸੀ ਪ੍ਰਗਤੀ ਦੇ ਲਈ ਵਿਆਕੁਲ ਹੈ। ਮੌਜੂਦਾ ਸਰਕਾਰ ਨਿਊ ਇੰਡੀਆ ਅਤੇ ਨੌਜਵਾਨਾਂ ਦੀ ਇਸ ਭਾਵਨਾ ਨੂੰ ਸਮਝਦੀ ਹੈ, 137 ਕਰੋੜ ਤੋਂ ਵੱਧ ਭਾਰਤੀਆਂ ਦੀਆਂ ਆਕਾਂਖਿਆਵਾਂ ਦੇਸ਼ ਨੂੰ ਤੇਜ਼ੀ ਨਾਲ ਅੱਗੇ ਵਧਣ ਲਈ ਪ੍ਰੇਰਿਤ ਕਰਦੀਆਂ ਹਨ। ਅਜਿਹੇ ਵਿੱਚ ਦਹਾਕਿਆਂ ਤੋਂ ਲੰਬਿਤ ਪ੍ਰੋਜੈਕਟਾਂ ਅਤੇ ਸੰਪੂਰਨ ਵਿਕਾਸ ਦਾ ਇੰਤਜ਼ਾਰ ਕਰਦੇ ਖੇਤਰਾਂ ਵਿੱਚ ਹੁਣ ਮੋਦੀ ਸਰਕਾਰ ਨੇ ਟੈਕਨੋਲੋਜੀ ਨੂੰ ਅਧਾਰ ਬਣਾ ਕੇ ਪਹਿਲੇ 5 ਸਾਲ ਦੇ ਕਾਰਜਕਾਲ ਵਿੱਚ ਇਸ ਦੀ ਨੀਂਹ ਰੱਖੀ ਤਾਂ ਇਨ੍ਹਾਂ 2 ਵਰ੍ਹਿਆਂ ਵਿੱਚ ਨਵੇਂ ਕੀਰਤੀਮਾਨ ਸਥਾਪਿਤ ਕੀਤੇ, ਤਾਕਿ ਕੰਮ ਰੁਕੇ ਨਾ, ਦੇਸ਼ ਝੁਕੇ ਨਾ...

ਚਿਨਾਬ ਬ੍ਰਿੱਜ

ਭਾਰਤ ਦੀ ਇੰਜੀਨੀਅਰਿੰਗ ਸਮਰੱਥਾ ਦਾ ਚਮਤਕਾਰ

"ਇਹ ਰੋਡ ਜਦੋਂ ਬਣੀ ਨਹੀਂ ਸੀ ਤਾਂ ਮੈਂ ਸੋਚਦੀ ਸੀ ਕਿ ਆਪਣੀ ਨਾਨੀ ਦੇ ਘਰ ਕਿਵੇਂ ਜਾਵਾਂ, ਇਸ ਰੋਡ ਨਾਲ ਬਹੁਤ ਲਾਭ ਹੋਇਆ ਹੈ।" ਇਹ ਕਹਿੰਦਿਆਂ ਕਸ਼ਮੀਰ ਘਾਟੀ ਦੀ ਨੰਨ੍ਹੀ ਤਨਵੀ ਦੇ ਚਿਹਰੇ ਉੱਤੇ ਮੁਸਕਾਨ ਆ ਜਾਂਦੀ ਹੈ। ਇੱਥੋਂ ਨਜ਼ਦੀਕ ਹੀ ਦਾਦੰਭ ਦੇ ਅਬਦੁਲ ਕਰੀਮ ਲੋਹਾਰ ਕਹਿੰਦੇ ਹਨ, "ਅਸੀਂ ਸ਼ੁਕਰਗੁਜ਼ਾਰ ਹਾਂ ਰੇਲਵੇ ਦੇ, ਜਿਸ ਦੀ ਵਜ੍ਹਾ ਨਾਲ ਅੱਜ ਇੱਥੇ ਲੋਹਾਰ ਦਾ ਇੱਕ ਅਲੱਗ ਬਜ਼ਾਰ ਬਣ ਗਿਆ ਹੈ। ਇਸ ਨਾਲ ਸਾਡੇ ਬੱਚਿਆਂ ਨੂੰ ਰੋਜ਼ਗਾਰ ਮਿਲਿਆ ਹੈ।" ਰਾਮਬਨ ਜ਼ਿਲ੍ਹੇ ਦੇ ਖਿਆਜ਼ ਅਹਿਮਦ ਖਤਮਤ ਤਾਂ ਊਧਮਪੁਰ-ਬਾਰਾਮੂਲਾ ਰੇਲ ਲਿੰਕ ਪ੍ਰੋਜੈਕਟ ਨੂੰ ਆਪਣੀ ਖੁਸ਼ਕਿਸਮਤੀ ਸਮਝਦੇ ਹਨ ਕਿਉਂਕਿ ਇਸ ਨਾਲ ਪੈਦਲ ਜਾਣ ਦੀ ਮਜਬੂਰੀ ਖ਼ਤਮ ਹੋਈ ਅਤੇ ਇਲਾਕੇ ਵਿੱਚ ਦੁਕਾਨਾਂ ਅਤੇ ਹੋਟਲ ਬਣ ਗਏ। ਟ੍ਰੱਕ ਡਰਾਈਵਰ ਕੁਲਦੀਪ ਤਾਂ ਕਹਿੰਦੇ ਹਨ ਕਿ ਅਗਰ ਅੱਜ ਰੇਲਵੇ ਇੱਥੇ ਨਾ ਆਉਂਦੀ ਤਾਂ 20 ਸਾਲ ਤੱਕ ਵੀ ਸੜਕ ਇੱਥੇ ਨਹੀਂ ਪਹੁੰਚ ਸਕਦੀ ਸੀ। ਲੇਕਿਨ ਹੁਣ ਹਰ ਘੰਟੇ ਯਾਤਰੀਆਂ ਨੂੰ ਗੱਡੀਆਂ ਮਿਲ ਜਾਂਦੀਆਂ ਹਨ। ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ

ਘੰਟਿਆਂ ਦੀ ਦੂਰੀ ਹੁਣ ਮਿੰਟਾਂ ਵਿੱਚ...

ਲੰਬਾਈ
1315 ਮੀਟਰ

ਪ੍ਰੋਜੈਕਟ ਦੀ ਲਾਗਤ
27949 ਕਰੋੜ

359

ਮੀਟਰ ਉੱਚਾ ਚਿਨਾਬ ਆਰਕ ਦੁਨੀਆ ਦਾ ਸਭ ਤੋਂ ਉੱਚਾ ਰੇਲਵੇ ਬ੍ਰਿੱਜ ਹੈ। ਪੈਰਿਸ ਦੇ ਏਫਿਲ ਟਾਵਰ ਤੋਂ 35 ਮੀਟਰ ਜ਼ਿਆਦਾ ਹੈ ਇਸ ਦੀ ਉਚਾਈ

28,660

ਮੀਟ੍ਰਿਕ ਟਨ ਇਸਪਾਤ ਨਾਲ ਬਣੇ ਇਸ ਪੁਲ਼ ਦੀ ਚੌੜਾਈ 13 ਮੀਟਰ ਅਤੇ ਇਸ ਦੀ ਉਮਰ 120 ਸਾਲ ਤੋਂ ਅਧਿਕ ਹੈ। ਦੁਨੀਆ ਵਿੱਚ ਪਹਿਲੀ ਵਾਰ ਡੀਆਰਡੀਓ ਦੀ ਸਹਾਇਤਾ ਨਾਲ ਇਸ ਪੁਲ਼ ਨੂੰ ਵਿਸਫੋਟਕ ਨਿਰੋਧੀ ਬਣਾਇਆ ਗਿਆ ਹੈ।

ਆਮ ਲੋਕਾਂ ਦੇ ਚਿਹਰੇ ਉੱਤੇ ਇੱਕ ਮੁਸਕਾਨ ਬਣ ਕੇ ਉੱਭਰੇ ਇਸ ਪ੍ਰੋਜੈਕਟ ਨੇ ਇਲਾਕੇ ਦੇ ਗ਼ਰੀਬ, ਬਿਮਾਰ ਅਤੇ ਸਕੂਲੀ ਬੱਚਿਆਂ ਨੂੰ ਤਾਂ ਲਾਭ ਪਹੁੰਚਾਇਆ ਹੀ ਹੈ, ਰੋਜ਼ਗਾਰ ਦੇ ਅਵਸਰ ਨੇ ਵੀ ਨੌਜਵਾਨਾਂ ਨੂੰ ਨਵਾਂ ਰਾਹ ਦਿਖਾਇਆ ਹੈ।

ਭਾਰਤ ਦਾ ਮੁਕੁਟ ਕਹੇ ਜਾਣ ਵਾਲੇ ਜੰਮੂ-ਕਸ਼ਮੀਰ ਨੂੰ ਪ੍ਰਗਤੀਸ਼ੀਲ ਅਤੇ ਖੁਸ਼ਹਾਲ ਬਣਾਉਣ ਲਈ ਕੇਂਦਰ ਸਰਕਾਰ ਦੀ ਪ੍ਰਤੀਬੱਧਤਾ ਦੀ ਮਿਸਾਲ ਹੈ ਊਧਮਪੁਰ- ਬਾਰਾਮੂਲਾ ਰੇਲ ਲਿੰਕ ਪ੍ਰੋਜੈਕਟ। ਇਸ ਦਾ ਸਭ ਤੋਂ ਚੁਣੌਤੀਪੂਰਨ ਕਾਰਜ ਚਿਨਾਬ ਨਦੀ ਉੱਤੇ ਆਰਕ ਬ੍ਰਿੱਜ ਦਾ ਨਿਰਮਾਣ ਕਰਨਾ ਸੀ, ਜਿਸ ਨੂੰ ਪੂਰਾ ਕਰ ਲਿਆ ਗਿਆ ਹੈ। ਕਸ਼ਮੀਰ ਘਾਟੀ ਨੂੰ ਦੇਸ਼ ਦੇ ਹੋਰਨਾਂ ਹਿੱਸਿਆਂ ਨਾਲ ਜੋੜਨ ਵਾਲੇ ਇਸ ਬ੍ਰਿੱਜ ਉੱਤੇ ਅਗਸਤ 2022 ਵਿੱਚ ਲਗਭਗ 100 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਰੇਲ ਗੱਡੀਆਂ ਚਲਦੀਆਂ ਦੇਖ ਸਕਾਂਗੇ। ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਤੋਂ ਬਾਅਦ ਕਸ਼ਮੀਰ ਤੋਂ ਕੰਨਿਆ-ਕੁਮਾਰੀ ਤੱਕ ਸਿੱਧੀ ਰੇਲ ਕਨੈਕਟੀਵਿਟੀ ਉਪਲਬਧ ਹੋਵੇਗੀ। 27949 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੇ ਇਸ ਪ੍ਰੋਜੈਕਟ ਵਿੱਚ 272 ਕਿਲੋਮੀਟਰ ਦਾ ਇਹ ਰੇਲ ਲਿੰਕ ਹਿਮਾਲਿਆ ਦੀਆਂ ਉੱਚੀਆਂ ਪਹਾੜੀਆਂ, ਗਹਿਰੀਆਂ ਘਾਟੀਆਂ ਦੇ ਵਿੱਚੋਂ ਦੀ ਲੰਘ ਰਿਹਾ ਹੈ ਜੋ ਆਪਣੇ ਆਪ ਵਿੱਚ ਚੁਣੌਤੀਪੂਰਨ ਹੈ। ਇਸ ਲਿੰਕ ਨੂੰ ਪੂਰਾ ਕਰਨ ਲਈ 927 ਪੁਲ਼ਾਂ, 38 ਸੁਰੰਗਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਨਾਲ ਹੀ ਪ੍ਰੋਜੈਕਟ ਦੇ ਲਈ 205 ਕਿਲੋਮੀਟਰ ਲੰਬੇ ਪਹੁੰਚ ਮਾਰਗ ਦਾ ਨਿਰਮਾਣ ਕੀਤਾ ਗਿਆ ਹੈ। ਇਸ ਨਾਲ ਖੇਤਰ ਦੇ ਲਗਭਗ ਡੇਢ ਲੱਖ ਲੋਕਾਂ ਨੂੰ ਸੜਕ ਮਾਰਗ ਵੀ ਉਪਲਬਧ ਹੋ ਜਾਵੇਗਾ। ਰੇਲ ਮੰਤਰੀ ਪੀਯੂਸ਼ ਗੋਇਲ ਕਹਿੰਦੇ ਹਨ, "ਰੇਲਵੇ ਆਪਣੇ ਨਾਲ ਸਮਾਜਿਕ ਅਤੇ ਆਰਥਿਕ ਵਿਕਾਸ ਲਿਆਉਂਦੀ ਹੈ ਅਤੇ ਇਸ ਦੇ ਨਾਲ ਹੀ ਵਧਦੀਆਂ ਹਨ ਸੁਵਿਧਾਵਾਂ ਅਤੇ ਉੱਚਾ ਹੁੰਦਾ ਹੈ ਲੋਕਾਂ ਦਾ ਜੀਵਨ ਪੱਧਰ। ਚਿਨਾਬ ਨਦੀ ਉੱਤੇ ਬਣੇ ਆਰਕ ਬ੍ਰਿੱਜ ਦੇ ਨਾਲ ਹੀ ਰੋਡ ਨੈੱਟਵਰਕ ਦਾ ਨਿਰਮਾਣ ਇੱਥੋਂ ਦੇ ਵਸਨੀਕਾਂ ਦੇ ਜੀਵਨ ਵਿੱਚ ਵੱਡਾ ਪਰਿਵਰਤਨ ਲਿਆਇਆ ਹੈ। ਇਸ ਪ੍ਰੋਜੈਕਟ ਦੇ ਆਰਕ ਦਾ ਨਿਰਮਾਣ ਪੂਰਾ ਹੋ ਗਿਆ ਹੈ।"

ਏਫਿਲ ਟਾਵਰ ਤੋਂ ਉੱਚਾ ਬਣਿਆ ਆਰਕ ਬ੍ਰਿੱਜ

ਇਸ ਪ੍ਰੋਜੈਕਟ ਵਿੱਚ ਸਭ ਤੋਂ ਮਹੱਤਵਪੂਰਨ ਨਿਰਮਾਣ ਕਾਰਜ ਹੈ ਕਟਰਾ-ਬਨਿਹਾਲ ਸੈਕਸ਼ਨ ਉੱਤੇ 1.3 ਕਿਲੋਮੀਟਰ ਲੰਬੇ ਇਸ ਬ੍ਰਿੱਜ ਦੀ ਉਚਾਈ 359 ਮੀਟਰ ਹੈ ਜੋ ਫਰਾਂਸ ਦੇ ਏਫਿਲ ਟਾਵਰ ਨਾਲੋਂ ਵੀ ਵੱਧ ਹੈ। ਚਿਨਾਬ ਬ੍ਰਿੱਜ ਦੁਨੀਆ ਦਾ ਸਭ ਤੋਂ ਉੱਚਾ ਰੇਲਵੇ ਬ੍ਰਿੱਜ ਹੈ ਜਿਸ ਨੂੰ ਅਤਿ- ਆਧੁਨਿਕ ਟੈਕਨੋਲੋਜੀ ਨਾਲ ਪੂਰਾ ਕੀਤਾ ਗਿਆ ਹੈ। ਇਸ ਬ੍ਰਿੱਜ ਦੀ ਕੁੱਲ ਲੰਬਾਈ 1315 ਮੀਟਰ ਹੈ ਅਤੇ ਇਸ ਦੇ ਕੁੱਲ 17 ਸਪੈਨ ਹਨ। ਮੁੱਖ ਆਰਕ ਸਪੈਨ 467 ਮੀਟਰ ਦਾ ਹੈ, ਜਿਸ ਦਾ ਕੁੱਲ ਵਜ਼ਨ 10,619 ਮੀਟ੍ਰਿਕ ਟਨ ਹੈ। ਇਹ ਪੁਲ਼ 266 ਕਿਲੋਮੀਟਰ ਪ੍ਰਤੀ ਘੰਟਾ ਰਫਤਾਰ ਦੀ ਹਵਾ ਦਾ ਸਾਹਮਣਾ ਕਰਨ ਵਿੱਚ ਸਮਰੱਥ ਹੈ। ਰਿਆਸੀ ਦਾ ਇਹ ਖੇਤਰ ਭੁਚਾਲ ਦੇ ਲਿਹਾਜ਼ ਨਾਲ ਸਿਸਮਿਕ ਜ਼ੋਨ-4 ਵਿੱਚ ਆਉਂਦਾ ਹੈ, ਲੇਕਿਨ ਇਸ ਨੂੰ ਸਿਸਮਿਕ ਜ਼ੋਨ-5 ਦੇ ਲਿਹਾਜ਼ ਨਾਲ ਤਿਆਰ ਕੀਤਾ ਗਿਆ ਹੈ ਜੋ ਕਿਸੇ ਵੀ ਵੱਡੇ ਭੁਚਾਲ ਨੂੰ ਝੱਲਣ ਦੀ ਸਮਰੱਥਾ ਰੱਖਦਾ ਹੈ। 24 ਹਜ਼ਾਰ ਟਨ ਇਸਪਾਤ ਨਾਲ ਬਣੇ ਇਸ ਪੁਲ਼ ਦੀ ਚੌੜਾਈ 13 ਮੀਟਰ ਅਤੇ ਇਸ ਦੀ ਉਮਰ 120 ਸਾਲ ਤੋਂ ਜ਼ਿਆਦਾ ਹੈ। ਇਸ ਨੂੰ ਵੱਡੇ ਭੁਚਾਲਾਂ ਤੋਂ ਸੁਰੱਖਿਅਤ ਰੱਖਣ ਦੇ ਤਰੀਕਿਆਂ ਨਾਲ ਡਿਜ਼ਾਈਨ ਕੀਤਾ ਗਿਆ ਹੈ। ਨਾਲ ਹੀ, ਪਹਿਲੀ ਵਾਰ ਭਾਰਤ ਵਿੱਚ ਪੁਲ਼ਾਂ ਦੇ ਵੈਲਡਿੰਗ ਨਿਰੀਖਣ ਲਈ 'ਫੇਜ਼ਡ ਐਰੇ' ਅਲਟ੍ਰਾਸੋਨਿਕ ਟੈਸਟਿੰਗ ਮਸ਼ੀਨ ਦਾ ਉਪਯੋਗ ਕੀਤਾ ਜਾ ਰਿਹਾ ਹੈ।

ਇਸ ਬ੍ਰਿੱਜ ਦੀ ਸਭ ਤੋਂ ਵੱਡੀ ਫਾਊਂਡੇਸ਼ਨ, ਐੱਸ-4 ਦਾ ਅਕਾਰ ਹੈ ਜੋ ਕਿਸੇ ਫੁਟਬਾਲ ਮੈਦਾਨ ਦੇ ਇੱਕ ਤਿਹਾਈ ਦੇ ਬਰਾਬਰ ਹੈ। ਬ੍ਰਿੱਜ ਨਿਰਮਾਣ ਕਾਰਜ ਵਿੱਚ ਸਹਾਇਤਾ ਦੇ ਲਈ 915 ਮੀਟਰ ਲੰਬੀ ਕੇਬਲ ਕਰੇਨ ਨਦੀ ਦੇ ਆਰ-ਪਾਰ ਸਥਾਪਿਤ ਕੀਤੀ ਗਈ ਜੋ ਵਿਸ਼ਵ ਦੀ ਸਭ ਤੋਂ ਵੱਡੀ ਕਰੇਨ ਹੈ। ਇਸ ਬ੍ਰਿੱਜ ਦੇ ਨਿਰਮਾਣ ਕਾਰਜ ਵਿੱਚ 10 ਲੱਖ ਕਿਊਬਿਕ ਮੀਟਰ ਅਰਥ ਵਰਕ ਅਤੇ 66 ਹਜ਼ਾਰ ਕਿਊਬਿਕ ਮੀਟਰ ਕੰਕਰੀਟ ਦਾ ਇਸਤੇਮਾਲ ਹੋਇਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਚਿਨਾਬ ਬ੍ਰਿੱਜ ਦੇ ਨਿਰਮਾਣ ਬਾਰੇ ਕਹਿੰਦੇ ਹਨ, "ਕਨੈਕਟੀਵਿਟੀ ਨਾਲ ਜੁੜੇ ਪ੍ਰੋਜੈਕਟ ਕਾਰਨ ਰਾਜ ਦੀ ਤਸਵੀਰ ਅਤੇ ਤਕਦੀਰ ਦੋਵੇਂ ਬਦਲਣ ਵਾਲੀਆਂ ਹਨ। ਮੈਂ ਚਿਨਾਬ ਉੱਪਰ ਬਣ ਰਹੇ ਬਿਹਤਰੀਨ ਰੇਲਵੇ ਬ੍ਰਿੱਜ ਦੀਆਂ ਤਸਵੀਰਾਂ ਦੇਖੀਆਂ ਹਨ। ਉਨ੍ਹਾਂ ਤਸਵੀਰਾਂ ਨੂੰ ਦੇਖ ਕੇ ਕਿਸ ਨਾਗਰਿਕ ਦਾ ਸਿਰ ਮਾਣ ਨਾਲ ਉੱਚਾ ਨਹੀਂ ਹੋਵੇਗਾ। ਰੇਲਵੇ ਦਾ ਪੂਰਾ ਜ਼ੋਰ ਹੈ ਕਿ ਅਗਲੇ ਤਿੰਨ ਸਾਲ ਵਿੱਚ ਪੂਰਾ ਦੇਸ਼ ਨਵੀਂ ਦਿੱਲੀ ਨਾਲ ਕਨੈਕਟ ਹੋ ਜਾਵੇ।"

ਇਹ ਰੇਲ ਲਿੰਕ ਏਕ ਭਾਰਤ ਸ਼੍ਰੇਸ਼ਠ ਭਾਰਤ ਦਾ ਸੁਪਨਾ ਸਾਕਾਰ ਕਰ ਰਿਹਾ ਹੈ। ਆਈਕੋਨਿਕ ਯਾਨੀ ਵਿਕਾਸ ਦਾ ਪ੍ਰਤੀਕ ਬਣਿਆ ਚਿਨਾਬ ਬ੍ਰਿੱਜ ਭਾਰਤ ਦੀਆਂ ਪ੍ਰਮੁੱਖ ਰੇਲ ਸੰਰਚਨਾਵਾਂ ਵਿੱਚੋਂ ਇੱਕ ਹੈ ਜੋ ਕਸ਼ਮੀਰ ਘਾਟੀ ਨੂੰ ਬਾਕੀ ਭਾਰਤ ਨਾਲ ਜੋੜੇਗਾ। ਦੋ ਅੰਤਰਰਾਸ਼ਟਰੀ ਸੀਮਾਵਾਂ ਦੇ ਕਾਰਨ ਰਣਨੀਤਕ ਮਹੱਤਵ ਰੱਖਣ ਵਾਲੇ ਇਸ ਖੇਤਰ ਦੇ ਲਈ ਇਹ ਰੇਲਵੇ ਲਾਈਨ ਦੇਸ਼ ਦੇ ਹਥਿਆਰਬੰਦ ਬਲਾਂ ਲਈ ਵੀ ਸਹਾਇਕ ਸਿੱਧ ਹੋਵੇਗੀ। ਇਸ ਰੇਲਵੇ ਲਾਈਨ ਉੱਤੇ ਸਾਰੇ ਮੌਸਮਾਂ ਵਿੱਚ ਅਰਾਮਦਾਇਕ ਸਫ਼ਰ ਅਤੇ ਸਮੇਂ ਦੀ ਬੱਚਤ ਦੇ ਨਾਲ ਜੰਮੂ-ਕਸ਼ਮੀਰ ਦੇ ਦੂਰ-ਦੁਰਾਡੇ ਖੇਤਰਾਂ ਨੂੰ ਟ੍ਰਾਂਸਪੋਰਟ ਸੁਵਿਧਾ ਪ੍ਰਦਾਨ ਕੀਤੀ ਜਾ ਸਕੇਗੀ। ਨਾਲ ਹੀ ਇਸ ਪ੍ਰੋਜੈਕਟ ਨਾਲ ਟੂਰਿਜ਼ਮ ਉਦਯੋਗ ਆਪਣੀ ਪੂਰੀ ਗਤੀ ਨਾਲ ਵਧੇਗਾ ਅਤੇ ਖੇਤਰ ਦੇ ਲੋਕਾਂ ਲਈ ਰੋਜ਼ਗਾਰ ਦੇ ਮੌਕੇ ਵਧ ਜਾਣਗੇ। ●

ਭਰੋਸੇ ਦੇ 07 ਸਾਲ

ਟੈਕਨੋਲੋਜੀ ਦੇ ਜ਼ਰੀਏ ਮਿਲੀ ਸਫ਼ਲਤਾ

ਮਾਈਨਸ 30 ਤਾਪਮਾਨ ਵਿੱਚ ਘਰ-ਘਰ ਪਹੁੰਚਿਆ ਪਾਣੀ

ਜੋ ਦੁਨੀਆ ਵਿੱਚ ਕੋਈ ਨਹੀਂ ਕਰ ਸਕਿਆ, ਜਲ ਜੀਵਨ ਮਿਸ਼ਨ ਨੇ ਲੇਹ ਵਿੱਚ ਕਰ ਦਿਖਾਇਆ

15 ਅਗਸਤ, 2019 ਨੂੰ ਲਾਲ ਕਿਲੇ ਦੀ ਫ਼ਸੀਲ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼ ਦੇ ਹਰ ਘਰ ਨੂੰ ਨਲਕੇ ਦੇ ਜ਼ਰੀਏ ਸਵੱਛ ਜਲ ਦੇਣ ਦੇ ਸੰਕਲਪ ਦਾ ਐਲਾਨ ਕੀਤਾ ਸੀ। ਇਸੇ ਸੰਕਲਪ ਦੇ ਤਹਿਤ ਜਲ ਜੀਵਨ ਮਿਸ਼ਨ ਦੇ ਅਧਿਕਾਰੀਆਂ ਨੇ ਲੱਦਾਖ ਦੇ -30 ਡਿਗਰੀ ਸੈਲਸੀਅਸ ਤਾਪਮਾਨ ਦੇ ਦਰਮਿਆਨ ਨਲ ਰਾਹੀਂ ਬਿਨਾ ਜੰਮੇ ਪਾਣੀ ਦੀ ਸਪਲਾਈ ਦਾ ਉਹ ਕ੍ਰਿਸ਼ਮਾ ਕਰ ਦਿਖਾਇਆ, ਜੋ ਕੋਈ ਨਹੀਂ ਕਰ ਸਕਿਆ।

ਕਈ ਵਾਰੀ ਤੁਸੀਂ ਦੁਨੀਆ ਦੇ ਕਈ ਦੇਸ਼ਾਂ ਵਿੱਚ ਨਿਊਨਤਮ ਤਾਪਮਾਨ -30 ਅਤੇ -40 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਣ ਦੀ ਖ਼ਬਰ ਪੜ੍ਹਦੇ ਜਾਂ ਸੁਣਦੇ ਹੋਵੋਗੇ। ਹਰ ਪਾਸੇ ਬਰਫ ਹੀ ਬਰਫ ਅਤੇ ਅਜਿਹੇ ਸਮੇਂ ਨਲਾਂ ਵਿੱਚ ਬਰਫ ਦਾ ਜੰਮ ਜਾਣਾ ਤਾਂ ਆਮ ਹੈ। ਰੂਸ ਦੇ ਸਾਇਬੇਰੀਆ ਜਾਂ ਅਮਰੀਕਾ ਦੇ ਟੈਕਸਾਸ, ਸ਼ਿਕਾਗੋ ਵਿੱਚ ਕਈ ਵਾਰੀ ਅਜਿਹੀਆਂ ਪਰਿਸਥਿਤੀਆਂ ਬਣ ਜਾਂਦੀਆਂ ਹਨ ਜਿੱਥੇ ਹਫਤਿਆਂ ਬੱਧੀ ਪਾਣੀ ਦੀ ਸਪਲਾਈ ਠੱਪ ਹੋ ਜਾਂਦੀ ਹੈ। ਭਾਰਤ ਦਾ ਲੱਦਾਖ ਦਾ ਇਲਾਕਾ ਵੀ ਐਸਾ ਹੀ ਹੈ। ਲੇਕਿਨ ਲੱਦਾਖ ਅਤੇ ਦੂਸਰੇ ਦੇਸ਼ਾਂ ਵਿੱਚ ਹੁਣ ਇੱਕ ਫਰਕ ਹੈ...ਲੱਦਾਖ ਵਿੱਚ ਹੁਣ -30 ਡਿਗਰੀ ਸੈਲਸੀਅਸ ਤਾਪਮਾਨ ਦੇ ਦੌਰਾਨ ਵੀ ਪਾਈਪਾਂ ਵਿੱਚੋਂ ਬਿਨਾ ਜੰਮੇ ਪਾਣੀ ਸਪਲਾਈ ਹੋ ਰਿਹਾ ਹੈ। ਜਲ ਜੀਵਨ ਮਿਸ਼ਨ ਦੇ ਜ਼ਰੀਏ ਟੈਕਨੋਲੋਜੀ ਨਾਲ ਸਮਾਧਾਨ ਦੀ ਕੋਸ਼ਿਸ਼ ਸੰਭਵ ਹੋ ਸਕੀ ਹੈ। ਇਸ ਦੇ ਲਈ ਅਪਣਾਈ ਗਈ ਇਨਫਿਲਟ੍ਰੇਸ਼ਨ ਗੈਲਰੀ ਟੈਕਨੀਕ, ਜਿਸ ਦੀ ਸ਼ੁਰੂਆਤ 348 ਪਰਿਵਾਰਾਂ ਵਾਲੇ ਸਟੋਕ ਪਿੰਡ ਤੋਂ ਹੋਈ। ਆਓ, ਜਾਣਦੇ ਹਾਂ ਕਿਸ ਪ੍ਰਕਾਰ ਹੋਇਆ ਇਹ ਕ੍ਰਿਸ਼ਮਾ...

- ਕੜਾਕੇ ਦੀ ਸਰਦੀ ਵਿੱਚ ਝੀਲ ਅਤੇ ਤਲਾਬ ਵਿੱਚ ਉੱਪਰਲੀ ਪਰਤ 'ਤੇ ਬਰਫ ਜੰਮ ਜਾਂਦੀ ਹੈ। ਲੇਕਿਨ ਇਸ ਦੇ ਥੱਲੇ ਪਾਣੀ ਹੁੰਦਾ ਹੈ। ਇਨਫਿਲਟ੍ਰੇਸ਼ਨ ਗੈਲਰੀ ਤਕਨੀਕ ਵਿੱਚ ਇਸੇ ਪਾਣੀ ਨੂੰ ਸਪਲਾਈ ਕੀਤਾ ਜਾਂਦਾ ਹੈ।
- ਜ਼ਮੀਨ ਦੇ ਬਹੁਤ ਥੱਲੇ ਪਾਈਪ ਵਿਛਾ ਕੇ ਨਦੀ-ਨਾਲਿਆਂ ਦੇ ਇਸ ਪਾਣੀ ਨੂੰ ਫਿਲਟਰ ਕਰਕੇ ਓਵਰਹੈੱਡ ਟੈਂਕ ਵਿੱਚ ਪਹੁੰਚਾਇਆ ਜਾਂਦਾ ਹੈ। ਸੌਰ ਊਰਜਾ ਦਾ ਉਪਯੋਗ ਕਰਕੇ ਇਸ ਨੂੰ ਗਰਮ ਰੱਖਿਆ ਜਾਂਦਾ ਹੈ।
- ਸਪਲਾਈ ਵਾਲੇ ਪਾਣੀ ਦੀ ਪਾਈਪ ਨੂੰ ਠੰਢ ਤੋਂ ਅਤੇ ਫਟਣ ਤੋਂ ਬਚਾਉਣ ਦੇ ਲਈ ਜ਼ਮੀਨ ਦੇ 3 ਤੋਂ 4 ਫੁੱਟ ਥੱਲੇ ਪਾਈਪਾਂ ਵਿਛਾਈਆਂ ਗਈਆਂ। ਵਿਸ਼ੇਸ਼ ਰੂਪ ਵਿੱਚ ਇਨਸੁਲੇਟਿਡ ਪਾਈਪਾਂ ਇਸਤੇਮਾਲ ਕੀਤੀਆਂ ਗਈਆਂ। ਇਸ ਨਾਲ ਪਾਈਪਾਂ ਜਲਦੀ ਠੰਢੀਆਂ ਨਹੀਂ ਹੁੰਦੀਆਂ।
- ਨਿਰਧਾਰਿਤ ਸਮੇਂ ਪਿੰਡ ਵਿੱਚ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ। ਸਟੋਕ, ਨੰਗ ਅਤੇ ਫਯਾਂਗ ਪਿੰਡਾਂ ਵਿੱਚ ਇਸੇ ਤਰੀਕੇ ਨਾਲ ਜਲ ਸਪਲਾਈ ਹੋ ਰਹੀ ਹੈ।

- **ਜਲ ਜੀਵਨ ਮਿਸ਼ਨ ਦੇ ਇੰਜੀਨੀਅਰ ਸ਼ੇਰਿੰਗ ਆਂਗਚੁਕ ਕਹਿੰਦੇ ਹਨ ਕਿ 326 ਕਰੋੜ ਰੁਪਏ ਦੇ ਇਸ ਪ੍ਰੋਜੈਕਟ ਦੇ ਤਹਿਤ ਅਸੀਂ ਸਾਲ 2022 ਤੱਕ ਲੱਦਾਖ ਦੇ ਹਰ ਘਰ ਵਿੱਚ ਨਲ ਦੇ ਜ਼ਰੀਏ ਪੀਣ ਵਾਲੇ ਪਾਣੀ ਦਾ ਲਕਸ਼ ਲੈ ਕੇ ਚਲ ਰਹੇ ਹਾਂ।**

ਜਲ ਜੀਵਨ ਮਿਸ਼ਨ ਯਾਨੀ ਹੁਣ ਹਰ ਘਰ ਨੂੰ ਪਾਣੀ

ਦੇਸ਼ ਦੇ ਲਗਭਗ **19.20** *ਕਰੋੜ ਪਰਿਵਾਰਾਂ ਨੂੰ 2024 ਤੱਕ ਨਲ ਕਨੈਕਸ਼ਨ ਦੇਣ ਦਾ ਟੀਚਾ ਹੈ।*

3.23 *ਕਰੋੜ ਪਰਿਵਾਰਾਂ ਨੂੰ ਹੀ ਮਿਲ ਸਕਿਆ ਸੀ ਆਜ਼ਾਦੀ ਦੇ ਬਾਅਦ ਤੋਂ ਲੈ ਕੇ 2019 ਤੱਕ ਨਲ ਕਨੈਕਸ਼ਨ*

04 *ਕਰੋੜ ਤੋਂ ਜ਼ਿਆਦਾ ਨਵੇਂ ਪਰਿਵਾਰਾਂ ਨੂੰ ਜਲ ਜੀਵਨ ਮਿਸ਼ਨ ਦੇ ਤਹਿਤ ਮਿਲਿਆ ਨਲ ਕਨੈਕਸ਼ਨ*

100 ਫੀਸਦੀ ਨਲ ਕਨੈਕਸ਼ਨ ਵਾਲਾ, ਗੋਆ ਪਹਿਲਾ ਅਤੇ ਤੇਲੰਗਾਨਾ ਦੂਸਰਾ ਰਾਜ ਬਣਿਆ

ਟ੍ਰੀ ਟ੍ਰਾਂਸਪਲਾਂਟ

ਨਾਲ ਰਾਜਮਾਰਗਾਂ ਨੂੰ ਰਫ਼ਤਾਰ

ਅਕਸਰ ਵਾਤਾਵਰਣ ਦੀ ਮਨਜ਼ੂਰੀ ਵਿਕਾਸ ਦੇ ਪ੍ਰੋਜੈਕਟਾਂ ਦੀ ਗਤੀ ਨੂੰ ਰੋਕ ਦਿੰਦੀ ਸੀ, ਜਿਸ ਨਾਲ ਹਾਈਵੇ, ਐਕਸਪ੍ਰੈੱਸ ਵੇ, ਗ੍ਰੀਨ ਐਕਸਪ੍ਰੈੱਸ ਵੇ ਦਾ ਨਿਰਮਾਣ ਲੰਬੇ ਸਮੇਂ ਤੱਕ ਲਈ ਅਟਕ ਜਾਂਦਾ ਸੀ। ਅਗਰ ਮਨਜ਼ੂਰੀ ਮਿਲਦੀ ਸੀ ਤਾਂ ਜਿੰਨੇ ਰੁੱਖ ਕੱਟੇ ਜਾਂਦੇ ਸਨ ਉਤਨੇ ਹੀ ਰੁੱਖ ਲਗਾਉਣੇ ਪੈਂਦੇ ਸਨ। ਲੇਕਿਨ ਕੇਂਦਰ ਸਰਕਾਰ ਦੀ ਦੂਰਗਾਮੀ ਸੋਚ ਨੇ ਇਸ ਪੂਰੀ ਪੱਧਤੀ ਨੂੰ ਹੀ ਬਦਲ ਦਿੱਤਾ ਹੈ। ਹੁਣ ਰੁੱਖਾਂ ਦੀ ਟ੍ਰਾਂਪਲਾਂਟੇਸ਼ਨ ਹਰ ਪ੍ਰੋਜੈਕਟ ਦਾ ਹਿੱਸਾ ਬਣ ਰਹੀ ਹੈ। ਇਸ ਦੀ ਸਫਲਤਾ ਦੀ ਮਿਸਾਲ ਭਾਰਤ ਦੇ ਫਸਟਗ੍ਰੇਡ ਸੈਪਰੇਟ ਅਰਬਨ ਐਕਸਪ੍ਰੈੱਸ-ਵੇਅ ਦੁਆਰਕਾ ਐਕਸਪ੍ਰੈੱਸ ਵੇ ਦੇ ਨਿਰਮਾਣ ਵਿੱਚ ਦੇਖਣ ਨੂੰ ਮਿਲੀ ਹੈ। 29 ਕਿਲੋਮੀਟਰ ਲੰਬੇ ਐਕਸਪ੍ਰੈੱਸ-ਵੇਅ ਵਿੱਚ 12 ਹਜ਼ਾਰ ਰੁੱਖਾਂ ਦੀ ਟ੍ਰਾਂਸਪਲਾਂਟੇਸ਼ਨ ਕੀਤੀ ਗਈ ਹੈ...

- ਭਾਰਤਮਾਲਾ ਪ੍ਰੋਜੈਕਟ ਦੇ ਤਹਿਤ 22 ਗ੍ਰੀਨ ਫੀਲਡ ਕੌਰੀਡੋਰ ਦਾ ਨਿਰਮਾਣ 3.10 ਕਰੋੜ ਰੁਪਏ ਦੀ ਲਾਗਤ ਨਾਲ 2025 ਤੱਕ ਕੀਤਾ ਜਾਣਾ ਹੈ। ਇਸੇ ਵਿੱਚ ਦਿੱਲੀ-ਮੁੰਬਈ ਐਕਸਪ੍ਰੈੱਸ ਵੇਅ ਵੀ ਸ਼ਾਮਲ ਹੈ। ਇਸ ਦੇ ਬਣ ਜਾਣ ਨਾਲ 1320 ਕਿਲੋਮੀਟਰ ਦੀ ਯਾਤਰਾ 24 ਘੰਟਿਆਂ ਤੋਂ ਘਟ ਕੇ 13 ਘੰਟਿਆਂ ਵਿੱਚ ਪੂਰੀ ਹੋ ਜਾਵੇਗੀ। ਅਜਿਹੇ ਵਿੱਚ ਰੁੱਖਾਂ ਦੀ ਟ੍ਰਾਂਸਪਲਾਂਟੇਸ਼ਨ ਦੀ ਤਕਨੀਕ ਹੁਣ ਹਰੇਕ ਪ੍ਰੋਜੈਕਟ ਵਿੱਚ ਸ਼ਾਮਲ ਹੋਵੇਗੀ।
- ਇਸ ਨਵੀਂ ਤਕਨੀਕ ਨਾਲ ਵਿਕਾਸ ਵੀ ਹੋਵੇਗਾ ਅਤੇ ਈਕੋਲੋਜੀ ਤੇ ਵਾਤਾਵਰਣ ਦੀ ਵੀ ਰੱਖਿਆ ਹੋਵੇਗੀ। ਨਿਸ਼ਚਿਤ ਰੂਪ ਵਿੱਚ ਵਾਤਾਵਰਣ ਦੇ ਪ੍ਰਤੀ ਮਾਨਵਤਾ ਦਾ ਇਸ ਤੋਂ ਵੱਡਾ ਯੋਗਦਾਨ ਨਹੀਂ ਹੋ ਸਕਦਾ ਕਿ ਰੁੱਖਾਂ ਨੂੰ ਕੱਟਣ ਦੀ ਲੋੜ ਹੀ ਨਾ ਪਵੇ ਅਤੇ ਦੇਸ਼ ਪ੍ਰਗਤੀ ਦੀ ਰਾਹ 'ਤੇ ਅੱਗੇ ਵੀ ਵਧੇ।
- ਇੱਕ ਰੁੱਖ ਨੂੰ ਟ੍ਰਾਂਸਪਲਾਂਟ ਕਰਨ ਵਿੱਚ 25,000 ਰੁਪਏ ਦਾ ਖਰਚ ਆਉਂਦਾ ਹੈ। ਦੁਆਰਕਾ ਐਕਸਪ੍ਰੈੱਸ-ਵੇਅ ਉੱਪਰ 12 ਹਜ਼ਾਰ ਰੁੱਖਾਂ ਨੂੰ ਟ੍ਰਾਂਸਪਲਾਂਟ ਕੀਤਾ ਗਿਆ। ਸਫਲਤਾ ਦੀ ਦਰ 84 ਫੀਸਦੀ ਰਹੀ।
- ਪਹਿਲਾਂ ਰੁੱਖਾਂ ਉੱਤੇ ਕੀੜੇ ਤੋਂ ਬਚਾਅ ਵਾਲੀ ਦਵਾਈ ਦਾ ਛਿੜਕਾਅ ਹੁੰਦਾ ਹੈ। ਰੁੱਖ ਦੇ ਚਾਰੇ ਪਾਸੇ ਟੋਇਆ ਪੁੱਟ ਕੇ ਜੜ੍ਹਾਂ ਨੂੰ ਨੁਕਸਾਨ ਪਹੁੰਚਾਏ ਬਗੈਰ ਥਾਂ ਬਣਾਈ ਜਾਂਦੀ ਹੈ।
- ਇਸ ਦੀਆਂ ਜੜ੍ਹਾਂ ਵਿੱਚ ਖਾਦ ਪਾਈ ਜਾਂਦੀ ਹੈ ਅਤੇ ਮਿੱਟੀ ਦਾ ਘੇਰਾ ਬਣਾਇਆ ਜਾਂਦਾ ਹੈ। ਇਸ ਨੂੰ 20-25 ਦਿਨਾਂ ਲਈ ਛੱਡ ਦਿੱਤਾ ਜਾਂਦਾ ਹੈ। ਫਿਰ ਜੜ੍ਹਾਂ ਨਾਲ ਲੱਗੀ ਮਿੱਟੀ ਦੇ ਨਾਲ ਹੀ ਉਸ ਨੂੰ ਪੈਕ ਕੀਤਾ ਜਾਂਦਾ ਹੈ।
- ਫਿਰ 15 ਦਿਨ ਲਈ ਛੱਡ ਦਿੱਤਾ ਜਾਂਦਾ ਹੈ ਤਾਕਿ ਉਹ ਖੁਦ ਹੀ ਜੀਵਤ ਰਹਿ ਸਕੇ। ਉਸ ਤੋਂ ਬਾਅਦ ਮਸ਼ੀਨ ਦੀ ਸਹਾਇਤਾ ਨਾਲ ਉਸ ਨੂੰ ਦੂਸਰੀ ਜਗ੍ਹਾ ਟ੍ਰਾਂਸਪਲਾਂਟ ਕੀਤਾ ਜਾਂਦਾ ਹੈ।
- ਹਰਿਤ ਪਥ ਐਪ ਦੇ ਜ਼ਰੀਏ ਭੂ-ਟੈਗਿੰਗ, ਵੈੱਬ ਅਧਾਰਿਤ ਜੀਆਈਐੱਸ ਸਕਸ਼ਮ ਨਿਗਰਾਨੀ, ਹਰ ਰੁੱਖ ਦੇ ਸਥਾਨ, ਵਿਕਾਸ, ਪ੍ਰਜਾਤੀਆਂ ਦੇ ਵੇਰਵੇ ਦਾ ਰੱਖ-ਰਖਾਅ ਕੀਤਾ ਜਾਂਦਾ ਹੈ।

37
ਕਿਲੋਮੀਟਰ ਹਾਈਵੇ ਦਾ ਨਿਰਮਾਣ ਹੁਣ ਰੋਜ਼ਾਨਾ। 2014 ਵਿੱਚ ਸੀ 12 ਕਿਲੋਮੀਟਰ।

1,37, 625
ਕਿਲੋਮੀਟਰ ਹੋਈ ਰਾਜਮਾਰਗਾਂ ਦੀ ਲੰਬਾਈ 7 ਸਾਲ ਵਿੱਚ। ਪਹਿਲਾਂ 91,287 ਕਿਲੋਮੀਟਰ ਸੀ।

ਫਾਸਟ ਟੈਗ ਦੀ ਸ਼ੁਰੂਆਤ
ਹਾਈਵੇ ਦੇ ਟੋਲ ਪਲਾਜ਼ਾ ਉੱਤੇ ਹੁਣ ਲੰਬੀਆਂ ਕਤਾਰਾਂ ਤੋਂ ਮੁਕਤੀ ਮਿਲੀ।

ਨਵਾਂ ਮੋਟਰ-ਵ੍ਹੀਕਲ ਐਕਟ
ਰੋਡ ਐਕਸੀਡੈਂਟ ਨੂੰ 2030 ਤੱਕ ਜ਼ੀਰੋ ਕਰਨ ਦੀ ਦਿਸ਼ਾ ਵਿੱਚ ਕੰਮ

ਭਰੋਸੇ ਦੇ 07 ਸਾਲ

ਦਹਾਕਿਆਂ ਦੇ ਫਾਸਲੇ ਹੁਣ ਹੋ ਰਹੇ ਨੇ ਘੱਟ

5 ਦਹਾਕਿਆਂ ਦੇ ਇੰਤਜ਼ਾਰ ਤੋਂ ਬਾਅਦ ਕੇਰਲ ਨੂੰ ਮਿਲਿਆ

ਕੋਲਮ ਬਾਈਪਾਸ



“ ਜਦੋਂ ਅਸੀਂ ਪੁਲ ਜਾਂ ਸੜਕ ਬਣਾਉਂਦੇ ਹਾਂ ਤਾਂ ਕੇਵਲ ਨਗਰ ਅਤੇ ਪਿੰਡਾਂ ਨੂੰ ਹੀ ਨਹੀਂ ਜੋੜਦੇ। ਅਸੀਂ ਆਕਾਂਖਿਆਵਾਂ ਦੇ ਨਾਲ ਉਪਲਬਧੀ, ਆਸ਼ਾ ਦੇ ਨਾਲ ਅਵਸਰ ਅਤੇ ਉਮੀਦ ਦੇ ਨਾਲ ਖੁਸ਼ਹਾਲੀ ਨੂੰ ਜੋੜਦੇ ਹਾਂ। ”

ਵਰ੍ਹਿਆਂ ਤੋਂ ਸੀ ਇਨ੍ਹਾਂ ਦਾ ਇੰਤਜ਼ਾਰ

ਲੰਬੇ ਸਮੇਂ ਤੋਂ ਅਟਕੇ ਅਜਿਹੇ ਕਈ ਪ੍ਰੋਜੈਕਟਾਂ ਦੇ ਕੰਮ ਨੇ ਹੁਣ ਰਫ਼ਤਾਰ ਪਕੜੀ ਹੈ। ਚਾਹੇ ਫਿਰ ਤੋਂ ਬਾੜਮੇਰ ਦੀ ਰਿਫਾਈਨਰੀ ਦਾ ਕੰਮ ਹੋਵੇ, 56 ਸਾਲ ਤੋਂ ਅਟਕਿਆ ਸਰਦਾਰ ਸਰੋਵਰ ਡੈਮ ਹੋਵੇ, 65 ਸਾਲ ਪੁਰਾਣਾ ਬਾਣਸਾਗਰ ਪ੍ਰੋਜੈਕਟ ਹੋਵੇ, 16 ਸਾਲ ਪੁਰਾਣਾ ਅਸਾਮ ਦਾ ਬੋਗੀਬੀਲ ਪ੍ਰੋਜੈਕਟ, ਸਿੱਕਿਮ ਦਾ ਪਾਕਯੋਂਗ ਏਅਰਪੋਰਟ ਜਾਂ ਦਿੱਲੀ ਨੂੰ ਜਾਮ ਅਤੇ ਪ੍ਰਦੂਸ਼ਣ ਤੋਂ ਬਚਾਉਣ ਵਾਲਾ ਈਸਟਰਨ ਪੈਰੀਫਰਲ ਐਕਸਪ੍ਰੈੱਸ ਦਾ ਕੰਮ ਤੈਅ ਸਮੇਂ ਤੋਂ ਪਹਿਲਾਂ ਪੂਰਾ ਕਰਨਾ ਹੋਵੇ, ਅਜਿਹੇ ਕੰਮਾਂ ਦੀ ਸੂਚੀ ਬਹੁਤ ਲੰਬੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ਼ਬਦਾਂ ਵਿੱਚ- “ਅਟਕਾਉਣ, ਲਟਕਾਉਣ ਅਤੇ ਭਟਕਾਉਣ ਦਾ ਸੱਭਿਆਚਾਰ ਹੁਣ ਖਤਮ ਹੋ ਚੁੱਕਿਆ ਹੈ।”

ਭਾਰਤ ਵਿੱਚ ਸੜਕ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਵਿਕਾਸ ਦੀ ਨਵੀਂ ਇਬਾਰਤ ਕਹਿੰਦੇ ਇਹ ਸ਼ਬਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 15 ਜਨਵਰੀ, 2019 ਨੂੰ ਕੇਰਲ ਦੇ ਕੋਲਮ ਬਾਈਪਾਸ ਦੇ ਉਦਘਾਟਨ ਦੇ ਸਮੇਂ ਕਹੇ ਸਨ। ਜੋ ਲੋਕ ਕੇਰਲ ਦੇ ਨਹੀਂ ਹਨ, ਉਹ ਸੋਚਣਗੇ ਕਿ ਇਸ ਬਾਈਪਾਸ ਵਿੱਚ ਅਜਿਹਾ ਕੀ ਖਾਸ ਹੈ? ਤਾਂ ਤੁਹਾਨੂੰ ਦੱਸ ਦੇਈਏ ਕਿ ਇਹ ਭਾਰਤ ਦੇ ਉਨ੍ਹਾਂ ਤਮਾਮ ਵਿਕਾਸ ਪ੍ਰੋਜੈਕਟਾਂ ਦੀ ਜੀਊਂਦੀ- ਜਾਗਦੀ ਮਿਸਾਲ ਹੈ ਜੋ ਲੇਟ ਲਤੀਫੀ ਦਾ ਸ਼ਿਕਾਰ ਹੋ ਕੇ ਦਹਾਕਿਆਂ ਤੋਂ ਲੰਬਿਤ ਸਨ। ਕੇਵਲ ਸਾਢੇ ਤੇਰਾਂ ਕਿਲੋਮੀਟਰ ਲੰਬਾ ਇਹ ਬਾਈਪਾਸ ਕੇਰਲ ਦੇ ਅਲਾਪੁਝਾ ਅਤੇ ਤਿਰੁਵਨੰਤਪੁਰਮ ਦੇ ਦਰਮਿਆਨ ਦੂਰੀ ਨੂੰ ਘੱਟ ਕਰਦਾ ਹੈ। ਲੇਕਿਨ ਇਹ ਫਾਸਲਾ ਮਿਟਣ ਵਿੱਚ 5 ਦਹਾਕਿਆਂ ਦਾ ਵਕਤ ਲਗਿਆ। ਕੇਂਦਰ ਅਤੇ ਰਾਜ ਸਰਕਾਰ ਦੇ ਇਸ ਸੰਯੁਕਤ ਉਪਕ੍ਰਮ ਦਾ ਪ੍ਰਸਤਾਵ ਸਭ ਤੋਂ ਪਹਿਲਾਂ 1972 ਵਿੱਚ ਰੱਖਿਆ ਗਿਆ ਸੀ। 2015 ਵਿੱਚ ਇਸ ਦੀ ਧੀਮੀ ਰਫ਼ਤਾਰ ਉੱਤੇ ਕੇਂਦਰ ਦੀ ਨਜ਼ਰ ਪਈ। ਤੇਜ਼ੀ ਨਾਲ ਕੰਮ ਕਰਦੇ ਹੋਏ 2019 ਵਿੱਚ ਇਸ ਦਾ ਉਦਘਾਟਨ ਕਰ ਦਿੱਤਾ ਗਿਆ।

ਪਾਣੀ ‘ਤੇ ਵਿਕਾਸ ਦੀ ਨਵੀਂ ਤਸਵੀਰ

ਹਲਦੀਆ-ਵਾਰਾਣਸੀ ਜਲਮਾਰਗ

ਇੱਕ ਜ਼ਮਾਨਾ ਸੀ, ਜਦੋਂ ਸਾਡੇ ਦੇਸ਼ ਦੀਆਂ ਨਦੀਆਂ ਵਿੱਚ ਵੱਡੇ ਵੱਡੇ ਜਹਾਜ਼ ਚਲਿਆ ਕਰਦੇ ਸਨ। ਲੇਕਿਨ ਆਜ਼ਾਦੀ ਤੋਂ ਬਾਅਦ ਇਸ ਉੱਤੇ ਧਿਆਨ ਦੇਣ ਦੀ ਬਜਾਏ ਇਸ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਇਸ ਕੰਮ ਵਿੱਚ ਦਹਾਕੇ ਲਗ ਗਏ, ਪਰੰਤੂ ਦੇਸ਼ ਨੇ ਜੋ ਸੁਪਨਾ ਦੇਖਿਆ ਸੀ, ਉਹ ਸੁਪਨਾ ਸਾਕਾਰ ਹੋਇਆ। ਇਹ ‘ਨਿਊ ਇੰਡੀਆ’ ਦੇ ‘ਨਿਊ ਵਿਜ਼ਨ’ ਦਾ ਜੀਊਂਦਾ ਜਾਗਦਾ ਸਬੂਤ ਹੈ...

ਮਾਲ ਭਾੜੇ ਵਿੱਚ ਆ ਰਹੀ ਕਮੀ ਕਾਰਨ ਸਸਤਾ ਹੋ ਰਿਹਾ ਸਮਾਨ

ਵਾਰਾਣਸੀ-ਹਲਦੀਆ ਵਾਟਰਵੇ ਤੋਂ ਉੱਤਰ ਪ੍ਰਦੇਸ਼ ਹੀ ਨਹੀਂ ਬਿਹਾਰ, ਝਾਰਖੰਡ ਅਤੇ ਪੱਛਮੀ ਬੰਗਾਲ ਯਾਨੀ ਇੱਕ ਪ੍ਰਕਾਰ ਨਾਲ ਪੂਰਬੀ ਭਾਰਤ ਦੇ ਇੱਕ ਵੱਡੇ ਹਿੱਸੇ ਨੂੰ ਬਹੁਤ ਵੱਡਾ ਲਾਭ ਹੋਇਆ ਹੈ। ਕੰਟੇਨਰ ਕਾਰਗੋ ਦੁਆਰਾ ਢੋਆ-ਢੁਆਈ ਨਾਲ ਖੇਤਰ ਦੇ ਵਿਕਾਸ ਦੇ ਨਾਲ ਰੋਜ਼ਗਾਰ ਦੇ ਮੌਕਿਆਂ ਵਿੱਚ ਵੀ ਵਾਧਾ ਹੋਇਆ ਹੈ।

ਵਾਰਾਣਸੀ ਅਤੇ ਹਲਦੀਆ ਦੇ ਦਰਮਿਆਨ ਵਾਟਰ ਟ੍ਰਾਂਸਪੋਰਟੇਸ਼ਨ ਸ਼ੁਰੂ ਹੋਣ ਨਾਲ ਟ੍ਰਾਂਪੋਰਟੇਸ਼ਨ ਖਰਚ ਵਿੱਚ ਬਹੁਤ ਕਮੀ ਆਈ ਹੈ। ਨਾਲ ਹੀ ਜਲਮਾਰਗ ਦੀ ਦ੍ਰਿਸ਼ਟੀ ਨਾਲ ਹਲਦੀਆ ਨੂੰ ਮਲਟੀ ਮੋਡਲ ਟਰਮੀਨਲ ਵਜੋਂ ਵਿਕਸਿਤ ਕਰਨ ਦੀ ਵੀ ਯੋਜਨਾ ਹੈ। ਅੱਗੇ ਜਾ ਕੇ ਇਸ ਨੂੰ ਬੰਗਲਾਦੇਸ਼ ਨਾਲ ਜੋੜਨ ਦੀ ਯੋਜਨਾ ਹੈ।

ਵਾਰਾਣਸੀ-ਹਲਦੀਆ ਜਲਮਾਰਗ

ਲੰਬਾਈ	ਲਾਗਤ	
1390 ਕਿਲੋਮੀਟਰ	4200 ਕਰੋੜ ਰੁਪਏ	ਅਗਸਤ 2016 ਵਿੱਚ ਟ੍ਰਾਇਲ ਰਨ ਦੇ ਤਹਿਤ ਵਾਰਾਣਸੀ ਤੋਂ ਮਾਰੂਤੀ ਕਾਰਾਂ ਦੀ ਖੇਪ ਹਲਦੀਆ ਭੇਜੀ ਗਈ ਸੀ।

2014 ਵਿੱਚ ਕੇਵਲ 5 ਜਲਮਾਰਗ ਹੋਇਆ ਕਰਦੇ ਸਨ। ਅੱਜ ਦੇਸ਼ ਵਿੱਚ 111 ਜਲਮਾਰਗ ਹਨ। 24 ਰਾਜਾਂ ਵਿੱਚ ਫੈਲੇ ਹੋਏ ਇਨ੍ਹਾਂ ਰਾਸ਼ਟਰੀ ਜਲਮਾਰਗਾਂ ਦੀ ਲੰਬਾਈ 20,275 ਕਿਲੋਮੀਟਰ ਹੈ।

ਰਣਨੀਤਕ- ਆਰਥਿਕ ਮਜ਼ਬੂਤੀ ਦੀ ਪ੍ਰਤੀਕ ਅਟਲ ਸੁਰੰਗ

ਰੋਹਤਾਂਗ ਵਿੱਚ ਮਨਾਲੀ- ਲੇਹ ਰਾਜਮਾਰਗ ਉੱਤੇ ਟਨਲ ਦੇ ਨਿਰਮਾਣ ਦਾ 26 ਸਾਲ ਵਿੱਚ ਪੂਰਾ ਹੋਣ ਵਾਲਾ ਸੁਪਨਾ ਕੇਂਦਰ ਸਰਕਾਰ ਦੀਆਂ ਤਰਜੀਹਾਂ ਦੀ ਵਜ੍ਹਾ ਨਾਲ ਮਹਿਜ਼ ਛੇ ਸਾਲ ਵਿੱਚ ਸਾਕਾਰ। ਇਹ ਟਨਲ ਭਾਰਤ ਦੇ ਆਤਮਨਿਰਭਰ ਬਣਨ ਦੇ ਸੰਕਲਪ ਦੀ ਜੀਊਂਦੀ ਜਾਗਦੀ ਮਿਸਾਲ ਬਣੀ। ਹੁਣ ਏਸ਼ੀਆ ਦੀ ਸਭ ਤੋਂ ਲੰਬੀ ਟਨਲ ਲਈ ਜ਼ੋਰ-ਸ਼ੋਰ ਨਾਲ ਕੰਮ ਸ਼ੁਰੂ, ਜਿਸ ਨਾਲ ਸਥਾਨਕ ਲੋਕਾਂ ਦੀ ਜ਼ਿੰਦਗੀ ਦਾ ਰਾਹ ਅਸਾਨ ਹੋਵੇਗਾ ਅਤੇ ਹਥਿਆਰਬੰਦ ਬਲਾਂ ਨੂੰ ਮਦਦ ਮਿਲੇਗੀ...

- ਸਰਦੀਆਂ ਵਿੱਚ ਬਰਫਬਾਰੀ ਦੀ ਵਜ੍ਹਾ ਨਾਲ ਰੋਹਤਾਂਗ ਦੱਰੇ ਦੇ ਨਿਕਟ ਮਨਾਲੀ- ਲੇਹ ਹਾਈਵੇ 5-6 ਮਹੀਨਿਆਂ ਲਈ ਠੱਪ ਹੋ ਜਾਂਦਾ ਸੀ ਅਤੇ ਇਹ ਖੇਤਰ ਦੇਸ਼ ਦੇ ਹੋਰਨਾਂ ਹਿੱਸਿਆਂ ਨਾਲੋਂ ਪੂਰੀ ਤਰ੍ਹਾਂ ਕੱਟਿਆ ਰਹਿੰਦਾ ਸੀ। ਲੇਕਿਨ ਹੁਣ ਇਹ ਸੜਕ ਪੂਰੇ ਸਾਲ ਲਈ ਖੁੱਲ੍ਹ ਗਈ ਹੈ।
- ਰੋਹਤਾਂਗ ਪਾਸ ਨੂੰ ਬਾਈਪਾਸ ਕਰਨ ਲਈ ਮਨਾਲੀ-ਲੇਹ ਹਾਈਵੇ ਉੱਤੇ ਸੁਰੰਗ ਦੇ ਨਿਰਮਾਣ ਦਾ ਸੁਪਨਾ ਕੇਂਦਰ ਸਰਕਾਰ ਦੀ ਉੱਚ ਪ੍ਰਾਥਮਿਕਤਾ ਕਾਰਨ ਸਾਕਾਰ ਹੋ ਸਕਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਿਛਲੇ ਸਾਲ 3 ਅਕਤੂਬਰ ਨੂੰ ਇਸ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ।
- ਇਸ ਸੁਰੰਗ ਦੀ ਨੀਂਹ 26 ਮਈ, 2002 ਨੂੰ ਪਹੁੰਚ ਮਾਰਗ ਦੇ ਨੀਂਹ ਪੱਥਰ ਦੇ ਨਾਲ ਸਵਰਗੀ ਪ੍ਰਧਾਨ ਮੰਤਰੀ ਅਤੇ ਭਾਰਤ ਰਤਨ ਅਟਲ ਬਿਹਾਰੀ ਵਾਜਪੇਈ ਨੇ ਰੱਖੀ ਸੀ। ਲੇਕਿਨ ਬਾਅਦ ਦੀ ਸਰਕਾਰ ਨੇ ਇਸ ਨੂੰ ਪ੍ਰਾਥਮਿਕਤਾ ਨਹੀਂ ਦਿੱਤੀ ਅਤੇ 2014 ਵਿੱਚ ਨਵੀਂ ਸਰਕਾਰ ਨੇ ਇਸ ਨੂੰ ਆਪਣੀਆਂ ਸਿਖਰਲੀਆਂ ਪ੍ਰਾਥਮਿਕਤਾਵਾਂ ਵਿੱਚ ਰੱਖਿਆ।

ਕਿਉਂ ਖਾਸ ਹੈ ਅਟਲ ਟਨਲ

ਅਟਲ ਟਨਲ ਬਣਨ ਨਾਲ ਲੱਦਾਖ ਵਿੱਚ ਤੈਨਾਤ ਭਾਰਤੀ ਸੈਨਾ ਨੂੰ ਕਾਫੀ ਮਦਦ ਮਿਲੇਗੀ। ਹੁਣ ਸਰਦੀਆਂ ਵਿੱਚ ਵੀ ਹਥਿਆਰ ਅਤੇ ਰਸਦ ਦੀ ਸਪਲਾਈ ਅਸਾਨੀ ਨਾਲ ਹੋ ਸਕੇਗੀ।

ਅਟਲ ਸੁਰੰਗ 10,171 ਫੁੱਟ ਦੀ ਉਚਾਈ 'ਤੇ ਬਣੀ ਹੈ। ਇਸ ਨੂੰ ਰੋਹਤਾਂਗ ਪਾਸ ਨਾਲ ਜੋੜ ਕੇ ਬਣਾਇਆ ਗਿਆ ਹੈ। ਇਹ ਦੁਨੀਆ ਦੀ ਸਭ ਤੋਂ ਲੰਬੀ ਅਤੇ ਸਭ ਤੋਂ ਉੱਚੀ ਰੋਡ ਟਨਲ ਹੈ।

ਘੋੜੇ ਦੀ ਨਾਲ ਦੇ ਅਕਾਰ ਵਿੱਚ ਸਿੰਗਲ ਟਿਊਬ ਅਤੇ ਡਬਲ ਲੇਨ ਵਾਲੀ ਟਨਲ ਜਿਸ ਦੀ ਓਵਰਹੈੱਡ ਨਿਕਾਸੀ 5.525 ਮੀਟਰ ਹੈ।

ਜ਼ੋਜਿਲਾ: ਏਸ਼ੀਆ ਦੀ ਸਭ ਤੋਂ ਲੰਬੀ ਟਨਲ ਰੋਡ

10,643 ਕਰੋੜ ਰੁਪਏ ਦਾ ਖਰਚ ਆ ਰਿਹਾ ਸੀ ਟਨਲ ਅਤੇ ਪਹੁੰਚ ਮਾਰਗ ਨੂੰ ਅਲੱਗ-ਅਲੱਗ ਬਣਾਉਣ ਉੱਤੇ। ਹੁਣ ਇਸ ਨੂੰ ਨਵੇਂ ਸਿਰੇ ਤੋਂ ਬਣਾਉਣ ਵਿੱਚ 3,835 ਕਰੋੜ ਰੁਪਏ ਦਾ ਖਰਚ ਘਟਿਆ।

- ਏਸ਼ੀਆ ਦੀ ਸਭ ਤੋਂ ਲੰਬੀ ਟਨਲ ਰੋਡ ਯਾਨੀ ਜ਼ੋਜਿਲਾ ਟਨਲ ਦੇ ਲਈ ਵਿਸਫੋਟ ਦੇ ਨਾਲ ਹੀ ਪਿਛਲੇ ਸਾਲ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਟਨਲ ਦੇ ਬਣਨ ਤੋਂ ਬਾਅਦ ਸ੍ਰੀਨਗਰ, ਦਰਾਸ, ਕਰਗਿਲ ਅਤੇ ਲੇਹ ਖੇਤਰ ਹਰੇਕ ਮੌਸਮ ਵਿੱਚ ਆਪਸ ਵਿੱਚ ਜੁੜੇ ਰਹਿਣਗੇ।
- ਇਸ ਦਾ ਨਿਰਮਾਣ 3 ਹਜ਼ਾਰ ਮੀਟਰ ਦੀ ਉਚਾਈ ਉੱਤੇ ਜ਼ੋਜਿਲਾ ਪਾਸ ਦੇ ਥੱਲੇ ਹੋ ਰਿਹਾ ਹੈ। ਇਸ ਦੇ ਬਣਨ ਨਾਲ ਇਨ੍ਹਾਂ ਖੇਤਰਾਂ ਵਿੱਚ 3 ਘੰਟੇ ਵਿੱਚ ਤੈਅ ਹੋਣ ਵਾਲੀ ਦੂਰੀ ਮਾਤਰ 15 ਮਿੰਟ ਵਿੱਚ ਤੈਅ ਹੋ ਜਾਵੇਗੀ। ਲਗਭਗ 7 ਹਜ਼ਾਰ ਕਰੋੜ ਰੁਪਏ ਦੇ ਇਸ ਪ੍ਰੋਜੈਕਟ ਨਾਲ ਦੇਸ਼ ਦੀ ਰੱਖਿਆ ਰਣਨੀਤੀ ਹੋਰ ਮਜ਼ਬੂਤ ਹੋਵੇਗੀ।

ਬੋਗੀਬੀਲ

ਬਣਿਆ ਅਸਾਮ ਦੀ ਜੀਵਨ ਰੇਖਾ

ਟੈਕਨੋਲੋਜੀ ਦੇ ਜ਼ਰੀਏ ਵਿਕਾਸ ਹੁਣ ਨਿਊ ਇੰਡੀਆ ਦੀ ਪਹਿਚਾਣ ਬਣ ਰਿਹਾ ਹੈ। ਫਿਰ ਚਾਹੇ ਪੂਰਬ ਜਾਂ ਉੱਤਰ-ਪੂਰਬ ਭਾਰਤ ਹੋਵੇ ਜਾਂ ਫਿਰ ਦੱਖਣ ਭਾਰਤ। ਅਸਾਮ ਦਾ ਬੋਗੀਬੀਲ ਪੁਲ਼ ਹੁਣ ਭਾਰਤ ਦਾ ਸਭ ਤੋਂ ਲੰਬਾ ਡਬਲ ਡੈੱਕਰ ਬ੍ਰਿੱਜ (ਨੀਚੇ ਰੇਲ ਉੱਪਰ ਸੜਕ ਮਾਰਗ) ਬਣਿਆ ਹੈ ਤਾਂ ਰਾਮੇਸ਼ਵਰਮ ਨੂੰ ਮੰਡਪਮ ਨਾਲ ਜੋੜਨ ਵਾਲਾ ਸਮੁੰਦਰੀ ਰੇਲ ਪੁਲ਼ ਪੰਬਨ ਤਕਨੀਕ ਦੀ ਅਦਭੁਤ ਮਿਸਾਲ ਬਣਿਆ ਹੋਇਆ ਹੈ।

4.94

ਕਿਲੋਮੀਟਰ ਦੇ ਇਸ ਪੁਲ਼ ਨਾਲ ਡਿਬਰੂਗੜ੍ਹ ਦੀ ਦੂਰੀ ਕੇਵਲ 100 ਕਿਲੋਮੀਟਰ ਰਹਿ ਗਈ ਹੈ। ਪਹਿਲਾਂ ਇਹ 500 ਕਿਲੋਮੀਟਰ ਸੀ ਜਿਸ ਨੂੰ ਤੈਅ ਕਰਨ ਵਿੱਚ 24 ਘੰਟੇ ਲਗਦੇ ਸਨ।

ਬੋਗੀਬੀਲ ਪੁਲ਼ ਨੂੰ ਬਣਾਉਣ ਦੀ ਮੰਗ 1965 ਤੋਂ ਕੀਤੀ ਜਾ ਰਹੀ ਸੀ। 30 ਲੱਖ ਸੀਮਿੰਟ ਦੀਆਂ ਬੋਰੀਆਂ ਦੇ ਨਾਲ ਇਸ ਵਿੱਚ 125 ਮੀਟਰ ਦੇ 39 ਗਾਰਡਰ ਲਗੇ ਹਨ।

ਉੱਪਰ ਦਾ ਹਿੱਸਾ ਸੜਕ ਮਾਰਗ ਅਤੇ ਉਸ ਦੇ ਨੀਚੇ ਰੇਲ ਮਾਰਗ ਹੈ। ਭਾਰਤੀ ਰੇਲਵੇ ਵਿੱਚ ਇਸ ਪ੍ਰਕਾਰ ਦੀ ਸੰਰਚਨਾ ਦਾ ਨਿਰਮਾਣ ਪਹਿਲੀ ਵਾਰ ਕੀਤਾ ਗਿਆ ਹੈ।

5,900

ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਬਣ ਕੇ ਤਿਆਰ ਹੋਏ ਬੋਗੀਬੀਲ ਪੁਲ਼ ਦੇ ਥੱਲੇ ਦੋ ਰੇਲਵੇ ਲਾਈਨਾਂ ਵਿਛਾਈਆਂ ਗਈਆਂ ਹਨ ਅਤੇ ਇਸ ਪੁਲ਼ ਦੇ ਉੱਪਰ ਤਿੰਨ ਲੇਨ ਦੀ ਸੜਕ ਬਣਾਈ ਗਈ ਹੈ, ਜਿਸ ਉੱਤੋਂ ਸੈਨਾ ਦੇ ਭਾਰੀ ਟੈਂਕ ਅਸਾਨੀ ਨਾਲ ਲੰਘ ਸਕਣਗੇ।

ਪੰਬਨ ਪੁਲ਼

ਨਾਲ ਤਮਿਲ ਨਾੜੂ ਦੇ ਵਿਕਾਸ ਨੂੰ ਗਤੀ

ਤਮਿਲ ਨਾੜੂ ਦਾ ਪੰਬਨ ਪੁਲ਼ 105 ਸਾਲ ਪੁਰਾਣੇ ਪੁਲ਼ ਦੀ ਜਗ੍ਹਾ ਲਵੇਗਾ। ਇਸ ਸਾਲ ਦਸੰਬਰ ਤੱਕ ਇਹ ਸ਼ੁਰੂ ਹੋ ਜਾਵੇਗਾ। ਭਾਰਤ ਦਾ ਇਹ ਪਹਿਲਾ ਚਲਦਾ-ਫਿਰਦਾ ਪੁਲ਼ ਵਰਟੀਕਲ ਲਿਫਟ ਸਪੈਨ ਟੈਕਨੋਲੋਜੀ ਦਾ ਉਪਯੋਗ ਕਰਕੇ ਬਣਾਇਆ ਗਿਆ ਹੈ।

ਪੰਬਨ ਪੁਲ਼ ਉੱਤੇ ਟ੍ਰੇਨਾਂ ਨਾ ਸਿਰਫ ਤੇਜ਼ ਗਤੀ ਨਾਲ ਚਲ ਸਕਣਗੀਆਂ, ਬਲਕਿ ਜ਼ਿਆਦਾ ਵਜ਼ਨ ਵੀ ਲਿਜਾ ਸਕਣਗੀਆਂ। ਹਰ ਸਾਲ ਲੱਖਾਂ ਸੈਲਾਨੀ ਰਾਮੇਸ਼ਵਰਮ ਅਤੇ ਧਨੁਸ਼ਕੋਡੀ ਆਉਂਦੇ ਹਨ। ਪੰਬਨ ਪੁਲ਼ ਨਾਲ ਸੈਲਾਨੀਆਂ ਦੀ ਸੰਖਿਆ ਵਿੱਚ ਹੋਰ ਵਾਧਾ ਹੋਵੇਗਾ।

ਭਰੋਸੇ ਦੇ 07 ਸਾਲ

ਆਮ ਆਦਮੀ ਦੇ ਸੁਪਨਿਆਂ ਨੂੰ ਖੰਭ

ਆਮ ਆਦਮੀ ਲਈ ਹਵਾਈ ਯਾਤਰਾ ਸੁਲਭ ਬਣਾਉਣਾ

"ਜੋ ਆਮ ਆਦਮੀ ਹਵਾਈ ਚੱਪਲ ਪਹਿਨ ਕੇ ਘੁੰਮਦਾ ਹੈ, ਉਹ ਹਵਾਈ ਜਹਾਜ਼ ਵਿੱਚ ਵੀ ਦਿਖਣਾ ਚਾਹੀਦਾ ਹੈ, ਇਹ ਮੇਰਾ ਸੁਪਨਾ ਹੈ।"

- ਇਹ ਸ਼ਬਦ ਨਿਸ਼ਾਨੀ ਹਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਆਮ ਆਦਮੀ ਦੇ ਸੁਪਨਿਆਂ ਨੂੰ ਪੂਰਾ ਕਰਨ ਦੀ ਉਸ ਪ੍ਰਤੀਬੱਧਤਾ ਦੇ, ਜੋ ਸਾਕਾਰ ਹੋਏ ਤਾਂ ਅੱਜ ਦੇਸ਼ ਦਾ ਆਮ ਆਦਮੀ 2500 ਰੁਪਏ ਦੇ ਕਿਰਾਏ ਵਿੱਚ ਹਵਾਈ ਜਹਾਜ਼ ਦੀ ਯਾਤਰਾ ਕਰ ਪਾ ਰਿਹਾ ਹੈ।

- ਭਾਰਤ ਵਿੱਚ ਟੈਕਸੀ ਦਾ ਸਫ਼ਰ ਕਰਨ ਉੱਤੇ ਔਸਤਨ 10 ਰੁਪਏ ਪ੍ਰਤੀ ਕਿਲੋਮੀਟਰ ਚੁਕਾਉਣਾ ਹੁੰਦਾ ਹੈ। ਅਜਿਹੇ ਵਿੱਚ ਅਗਰ ਅਸੀਂ ਕਹੀਏ ਕਿ ਤੁਹਾਨੂੰ 5 ਰੁਪਏ ਪ੍ਰਤੀ ਕਿਲੋਮੀਟਰ ਵਿੱਚ ਹਵਾਈ ਜਹਾਜ਼ ਦੀ ਯਾਤਰਾ ਕਰਨ ਨੂੰ ਮਿਲੇਗੀ ਤਾਂ ਤੁਸੀਂ ਕਹੋਗੇ... ਕੀ? ਕੇਂਦਰ ਸਰਕਾਰ ਨੇ ਉਡਾਨ ਯੋਜਨਾ ਦੇ ਜ਼ਰੀਏ ਆਮ ਆਦਮੀ ਦਾ ਇਹ ਸੁਪਨਾ ਸੱਚ ਕੀਤਾ ਹੈ।

- ਉਡਾਨ ਯੋਜਨਾ ਵਿੱਚ ਲਗਭਗ 500 ਕਿਲੋਮੀਟਰ ਦੇ ਲਈ ਇੱਕ 'ਫਿਕਸਡ ਵਿੰਗ ਏਅਰਕ੍ਰਾਫਟ ਵਿਮਾਨ ਦੁਆਰਾ ਇੱਕ ਘੰਟੇ ਦੀ ਯਾਤਰਾ ਜਾਂ ਕਿਸੇ ਹੈਲੀਕੌਪਟਰ ਦੁਆਰਾ ਅੱਧੇ ਘੰਟੇ ਦੀ ਯਾਤਰਾ ਦਾ ਹਵਾਈ ਕਿਰਾਇਆ 2500 ਰੁਪਏ ਤੈਅ ਕੀਤਾ ਗਿਆ।'

ਪਹਿਲੀ ਵਾਰ ਸੀ-ਪਲੇਨ ਦੀ ਸ਼ੁਰੂਆਤ

- ਇਸ ਯੋਜਨਾ ਦੇ ਤਹਿਤ ਹੁਣ ਤੱਕ ਲਗਭਗ 53 ਲੱਖ ਲੋਕਾਂ ਨੇ 2500- 2500 ਰੁਪਏ ਵਿੱਚ ਕੀਤਾ ਹਵਾਈ ਸਫਰ। ਹੁਣ 1000 ਮਾਰਗਾਂ ਨੂੰ ਹਵਾਈ ਸੇਵਾ ਨਾਲ ਜੋੜਨ ਦੀ ਸ਼ੁਰੂਆਤ, ਹਰ ਸਾਲ ਇੱਕ ਕਰੋੜ ਲੋਕ ਕਰਨਗੇ ਸਫ਼ਰ।

- ਇਸ ਸਮੇਂ 5 ਹੈਲੀਪੋਰਟਸ ਸਮੇਤ 53 ਹਵਾਈ ਅੱਡਿਆਂ ਅਤੇ 2 ਵਾਟਰ ਏਅਰੋਡ੍ਰਮ ਨਾਲ 303 ਤੋਂ ਜ਼ਿਆਦਾ ਮਾਰਗਾਂ ਉੱਤੇ ਹਵਾਈ ਸੇਵਾ ਦਿੱਤੀ ਜਾ ਰਹੀ ਹੈ।

- ਉਡਾਨ ਵਿੱਚ ਹੈਲੀਕੌਪਟਰ ਅਤੇ ਸੀ-ਪਲੇਨ ਸੇਵਾ ਨੂੰ ਵੀ ਸ਼ਾਮਲ ਕੀਤਾ ਗਿਆ ਹੈ। 11 ਅਪ੍ਰੇਟਰ, ਉਡਾਨ ਯਾਤਰੀਆਂ ਨੂੰ ਸਸਤੇ ਭਾਅ ਟਿਕਟਾਂ ਉਪਲਬਧ ਕਰਵਾ ਰਹੇ ਹਨ।

- ਉਡਾਨ ਦੇ ਤਹਿਤ ਭਵਿੱਖ ਵਿੱਚ 1,000 ਨਵੇਂ ਮਾਰਗਾਂ ਦੇ ਨਾਲ 100 ਅਤਿਰਿਕਤ ਹਵਾਈ ਅੱਡਿਆਂ ਦਾ ਸੰਚਾਲਨ ਕੀਤਾ ਜਾਵੇਗਾ। 30 ਹੈਲੀਪੋਰਟਸ ਅਤੇ ਸੀ-ਪਲੇਨ ਦੇ ਲਈ 10 ਵਾਟਰ ਏਅਰੋਡ੍ਰਮ ਸ਼ੁਰੂ ਕੀਤੇ ਜਾਣਗੇ।

- ਅਹਿਮਦਾਬਾਦ ਅਤੇ ਕੇਵਡੀਆ ਦੇ ਦਰਮਿਆਨ ਸੀ-ਪਲੇਨ ਸੇਵਾ ਦਾ ਉਦਘਾਟਨ ਖੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਹੈ।

ਭਰੋਸੇ ਦੇ 07 ਸਾਲ

ਨਵਾਂ ਸੰਸਦ ਭਵਨ ਅਤੇ ਸੈਂਟਰਲ ਵਿਸਟਾ

ਆਤਮਨਿਰਭਰ ਭਾਰਤ ਦੀ ਬੁਨਿਆਦੀ ਸੋਚ ਦਾ ਦਰਪਣ

ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਇਸ ਲੋਕਤੰਤਰ ਦਾ ਮੰਦਿਰ ਹੈ ਸੰਸਦ ਭਵਨ, ਜਿੱਥੇ ਦੇਸ਼ ਦੇ ਭਵਿੱਖ ਦੀ ਦਿਸ਼ਾ ਤੈਅ ਹੁੰਦੀ ਹੈ। ਮੌਜੂਦਾ ਸੰਸਦ ਭਵਨ ਨੂੰ 100 ਸਾਲ ਪਹਿਲਾਂ ਬਣਾਇਆ ਗਿਆ ਸੀ। ਇਨ੍ਹਾਂ 100 ਵਰ੍ਹਿਆਂ ਵਿੱਚ ਜ਼ਰੂਰਤਾਂ ਦੇ ਅਨੁਸਾਰ ਇਸ ਦੀ ਕਈ ਵਾਰੀ ਮੁਰੰਮਤ ਅਤੇ ਰੈਨੋਵੇਸ਼ਨ ਕੀਤੀ ਜਾ ਚੁੱਕੀ ਹੈ। ਹੁਣ ਪੁਰਾਣੀ ਸੰਰਚਨਾ ਵਿੱਚ ਬੈਠਣ ਦੀ ਸਮਰੱਥਾ ਨੂੰ ਵਧਾਉਣਾ ਮੁਮਕਿਨ ਨਹੀਂ ਹੈ ਅਤੇ ਨਾ ਹੀ ਤਕਨੀਕ ਵਿੱਚ ਬਦਲਾਅ ਕਰਕੇ ਉਸ ਨੂੰ ਅੱਪਗ੍ਰੇਡ ਕਰਨਾ ਸੰਭਵ ਹੈ। ਅਜਿਹੇ ਵਿੱਚ ਸ਼ਾਸਨ ਸੁਚਾਰੂ ਢੰਗ ਨਾਲ ਚਲੇ, ਇਸ ਲਈ ਨਵਾਂ ਸੰਸਦ ਭਵਨ ਅਤੇ ਸੈਂਟਰਲ ਵਿਸਟਾ ਪ੍ਰੋਜੈਕਟ 21ਵੀਂ ਸਦੀ ਦੇ ਨਿਊ ਇੰਡੀਆ ਦੀ ਜ਼ਰੂਰਤ ਬਣਿਆ...

- ਏਕ ਭਾਰਤ ਸ੍ਰੇਸ਼ਠ ਭਾਰਤ ਦੀ ਭਾਵਨਾ ਨੂੰ ਸੰਜੋਏ ਨਵਾਂ ਸੰਸਦ ਭਵਨ 64 ਹਜ਼ਾਰ 500 ਵਰਗ ਮੀਟਰ ਦੇ ਵਿਸ਼ਾਲ ਖੇਤਰ ਵਿੱਚ ਫੈਲਿਆ ਹੋਵੇਗਾ। ਨਵਾਂ ਚਾਰ ਮੰਜ਼ਿਲਾ ਭਵਨ, 971 ਕਰੋੜ ਰੁਪਏ ਦੀ ਲਾਗਤ ਨਾਲ ਬਣੇਗਾ ਜਿਸ ਦਾ ਨਿਰਮਾਣ ਕਾਰਜ 21 ਮਹੀਨਿਆਂ ਯਾਨੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਤੱਕ ਮੁਕੰਮਲ ਕਰ ਲਿਆ ਜਾਵੇਗਾ।

- ਇਸ ਨੂੰ ਖਾਸ ਬਣਾਵੇਗਾ ਸਾਡੀਆਂ ਸੱਭਿਆਚਾਰਕ ਵਿਵਿਧਤਾਵਾਂ ਤੋਂ ਪ੍ਰੇਰਿਤ ਇਸ ਦਾ ਤ੍ਰਿਕੋਣ ਅਕਾਰ ਦਾ ਡਿਜ਼ਾਈਨ। ਨਵੇਂ ਸੰਸਦ ਭਵਨ ਨੂੰ ਤ੍ਰਿਕੋਣ ਅਕਾਰ ਵਿੱਚ ਡਿਜ਼ਾਈਨ ਕੀਤਾ ਜਾ ਰਿਹਾ ਹੈ, ਜਿਸ ਦੀ ਅੰਦਰੂਨੀ ਸਜਾਵਟ ਭਾਰਤੀ ਸੱਭਿਆਚਾਰ ਦੇ ਨਾਲ ਖੇਤਰੀ ਕਲਾਵਾਂ, ਸ਼ਿਲਪ ਅਤੇ ਵਾਸਤੂਕਲਾ ਦੀ ਵਿਲੱਖਣ ਉਦਾਹਰਣ ਪੇਸ਼ ਕਰੇਗੀ, ਜੋ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਅਜਿੱਤ ਹੋਵੇਗਾ ਅਤੇ ਭੁਚਾਲ ਰੋਧੀ ਤਕਨੀਕ ਨਾਲ ਲੈਸ ਹੋਵੇਗਾ।

- ਸਾਰੇ ਸਾਂਸਦਾਂ ਦਾ ਅਲਹਿਦਾ ਦਫ਼ਤਰ ਬਣਾਉਣ ਦਾ ਵੀ ਟੀਚਾ ਰੱਖਿਆ ਗਿਆ ਹੈ ਜੋ ਸ਼੍ਰਮ-ਸ਼ਕਤੀ ਭਵਨ ਦੇ ਨਜ਼ਦੀਕ ਬਣੇਗਾ। ਡਿਜੀਟਲ ਇੰਟਰਫੇਸ ਅਤੇ ਆਧੁਨਿਕ ਸੁਵਿਧਾਵਾਂ ਨਾਲ ਯੁਕਤ ਹੋਣਗੇ ਸਾਂਸਦਾਂ ਦੇ ਦਫ਼ਤਰ। ਭਾਰਤ ਦੀ ਸ਼ਾਨਦਾਰ ਵਿਰਾਸਤ ਨੂੰ ਦਰਸਾਉਂਦਾ ਸੰਵਿਧਾਨ ਹਾਲ, ਲਾਇਬ੍ਰੇਰੀ, ਕਮੇਟੀ ਰੂਮ ਅਤੇ ਭੋਜਨ ਖੇਤਰ ਹੋਵੇਗਾ।



ਲੋਕ ਸਭਾ- ਰਾਜ ਸਭਾ ਨੂੰ ਉੱਚ ਗੁਣਵੱਤਾ ਵਾਲੇ ਆਡੀਓ ਵੀਡੀਓ ਨਾਲ ਲੈਸ ਕੀਤਾ ਜਾਵੇਗਾ। ਹਰ ਡੈਸਕ ਨੂੰ ਇਲੈਕਟ੍ਰੌਨਿਕ ਗੈਜੇਟਸ ਨਾਲ ਲੈਸ ਕੀਤਾ ਜਾਵੇਗਾ।

- ਨਵੇਂ ਸੰਸਦ ਭਵਨ ਦੇ ਨਿਰਮਾਣ ਦੇ ਬਾਅਦ ਵੀ ਪੁਰਾਣੇ ਭਵਨ ਦਾ ਇਸਤੇਮਾਲ ਜਾਰੀ ਰਹੇਗਾ। ਦੋਵੇਂ ਭਵਨ ਇੱਕ ਦੂਸਰੇ ਦੇ ਪੂਰਕ ਵਜੋਂ ਕੰਮ ਕਰਨਗੇ। ਪੂਰੇ ਨਿਰਮਾਣ ਕਾਰਜ ਵਿੱਚ ਮੌਜੂਦਾ ਭਵਨ ਦੀ ਇਤਿਹਾਸਿਕ ਸੰਭਾਲ਼ ਦਾ ਵੀ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ।

- ਜਿਵੇਂ ਬਸਤੀਵਾਦੀ ਕਾਲ ਦੇ ਪੁਰਾਣੇ ਸ਼ਹੀਦ ਸਮਾਰਕ ਦੇ ਸਾਹਮਣੇ ਅਸੀਂ ਬਣਾਇਆ ਹੈ ਰਾਸਟਰੀ ਸਮਾਰਕ, ਠੀਕ ਉਸੇ ਤਰ੍ਹਾਂ ਹੀ ਪੁਰਾਣੇ ਸੰਸਦ ਭਵਨ ਦੇ ਸਾਹਮਣੇ ਅੱਜ ਅਸੀਂ ਬਣਾਉਣ ਜਾ ਰਹੇ ਹਾਂ ਨਵੇਂ ਅਤੇ ਆਤਮਨਿਰਭਰ ਭਾਰਤ ਨੂੰ ਸਮਰਪਿਤ ਨਵਾਂ ਸੰਸਦ ਭਵਨ।

- ਰਾਸ਼ਟਰਪਤੀ ਭਵਨ ਤੋਂ ਰਾਜਪਥ ਤੱਕ ਦੋਹਾਂ ਪਾਸਿਆਂ ਦੇ ਲਗਭਗ ਤਿੰਨ ਕਿਲੋਮੀਟਰ ਦੇ ਇਲਾਕੇ ਵਿੱਚ ਸੈਂਟਰਲ ਵਿਸਟਾ ਦਾ ਨਿਰਮਾਣ ਹੋ ਰਿਹਾ ਹੈ। ਇਨ੍ਹਾਂ ਵਿੱਚੋਂ ਜ਼ਿਆਦਾ ਇਮਾਰਤਾਂ 1931 ਤੋਂ ਪਹਿਲਾਂ ਦੀਆਂ ਬਣੀਆਂ ਹੋਈਆਂ ਹਨ।

- ਕਿਸੇ ਸੰਸਥਾ ਜਾਂ ਸਰਕਾਰ ਨੂੰ ਅਧਿਕ ਪ੍ਰੋਡਕਟਿਵ ਬਣਾਉਣ ਲਈ ਕਰਮਚਾਰੀਆਂ ਦੇ ਦਰਮਿਆਨ ਸਹਿਯੋਗ ਨੂੰ ਪ੍ਰੋਤਸਾਹਿਤ ਕਰਨਾ ਜ਼ਰੂਰੀ ਹੈ, ਲੇਕਿਨ ਕੇਂਦਰੀ ਸਕੱਤਰੇਤ ਦਾ ਮੌਜੂਦਾ ਢਾਂਚਾ 21ਵੀਂ ਸਦੀ ਦੇ ਹਿਸਾਬ ਨਾਲ ਨਹੀਂ ਹੈ। ਇਸ ਲਈ ਸੈਂਟਰਲ ਵਿਸਟਾ ਅੱਜ ਦੀ ਜ਼ਰੂਰਤ ਹੈ।

- ਇੱਥੇ 4 ਪਲਾਟਾਂ ਵਿੱਚ ਦੋਵੇਂ ਪਾਸੇ 10 ਦਫ਼ਤਰ ਬਣਨਗੇ ਅਤੇ ਫਿਰ ਭਾਰਤ ਸਰਕਾਰ ਦੇ ਸਾਰੇ ਮੰਤਰਾਲੇ, ਦਫ਼ਤਰ ਇੱਕ ਹੀ ਜਗ੍ਹਾ 'ਤੇ ਆ ਜਾਣਗੇ। ਮੈਟਰੋ ਦੇ ਜ਼ਰੀਏ ਇਨ੍ਹਾਂ ਇਮਾਰਤਾਂ ਵਿੱਚ ਪ੍ਰਵੇਸ਼ ਦੇ ਲਈ ਮੈਟਰੋ ਸਟੇਸ਼ਨ ਤੋਂ ਹੀ ਸੁਰੰਗ ਹੋਵੇਗੀ।

- ਪ੍ਰਧਾਨ ਮੰਤਰੀ ਆਵਾਸ ਅਤੇ ਪੀਐੱਮਓ ਵੀ ਇਸ ਪ੍ਰੋਜੈਕਟ ਦਾ ਹਿੱਸਾ ਹੈ। ਉਪ ਰਾਸ਼ਟਰਪਤੀ ਦਾ ਦਫ਼ਤਰ ਅਤੇ ਆਵਾਸ ਵੀ ਹੁਣ ਇਸ ਵਿੱਚ ਆਉਣਗੇ। ●

ਆਟੋ ਤੋਂ ਘੱਟ ਕਿਰਾਏ 'ਚ ਮੰਗਲ ਤੱਕ ਪੁੱਜੇ ਅਸੀਂ

"ਸੂਚਨਾ ਟੈਕਨੋਲੋਜੀ ਦੇ ਖੇਤਰ ਵਿੱਚ ਜੇ ਭਾਰਤ ਦੀ ਨੌਜਵਾਨ ਪੀੜ੍ਹੀ ਦਾ ਯੋਗਦਾਨ ਨਾ ਹੁੰਦਾ ਤਾਂ ਹੁਣ ਵੀ ਸਾਡਾ ਦੇਸ਼ ਸੱਪ ਸਪੇਰਿਆਂ ਦਾ ਦੇਸ਼ ਹੁੰਦਾ। ਸਾਡੇ ਪੂਰਵਜ ਤਾਂ ਸੱਪਾਂ ਨਾਲ ਖੇਡਦੇ ਸਨ ਹੁਣ ਸਾਡੀ ਨੌਜਵਾਨ ਪੀੜ੍ਹੀ ਮਾਊਸ ਦੇ ਨਾਲ ਖੇਡਦੀ ਹੈ।"

ਅਮਰੀਕਾ ਦੇ ਮੈਡੀਸਨ ਸਕੁਏਅਰ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਕਹੇ ਇਹ ਸ਼ਬਦ ਨਵੇਂ ਭਾਰਤ ਦੇ ਉਸ ਆਗਾਜ਼ ਦਾ ਐਲਾਨ ਸੀ, ਜਿਸ ਦਾ ਇੰਤਜ਼ਾਰ ਸਾਡੀਆਂ ਪੀੜ੍ਹੀਆਂ ਸਾਲਾਂ ਤੋਂ ਕਰ ਰਹੀਆਂ ਸਨ।

- ਕੀ ਕੋਈ ਸੋਚ ਸਕਦਾ ਸੀ, ਕਿ ਕਦੇ ਭਾਰਤ ਇੱਕ ਦਿਨ ਮੰਗਲ ਤੱਕ ਪਹੁੰਚ ਜਾਵੇਗਾ ਅਤੇ ਉਹ ਵੀ ਆਟੋ ਰਿਕਸ਼ੇ ਤੋਂ ਘੱਟ ਕਿਰਾਏ ਵਿੱਚ। ਪੂਰੇ ਮਿਸ਼ਨ ਵਿੱਚ 450 ਕਰੋੜ ਰੁਪਏ ਖਰਚ ਹੋਏ। ਭਾਵ ਮੰਗਲ ਦੀ 67 ਕਰੋੜ ਕਿਲੋਮੀਟਰ ਦੀ ਦੂਰੀ ਦੇ ਹਿਸਾਬ ਨਾਲ ਸਿਰਫ਼ 7 ਰੁਪਏ ਪ੍ਰਤੀ ਕਿਲੋਮੀਟਰ ਖਰਚਾ, ਜਦਕਿ ਆਟੋ ਦਾ ਖ਼ਰਚ ਹੁੰਦਾ ਹੈ ਔਸਤਨ 10 ਰੁਪਏ ਪ੍ਰਤੀ ਕਿਲੋਮੀਟਰ।
- ਪੁਲਾੜ ਵਿੱਚ ਕਿਸੇ ਉਪਗ੍ਰਹਿ ਨੂੰ ਮਾਰ ਗਿਰਾਉਣ ਵਾਲਾ ਭਾਰਤ ਦੁਨੀਆ ਦਾ ਚੌਥਾ ਦੇਸ਼ ਬਣਿਆ। ਮਾਰਚ 2019 ਵਿੱਚ ਖ਼ੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਸਫ਼ਲਤਾ ਦਾ ਐਲਾਨ ਕੀਤਾ।
- ਚੰਦ੍ਰਯਾਨ-2 ਮਿਸ਼ਨ ਦੀ ਅੰਸ਼ਕ ਸਫ਼ਲਤਾ ਤੋਂ ਬਾਅਦ 2020 ਵਿੱਚ ਹੀ ਮਿਸ਼ਨ ਚੰਦ੍ਰਯਾਨ-3 ਨੂੰ ਮਨਜ਼ੂਰੀ ਦੇ ਦਿੱਤੀ ਗਈ।
- ਭਾਰਤ ਨੇ ਗਗਨਯਾਨ ਮਿਸ਼ਨ ਵੀ ਸ਼ੁਰੂ ਕੀਤਾ ਹੈ ਇਹ ਦੇਸ਼ ਦਾ ਪਹਿਲਾ ਮਾਨਵ ਪੁਲਾੜ ਪ੍ਰੋਗਰਾਮ ਹੈ। ਇਸ ਨੂੰ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਮੌਕੇ 'ਤੇ ਲਾਂਚ ਕੀਤਾ ਜਾਵੇਗਾ।
- ਸੈਟੇਲਾਈਟ ਲਾਂਚ ਕਰਨ ਅਤੇ ਹੋਰ ਪੁਲਾੜ ਅਧਾਰਿਤ ਸੇਵਾਵਾਂ ਵਿੱਚ ਨਿਜੀ ਸੰਸਥਾਵਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।



- ਪੁਲਾੜ ਮਿਸ਼ਨਾਂ ਵਿੱਚੋਂ ਇੱਕ ਇਤਿਹਾਸਿਕ ਉਪਲਬਧੀ ਦੇ ਤੌਰ 'ਤੇ ਭਾਰਤੀ ਖ਼ਗੋਲ ਵਿਗਿਆਨੀਆਂ ਨੇ 2020 ਵਿੱਚ ਬ੍ਰਹਿਮੰਡ ਵਿੱਚ ਸਭ ਤੋਂ ਦੂਰ ਸਥਿਤ ਤਾਰਿਆਂ ਦੀਆਂ ਆਕਾਸ਼ਗੰਗਾਵਾਂ ਵਿੱਚੋਂ ਇੱਕ ਦੀ ਖੋਜ ਕੀਤੀ।
- 2019 ਵਿੱਚ 6 ਲਾਂਚਿੰਗ ਵਹੀਕਲ, 7 ਸੈਟੇਲਾਈਟ ਮਿਸ਼ਨਾਂ ਸਮੇਤ 13 ਮਿਸ਼ਨ ਪੂਰੇ ਕੀਤੇ। ਬੀਐੱਸਐੱਨਐੱਲ ਨੇ 2020 ਵਿੱਚ ਸੈਟੇਲਾਈਟ ਅਧਾਰਿਤ ਇੰਟਰਨੈੱਟ ਆਵ੍ ਥਿੰਗਸ ਉਪਕਰਣ ਸੇਵਾ ਸ਼ੁਰੂ ਕੀਤੀ। ਇਸ ਦੀ ਮਦਦ ਦੇ ਨਾਲ ਦੇਸ਼ ਦੀਆਂ ਸਮੁੰਦਰੀ ਸਰਹੱਦਾਂ ਦੇ ਅੰਦਰ ਕਿਸੇ ਵੀ ਜਗ੍ਹਾ 'ਤੇ ਫੋਨ ਲਗਾਇਆ ਜਾ ਸਕੇਗਾ।

ਭਾਰਤ ਨੇ 2020 ਵਿੱਚ ਪੀਐੱਸਐੱਲਵੀ-ਸੀ 50 ਰਾਕੇਟ ਦੇ ਜ਼ਰੀਏ ਸੀਐੱਮਐੱਸ-01 ਨਾਮ ਦਾ ਆਪਣਾ 42ਵਾਂ ਸੰਚਾਰ ਉਪਗ੍ਰਹਿ ਸਫ਼ਲਤਾ ਨਾਲ ਪੁਲਾੜ ਵਿੱਚ ਭੇਜਿਆ।

ਇਸਰੋ ਨੇ 22 ਜਨਵਰੀ 2020 ਨੂੰ ਬੰਗਲੁਰੂ ਵਿੱਚ 'ਵਯੋਮਮਿਤ੍ਰ' ਨਾਮ ਦੀ ਆਪਣੀ ਪਹਿਲੀ ਮਹਿਲਾ ਹਿਊਮਨੋਇਡ (ਇਨਸਾਨ ਵਰਗੀ ਦਿਖਣ ਵਾਲੀ ਰੋਬੋਟ) ਦਾ ਪਹਿਲਾ ਪ੍ਰੋਟੋਟਾਈਪ ਪੇਸ਼ ਕੀਤਾ।

ਭਰੋਸੇ ਦੇ 07 ਸਾਲ

34 ਸਾਲ ਬਾਅਦ ਨਵੀਂ ਰਾਸ਼ਟਰੀ ਸਿੱਖਿਆ ਨੀਤੀ

ਗਲੋਬਲ ਨਾਲੇਜ ਸੁਪਰ ਪਾਵਰ ਵੱਲ ਵਧਦੇ ਭਾਰਤ ਦੇ ਕਦਮ

ਦੇਸ਼ ਦੀ ਸਿੱਖਿਆ ਵਿਵਸਥਾ ਵਿੱਚ ਸੁਧਾਰ ਦੇ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਗਾਤਾਰ ਯਤਨਸ਼ੀਲ ਅਤੇ ਦ੍ਰਿੜ੍ਹ ਸੰਕਲਪਿਤ ਰਹੇ ਹਨ। ਉਨ੍ਹਾਂ ਨੇ ਜਿਵੇਂ ਹੀ ਦੂਸਰੀ ਵਾਰ ਕੇਂਦਰ ਵਿੱਚ ਸੱਤਾ ਦੀ ਕਮਾਂਡ ਸੰਭਾਲ਼ੀ ਤਦ ਹੀ ਭਾਰਤ ਦੀ ਸਿੱਖਿਆ ਪ੍ਰਣਾਲੀ ਵਿੱਚ ਬੁਨਿਆਦੀ ਪਰਿਵਰਤਨ ਕਰਦੇ ਹੋਏ ਨਵੀਂ ਰਾਸ਼ਟਰੀ ਸਿੱਖਿਆ ਨੀਤੀ 2020 ਨੂੰ ਮਨਜ਼ੂਰੀ ਦਿੱਤੀ। ਨਾਲ ਹੀ ਕੋਰੋਨਾ ਕਾਲ ਵਿੱਚ ਵੀ ਸਾਰੇ ਵਰਗਾਂ ਤੱਕ ਨਿਰਵਿਘਨ ਸਿੱਖਿਆ ਪਹੁੰਚਾਈ ਐੱਨਟੀਏ ਦੇ ਜ਼ਰੀਏ ਭਾਰਤ ਵਿੱਚ ਪਹਿਲੀ ਵਾਰ ਪੂਰੀ ਤਰ੍ਹਾਂ ਪੈੱਨ ਅਤੇ ਪੇਪਰਲੈੱਸ ਪਰੀਖਿਆਵਾਂ ਨੂੰ ਕਰ ਦਿਖਾਇਆ ਸੰਭਵ...

- ਭਾਰਤ ਦੀ ਸਿੱਖਿਆ ਪ੍ਰਣਾਲੀ ਵਿੱਚ ਇੱਕ ਬਹੁਤ ਵੱਡਾ ਪਰਿਵਰਤਨ ਕਰਦੇ ਹੋਏ 29 ਜੁਲਾਈ 2020 ਨੂੰ ਇੱਕ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਨੂੰ ਮਨਜ਼ੂਰੀ ਦਿੱਤੀ ਗਈ ਜੋ ਸਕੂਲੀ ਸਿੱਖਿਆ ਅਤੇ ਉੱਚ ਸਿੱਖਿਆ ਦੋਨਾਂ ਵਿੱਚ ਵੱਡੇ ਬਦਲਾਅ ਕਰਨ ਦੇ ਸਮਰੱਥ ਹੈ।
- ਕੇਂਦਰ ਸਰਕਾਰ ਨੇ 34 ਸਾਲ ਬਾਅਦ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਹੈ ਇਹ 1968 ਅਤੇ 1986 ਦੇ ਬਾਅਦ ਭਾਰਤ ਦੀ ਤੀਜੀ ਸਿੱਖਿਆ ਨੀਤੀ ਹੈ।
- ਰਾਸ਼ਟਰੀ ਸਿੱਖਿਆ ਨੀਤੀ 2020 ਦੇ ਤਹਿਤ ਕੇਂਦਰ-ਰਾਜਾਂ ਦੇ ਸਹਿਯੋਗ ਨਾਲ ਸਿੱਖਿਆ ਦੇ ਖੇਤਰ ਉੱਤੇ ਦੇਸ਼ ਦੀ ਜੀਡੀਪੀ ਦੇ 6 ਫ਼ੀਸਦੀ ਨਿਵੇਸ਼ ਦਾ ਟੀਚਾ ਰੱਖਿਆ ਹੈ।
- ਨਵੀਂ ਸਿੱਖਿਆ ਨੀਤੀ ਦਾ ਟੀਚਾ ਸਿੱਖਿਆ ਦੇ ਸਾਰੇ ਪੱਧਰਾਂ ਉੱਤੇ ਸਭ ਦੀ ਬਰਾਬਰ ਪਹੁੰਚ ਸੁਨਿਸ਼ਚਿਤ ਕਰਨਾ, ਵਿਦਿਆਰਥੀਆਂ ਨੂੰ ਜ਼ਰੂਰੀ ਕੌਸ਼ਲ ਅਤੇ ਗਿਆਨ ਨਾਲ ਲੈਸ ਕਰਨਾ, ਵਿਦਿਆਰਥੀਆਂ ਨੂੰ ਰਚਨਾਤਮਕ ਸੋਚ, ਤਾਰਕਿਕ ਫ਼ੈਸਲੇ ਅਤੇ ਇਨੋਵੇਸ਼ਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ, ਦਿੱਵਿਯਾਂਗ ਵਿਦਿਆਰਥੀਆਂ ਦੇ ਲਈ ਤਕਨੀਕ ਦੇ ਪ੍ਰਯੋਗ ਨੂੰ ਹੁਲਾਰਾ ਦੇਣਾ ਹੈ।
- ਸਾਰਿਆਂ ਨੂੰ ਸਿੱਖਿਆ ਦੇਣ ਦੇ ਲਈ ਪ੍ਰਤੀਬੱਧ ਕੇਂਦਰ ਸਰਕਾਰ ਨੇ ਸਿੱਖਿਆ ਅਧਿਕਾਰ ਦਾ ਦਾਇਰਾ ਵਧਾ ਕੇ 3 ਤੋਂ 18 ਸਾਲ ਕਰ ਦਿੱਤਾ ਹੈ ਜੋ ਪਹਿਲਾਂ 6 ਤੋਂ 14 ਸਾਲ ਸੀ। ਨਾਲ ਹੀ ਇਸ ਨੀਤੀ ਦਾ ਟੀਚਾ 2030 ਤੱਕ ਨੌਜਵਾਨ ਅਤੇ ਪ੍ਰੌੜ ਸਾਖਰਤਾ 100 ਫ਼ੀਸਦੀ ਹਾਸਲ ਕਰਨ ਦਾ ਹੈ।
- ਸਕੂਲੀ ਸਿੱਖਿਆ ਦੇ ਬੁਨਿਆਦੀ ਢਾਂਚੇ ਵਿੱਚ ਇੱਕ ਵੱਡਾ ਬਦਲਾਅ ਕਰਕੇ ਸਕੂਲ ਪਾਠਕ੍ਰਮ ਦੇ 10+2 ਦੇ ਢਾਂਚੇ ਦੀ ਜਗ੍ਹਾ ਸਕੂਲੀ ਸਿੱਖਿਆ ਪ੍ਰਣਾਲੀ ਨੂੰ 5+3+3+4 ਦਾ ਰੂਪ ਦਿੱਤਾ ਗਿਆ ਹੈ।
- ਸਿੱਖਿਆ ਵਿੱਚ ਸੋਧ ਨੂੰ ਹੁਲਾਰਾ ਦੇਣ ਲਈ 50 ਕਰੋੜ ਰੁਪਏ ਦੀ ਲਾਗਤ ਨਾਲ ਨੈਸ਼ਨਲ ਰਿਸਰਚ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਜਾ ਰਹੀ ਹੈ।

07 ਨਵੇਂ ਆਈਆਈਟੀ, 16 ਆਈਆਈਆਈਟੀ ਅਤੇ 7 ਨਵੇਂ ਆਈਆਈਐੱਮ ਖੋਲ੍ਹੇ ਗਏ ਪਿਛਲੇ 6 ਸਾਲਾਂ ਵਿੱਚ।

ਕੋਰੋਨਾ ਕਾਲ ਵਿੱਚ ਈ-ਲਰਨਿੰਗ ਵੱਲ ਵਧਦੇ ਕਦਮ

ਦੀਕਸ਼ਾ: ਇਸ ਵਿੱਚ ਪਹਿਲੀ ਤੋਂ 12 ਵੀਂ ਜਮਾਤ ਤੱਕ ਦੇ ਲਈ ਸੀਬੀਐੱਸਈ, ਐੱਨਸੀਈਆਰਟੀ ਅਤੇ ਰਾਜਾਂ ਵੱਲੋਂ ਬਣਾਈਆਂ ਗਈਆਂ ਅਲੱਗ-ਅਲੱਗ ਭਾਸ਼ਾਵਾਂ ਵਿੱਚ 80 ਹਜ਼ਾਰ ਤੋਂ ਜ਼ਿਆਦਾ ਈ-ਬੁੱਕਸ ਹਨ। ਇਸ ਦੀ ਐਪ ਡਾਊਨਲੋਡ ਕਰਕੇ ਵਿਦਿਆਰਥੀਆਂ ਨੇ ਲਿਆ ਲਾਭ। ਦੀਕਸ਼ਾ ਉੱਤੇ ਉਪਲਬਧ ਔਨਲਾਈਨ ਸਮੱਗਰੀ 'ਸਵਯੰ ਪ੍ਰਭਾ' ਟੀਵੀ ਚੈਨਲ ਦੇ ਮਾਧਿਅਮ 'ਤੇ ਉਪਲਬਧ।

ਈ-ਪਾਠਸ਼ਾਲਾ
ਐੱਨਸੀਆਰਟੀ ਨੇ ਅਲੱਗ-ਅਲੱਗ ਭਾਸ਼ਾਵਾਂ ਵਿੱਚ 1886 ਆਡੀਓ, 2000 ਵੀਡੀਓ, 696 ਈ-ਬੁੱਕਸ ਪਾਈਆਂ।

ਸਵਯੰ
11 ਵੀਂ 12 ਵੀਂ ਜਮਾਤ ਅਤੇ ਅੰਡਰ ਗ੍ਰੈਜੂਏਟ-ਪੋਸਟ ਗ੍ਰੈਜੂਏਟ ਦੋਨੋਂ ਹੀ ਤਰ੍ਹਾਂ ਦੇ ਵਿਦਿਆਰਥੀਆਂ ਦੇ ਲਈ 1900 ਕੋਰਸ ਹਨ।

ਨੈਸ਼ਨਲ ਰਿਪੌਜ਼ਿਟਰੀ ਆਵ੍ ਓਪਨ ਐਜੂਕੇਸ਼ਨ ਰਿਸੋਰਸਿਜ਼ (NROER) : ਵਿਦਿਆਰਥੀਆਂ ਦੀ ਮਦਦ ਦੇ ਲਈ ਇਸ ਪੋਰਟਲ ਵਿੱਚ ਕੁੱਲ 14527 ਫਾਈਲਾਂ ਹਨ, ਜਿਸ ਵਿੱਚ ਅਲੱਗ-ਅਲੱਗ ਭਾਸ਼ਾਵਾਂ ਵਿੱਚ ਆਡੀਓ, ਵੀਡੀਓ, ਡਾਕੂਮੈਂਟ, ਤਸਵੀਰਾਂ ਅਤੇ ਇੰਟਰੈਕਟਿਵ ਸ਼ਾਮਲ ਹਨ।

ਡਿਜੀਟਲ ਨਾਲ ਸਾਰੇ ਖੇਤਰਾਂ 'ਚ ਸਸ਼ਕਤੀਕਰਣ

ਕੋਰੋਨਾ ਕਾਲ ਨੇ ਸਭ ਤੋਂ ਵੱਧ ਕੁਝ ਅਨੁਭਵ ਕਰਵਾਇਆ ਹੈ ਤਾਂ ਉਹ ਹੈ ਡਿਜੀਟਲ ਦੀ ਦੁਨੀਆ। 2015 ਤੋਂ ਕੇਂਦਰ ਸਰਕਾਰ ਨੇ ਇਸ ਦਿਸ਼ਾ ਵਿੱਚ ਅਜਿਹਾ ਮਜ਼ਬੂਤ ਢਾਂਚਾ ਬਣਾਉਣ ਦੀ ਪਹਿਲ ਕੀਤੀ ਜੋ ਹੁਣ ਸਸ਼ਕਤ ਸਮਾਜ ਦੇ ਲਈ ਜੀਵਨ ਦਾ ਸਹਾਰਾ ਬਣ ਰਿਹਾ ਹੈ। ਹੁਣ ਕਿਰਤ ਖੇਤਰ ਹੋਵੇ ਜਾਂ ਮਹਿਲਾਵਾਂ ਦੀ ਸੁਵਿਧਾ ਜਾਂ ਪਿੰਡ-ਗ਼ਰੀਬ ਤੱਕ ਪ੍ਰਸ਼ਾਸਨ ਦੀ ਪਹੁੰਚ ਜਾਂ ਫਿਰ ਉਪਭੋਗਤਾ ਸੁਰੱਖਿਆ ਤੋਂ ਲੈ ਕੇ ਰਾਜਨੀਤੀ, ਸ਼ਾਸਨ ਅਤੇ ਕੂਟਨੀਤੀ ਅਹਿਮ ਅਧਾਰ ਬਣੇ ਡਿਜੀਟਲ ਪਲੈਟਫਾਰਮ, ਹੋਇਆ ਨਵੇਂ ਡਿਜੀਟਲ ਯੁਗ ਦਾ ਸੂਤਰਪਾਤ ...

ਕਿਰਤ ਸੁਧਾਰ: ਸਾਰੇ ਸੁਧਾਰਾਂ ਦਾ ਮੁੱਖ ਥੰਮ੍ਹ

ਕਿਰਤੀਆਂ ਦੇ ਲਈ ਆਜ਼ਾਦ ਭਾਰਤ ਦਾ ਸਭ ਤੋਂ ਵੱਡਾ ਸੁਧਾਰ 50 ਕਰੋੜ ਕਿਰਤੀਆਂ ਦੇ ਲਈ 73 ਸਾਲ ਬਾਅਦ ਸਿਰਫ 4 ਕਿਰਤ ਕੋਡਾਂ ਨਾਲ ਨਿਆਂ ਅਤੇ ਸੁਗਾਤ। ਪਹਿਲਾਂ ਦੇ ਕਿਰਤ ਕਾਨੂੰਨਾਂ ਵਿੱਚ ਕਈ ਪ੍ਰਾਵਧਾਨ ਅੰਗਰੇਜ਼ਾਂ ਦੇ ਸ਼ਾਸਨ ਕਾਲ ਦੇ ਸਨ ਅਤੇ ਕਾਗਜ਼ੀ ਚੱਕਰਾਂ ਵਿੱਚ ਉਲਝੇ ਰਹਿਣ ਨਾਲ ਕਿਰਤੀਆਂ ਅਤੇ ਨਿਯੁਕਤੀਕਾਰਾਂ ਦੋਨਾਂ ਦੇ ਹਿਤਾਂ ਦੀ ਰੱਖਿਆ ਦੀ ਬਜਾਏ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਾਨੂੰਨ ਦਾ ਜਾਲ ਅਜਿਹਾ ਸੀ ਕਿ ਇੱਕ ਹੀ ਕੰਮ ਦੇ ਲਈ ਕਿਰਤੀਆਂ ਨੂੰ ਚਾਰ-ਚਾਰ ਫਾਰਮ ਭਰਨੇ ਪੈਂਦੇ ਸਨ। ਨਿਯੁਕਤੀਕਾਰਾਂ ਨੂੰ ਵੀ 1458 ਧਾਰਾਵਾਂ ਅਤੇ 937 ਹੋਰ ਬਿੰਦੂਆਂ ਵਿੱਚ ਵੰਡੇ 3 ਦਰਜਨ ਦੇ ਕਰੀਬ ਕਾਨੂੰਨਾਂ ਦੀ ਵਜ੍ਹਾ ਨਾਲ ਕਿਰਤ ਵਿਭਾਗ ਦੇ ਵਿਭਿੰਨ ਦਫ਼ਤਰਾਂ ਵਿੱਚ ਚੱਕਰ ਲਾਉਣੇ ਪੈਂਦੇ ਸਨ। ਪਰ ਨਵੇਂ ਭਾਰਤ ਦਾ ਨਵਾਂ ਲੇਬਰ ਕੋਡ ਮੰਗ ਅਧਾਰਿਤ ਅਰਥਵਿਵਸਥਾ ਨੂੰ ਦੇਵੇਗਾ ਹੁਲਾਰਾ ਅਤੇ ਵਿਕਾਸ ਨੂੰ ਮਿਲੇਗੀ ਰਫ਼ਤਾਰ...

ਸਭ ਤੋਂ ਵਿਆਪਕ ਪ੍ਰਭਾਵੀ ਸੁਧਾਰ

29 ਕਰੋੜ ਕਿਰਤੀ ਪਰਿਵਾਰ	**50** ਕਰੋੜ ਕਿਰਤੀ ਦੇਸ਼ ਵਿੱਚ

ਸਾਰੇ ਕਿਰਤੀ ਕਾਨੂੰਨਾਂ ਨੂੰ ਹੁਣ 4 ਕੋਡਾਂ ਵਿੱਚ ਜੋੜ ਦਿੱਤਾ ਗਿਆ ਹੈ। ਇਸ ਨਾਲ ਪਹਿਲੀ ਵਾਰ ਸਾਰੇ ਕਿਰਤੀਆਂ ਨੂੰ ਨਿਊਨਤਮ ਮਜ਼ਦੂਰੀ ਦਾ ਅਧਿਕਾਰ ਮਿਲ ਗਿਆ ਹੈ। ਸਭ ਨੂੰ ਸਮਾਜਿਕ ਸੁਰੱਖਿਆ ਦੇ ਦਾਇਰੇ ਵਿੱਚ ਲਿਆ ਕੇ ਬੀਮਾ, ਪੈਨਸ਼ਨ, ਗਰੈਚੁਟੀ, ਮਾਤ੍ਰਤਵ ਲਾਭ, ਕਾਰਜਸਥਲਾਂ ਉੱਤੇ ਮਹਿਲਾਵਾਂ ਦੀ ਸੁਰੱਖਿਆ ਆਦਿ ਸੁਨਿਸ਼ਚਿਤ ਹੋਈ।

ਈਐੱਸਆਈਸੀ, ਪੈਨਸ਼ਨ

ਕ.ਰ.ਬੀ.ਸਿ.
ESIC

ਹੁਣ ਸਾਰੀ ਵਿਵਸਥਾ ਕਾਗਜ਼ ਦੀ ਬਜਾਏ ਔਨਲਾਈਨ ਪੋਰਟਲ ਦੇ ਜ਼ਰੀਏ ਉਪਲਬਧ ਹੈ ਜਿਸ ਦਾ ਲਾਭ ਕੋਈ ਵੀ ਕਿਤੇ ਵੀ ਲੈ ਸਕਦਾ ਹੈ।

ਪਰਿਵਾਰ ਭਾਵ

ਪਹਿਲੀ ਵਾਰ ਸੰਗਠਿਤ ਅਤੇ ਗ਼ੈਰ-ਸੰਗਠਿਤ ਕਿਰਤੀਆਂ ਦੀ ਸੁਧ ਲੈਂਦੇ ਹੋਏ ਨਿਯੁਕਤੀਕਾਰਾਂ ਅਤੇ ਕਰਮਚਾਰੀਆਂ ਦੇ ਸਬੰਧਾਂ ਨੂੰ ਪਰਿਵਾਰ ਭਾਵ ਵਿੱਚ ਪਰੋਣ ਦੀ ਕੋਸ਼ਿਸ਼ ਕੀਤੀ ਹੈ ਇਸ ਨੂੰ ਪੰਡਿਤ ਦੀਨ ਦਿਆਲ ਉਪਾਧਿਆਇ ਦੇ ਅੰਤਯੋਦਯ ਦੇ ਸਿਧਾਂਤ ਦੇ ਤਹਿਤ ਅੱਗੇ ਵਧਾਇਆ ਗਿਆ ਹੈ।

ਸ਼੍ਰਮ ਸੁਵਿਧਾ ਪੋਰਟਲ

ਪ੍ਰਧਾਨ ਮੰਤਰੀ ਮੋਦੀ ਦੇ 'ਸ਼੍ਰਮ ਯੋਗੀ, ਰਾਸ਼ਟਰ ਯੋਗੀ' ਦੇ ਸਿਧਾਂਤ ਉੱਤੇ ਸ਼੍ਰਮ ਸੁਵਿਧਾ ਦੇ ਪੋਰਟਲ ਦੇ ਜ਼ਰੀਏ ਉਦਯੋਗਾਂ ਦੇ ਲਈ ਸਹਿਜ ਰਿਟਰਨ ਦੀ ਵਿਵਸਥਾ ਕੀਤੀ ਗਈ ਹੈ।

ਮਿਨੀਮਮ ਗਵਰਨਮੈਂਟ ਮੈਕਸੀਮਮ ਗਵਰਨੈਂਸ

ਆਮ ਨਾਗਰਿਕਾਂ ਦੇ ਜੀਵਨ ਨੂੰ ਅਸਾਨ ਬਣਾਉਣ ਅਤੇ ਫਾਰਮਾਂ ਦੇ ਜੰਜਾਲ ਤੋਂ ਮੁਕਤ ਕਰਵਾਉਣ ਦੇ ਮੰਤਰ ਦੇ ਨਾਲ ਅਪਣਾਏ ਗਏ ਇਸ ਮੰਤਰ ਵਿੱਚ ਡਿਜੀਟਲ ਸਭ ਤੋਂ ਅਹਿਮ ਹੈ। ਇਸ ਦੇ ਲਈ ਸਰਕਾਰ ਨੇ ਕਈ ਅਹਿਮ ਕਦਮ ਉਠਾਏ

1842 ਬੇਕਾਰ ਕਾਨੂੰਨਾਂ ਨੂੰ ਰੱਦ ਕੀਤਾ ਗਿਆ।

ਵਿਭਾਗਾਂ, ਯੋਜਨਾਵਾਂ ਅਤੇ ਮੰਤਰਾਲਿਆਂ ਦਾ ਪੁਨਰਗਠਨ ਕਰਕੇ ਕੰਮ ਨੂੰ ਰਫ਼ਤਾਰ ਦਿੱਤੀ। ਇੱਕ ਪੱਧਰ ਤੋਂ ਹੇਠਾਂ ਦੀਆਂ ਨੌਕਰੀਆਂ ਵਿੱਚ ਇੰਟਰਵਿਊ ਨੂੰ ਖ਼ਤਮ ਕੀਤਾ ਗਿਆ ਅਤੇ ਦਸਤਾਵੇਜ਼ ਵੇਰੀਫ਼ਾਈ ਕਰਵਾਉਣ ਦੀ ਬਜਾਏ ਸੈਲਫ-ਵੇਰੀਫੀਕੇਸ਼ਨ ਦੀ ਵਿਵਸਥਾ ਦਿੱਤੀ। ਡਿਜੀਟਲ ਫੋਰਮ ਦੇ ਜ਼ਰੀਏ ਜਨਤਾ ਨਾਲ ਸਿੱਧਾ ਸੰਵਾਦ ਸ਼ੁਰੂ ਹੋਇਆ।

ਉਮੰਗ ਐਪ, ਡਿਜੀਲਾਕਰ ਜਿਹੀਆਂ ਸੁਵਿਧਾਵਾਂ ਨੇ ਲੋਕਾਂ ਨੂੰ ਸਰਲ ਅਤੇ ਪਾਰਦਰਸ਼ੀ ਡਿਜੀਟਲ ਵਿਵਸਥਾ ਦਿੱਤੀ।

ਰਿਫੰਡ ਦੀ ਵਿਵਸਥਾ ਹੋਵੇ ਜਾਂ ਫਿਰ ਆਈਟੀ ਰਿਟਰਨ ਦੀ ਅਪੀਲ ਸਭ ਕੁਝ ਫੇਸਲੈੱਸ ਕਰਕੇ ਭ੍ਰਿਸ਼ਟਾਚਾਰ ਉੱਤੇ ਹਮਲਾ ਅਤੇ ਟੈਕਸਪੇਅਰ ਨੂੰ ਵੱਡੀ ਰਾਹਤ ਦਿੱਤੀ।

ਪ੍ਰਵਾਸੀ ਮਜ਼ਦੂਰ

ਪ੍ਰਵਾਸੀ ਮਜ਼ਦੂਰਾਂ ਦੇ ਲਈ ਨੈਸ਼ਨਲ ਡਾਟਾ ਬੇਸ ਬਣ ਰਿਹਾ ਹੈ ਤਾਂ ਹਿਤਾਂ ਦੀ ਸੁਰੱਖਿਆ ਦੇ ਲਈ ਲੇਬਰ ਕੋਡ ਵਿੱਚ ਵੀ ਵਿਸ਼ੇਸ਼ ਵਿਵਸਥਾ।

06

ਕਰੋੜ ਲੋਕਾਂ ਨੂੰ ਡਿਜੀਟਲ ਰੂਪ ਨਾਲ ਸਿੱਖਿਅਤ ਬਣਾਇਆ ਜਾ ਰਿਹਾ ਹੈ ਪ੍ਰਧਾਨ ਮੰਤਰੀ ਗ੍ਰਾਮੀਣ ਡਿਜੀਟਲ ਸਾਖਰਤਾ ਅਭਿਯਾਨ ਵਿੱਚ।

ਡਿਜੀਟਲ ਜੀਵਨ ਪ੍ਰਮਾਣਨ

ਰਿਟਾਇਰ ਹੋਣ ਤੋਂ ਬਾਅਦ ਪੈਨਸ਼ਨ ਦੇ ਲਈ ਜੀਵਨ ਪ੍ਰਮਾਣ ਪੱਤਰ ਦੇਣ ਵਾਸਤੇ ਹੁਣ ਡਿਜੀਟਲ ਪ੍ਰਮਾਣਨ ਦੀ ਸੁਵਿਧਾ ਦਿੱਤੀ ਗਈ ਹੈ।

ਉਪਭੋਗਤਾ ਅਧਿਕਾਰ ਡਿਜੀਟਲ

ਕੰਜ਼ਿਊਮਰ ਕਮਿਊਨਟੀ, ਗਾਮਾ ਪੋਰਟਲ, ਕੈਨਫੋਨੇਟ ਐਪ ਦੇ ਜ਼ਰੀਏ ਉਪਭੋਗਤਾ ਕੁਝ ਮਿੰਟਾਂ ਵਿੱਚ ਸ਼ਿਕਾਇਤ ਦਰਜ ਕਰਵਾ ਸਕਦੇ ਹਨ।

ਹਰ ਪਿੰਡ ਤੱਕ ਪਹੁੰਚ ਰਿਹਾ ਔਪਟੀਕਲ ਫਾਈਬਰ

ਪਿੰਡਾਂ ਦੀ ਤਰੱਕੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅੱਜ ਨਵੇਂ ਭਾਰਤ ਵਿੱਚ ਸ਼ਹਿਰਾਂ ਤੋਂ ਵੱਧ ਇੰਟਰਨੈੱਟ ਦਾ ਇਸਤੇਮਾਲ ਪਿੰਡਾਂ ਵਿੱਚ ਹੋ ਰਿਹਾ ਹੈ। ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ ਦੇ ਸਮੁੰਦਰ ਦੇ ਅੰਦਰ ਔਪਟੀਕਲ ਫਾਈਬਰ ਕੇਬਲ ਕਨੈਕਟੀਵਿਟੀ ਦੇ ਕਾਰਨ ਇਨ੍ਹਾਂ ਦ੍ਵੀਪਾਂ ਉੱਤੇ 4ਜੀ ਮੋਬਾਈਲ ਸੇਵਾਵਾਂ, ਟੈਲੀ ਐਜੂਕੇਸ਼ਨ, ਟੈਲੀ ਹੈਲਥ, ਈ ਗਵਰਨੈਂਸ ਸਰਵਿਸਿਜ਼ ਅਤੇ ਦ੍ਵੀਪਾਂ ਉੱਤੇ ਟੂਰਿਜ਼ਮ ਜਿਹੀਆਂ ਡਿਜੀਟਲ ਸੇਵਾਵਾਂ ਨੂੰ ਹੁਲਾਰਾ ਮਿਲੇਗਾ। ਇਸ ਉੱਤੇ ਕਰੀਬ 1224 ਕਰੋੜ ਰੁਪਏ ਦੀ ਲਾਗਤ ਆਈ ਹੈ।

ਦੇਸ਼ ਦੇ ਸਾਰੇ 6 ਲੱਖ ਪਿੰਡਾਂ ਵਿੱਚ ਔਪਟੀਕਲ ਫਾਈਬਰ ਵਿਛਾਉਣ ਦਾ ਟੀਚਾ ਰੱਖਿਆ ਗਿਆ ਹੈ।

1.58 ਲੱਖ ਪਿੰਡਾਂ ਵਿੱਚ ਔਪਟੀਕਲ ਫਾਈਬਰ ਲਗਿਆ ਹੈ ਹੁਣ ਤੱਕ।

3.74 ਲੱਖ ਕੌਮਨ ਸਰਵਿਸ ਸੈਂਟਰ (ਸੀਐੱਸਸੀ) ਉੱਤੇ ਪ੍ਰਮਾਣ ਪੱਤਰ, ਲਾਇਸੰਸ, ਆਧਾਰ ਕਾਰਡ, ਪਾਸਪੋਰਟ, ਬੈਂਕਿੰਗ, ਪੈਨਸ਼ਨ ਜਿਹੀਆਂ ਕਈ ਸਰਕਾਰੀ ਸੇਵਾਵਾਂ ਦੀ ਡਿਜੀਟਲ ਸੁਵਿਧਾ ਮੌਜੂਦ ਹੈ।



ਸਬਕਾ ਸਾਥ, ਸਬਕਾ ਵਿਕਾਸ

ਸ਼ਹਿਰਾਂ ਦੀ ਤਰਜ ਉੱਤੇ ਪਿੰਡਾਂ ਦਾ ਵਿਕਾਸ, ਗ਼ਰੀਬਾਂ ਨੂੰ ਸੁਵਿਧਾਵਾਂ ਉਪਲਬਧ ਕਰਵਾਉਣਾ, ਮੱਧਵਰਗ ਦੇ ਜੀਵਨ ਪੱਧਰ ਨੂੰ ਸਰਲ ਬਣਾਉਣਾ ਅਤੇ ਕਿਸਾਨਾਂ ਦੇ ਲਈ ਖੇਤੀ ਨੂੰ ਲਾਭਕਾਰੀ ਬਣਾ ਕੇ ਉਨ੍ਹਾਂ ਦੀ ਆਮਦਨ ਨੂੰ ਵਧਾਉਣਾ। ਮੌਜੂਦਾ ਕੇਂਦਰ ਸਰਕਾਰ ਦੇ ਸਮੁੱਚੇ ਨਜ਼ਰੀਏ ਦਾ ਹਿੱਸਾ ਰਿਹਾ ਹੈ, ਜਿਸ ਨਾਲ ਈਜ਼ ਆਵ੍ ਲਿਵਿੰਗ ਦੀ ਦਿਸ਼ਾ ਵਿੱਚ ਹੋ ਰਿਹਾ ਕ੍ਰਾਂਤੀਕਾਰੀ ਸੁਧਾਰ

ਤੁਹਾਨੂੰ ਦੱਸ ਦੇਵਾਂ ਕਿ ਜੋ ਮੈਨੂੰ ਜਾਣਦੇ ਹਨ ਉਹ ਮੈਨੂੰ ਸਮਝਦੇ ਵੀ ਹਨ। ਮੈਂ ਆਪਣੇ ਲਈ ਨਹੀਂ, ਨਾ ਹੀ ਆਪਣਿਆਂ ਦੇ ਲਈ ਹਾਂ। ਮੈਂ ਇੱਥੇ ਗ਼ਰੀਬਾਂ ਦੇ ਲਈ ਹਾਂ। ਮੈਂ ਗ਼ਰੀਬੀ ਵਿੱਚ ਜੰਮਿਆ ਹਾਂ। ਗ਼ਰੀਬੀ ਨੂੰ ਜੀਵਿਆ ਵੀ ਹੈ। ਮੈਂ ਗ਼ਰੀਬਾਂ ਦੇ ਦਰਦ ਨੂੰ ਸਮਝਦਾ ਹਾਂ... ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ਼ਬਦ ਉਨ੍ਹਾਂ ਦੀ ਸੋਚ ਅਤੇ ਕਾਰਜ-ਸ਼ੈਲੀ ਦਾ ਅਹਿਮ ਹਿੱਸਾ ਹਨ। ਪਿੰਡਾਂ ਵਿੱਚ ਇਨਫ੍ਰਾਸਟ੍ਰਕਚਰ ਦੇ ਵਿਕਾਸ ਦੇ ਨਾਲ-ਨਾਲ ਗ਼ਰੀਬਾਂ ਨੂੰ ਪੱਕੇ ਮਕਾਨ, ਪਖਾਨੇ ਦੀ ਸੁਵਿਧਾ, ਰਸੋਈ ਗੈਸ ਕਨੈਕਸ਼ਨ, ਜਨਧਨ ਤਹਿਤ ਬੈਂਕ ਖਾਤੇ, ਰੋਜ਼ਗਾਰ ਦੇ ਲਈ ਵਿੱਤੀ ਸਹਾਇਤਾ ਅਤੇ ਜੀਵਨ ਦੀ ਸੁਰੱਖਿਆ ਦੇ ਲਈ ਬੀਮਾ ਯੋਜਨਾ ਜਿਹੀ ਸ਼ੁਰੂਆਤ ਨੇ ਬੀਤੇ ਕੁਝ ਸਾਲਾਂ ਵਿੱਚ ਹੀ ਪਿੰਡਾਂ-ਗ਼ਰੀਬਾਂ ਦੀ ਤਸਵੀਰ ਬਦਲ ਦਿੱਤੀ ਹੈ। ਇਸ ਉੱਤੇ ਫੋਕਸ ਦੀ ਵੱਡੀ ਵਜ੍ਹਾ ਇਹ ਹੈ ਕਿ ਦੇਸ਼ ਦੇ ਤਕਰੀਬਨ 6 ਲੱਖ ਪਿੰਡਾਂ ਵਿੱਚ 80- 85 ਫ਼ੀਸਦੀ ਆਬਾਦੀ ਰਹਿੰਦੀ ਹੈ।

ਸਦੈਵ ਗ਼ਰੀਬ ਕਲਿਆਣ

ਗ਼ਰੀਬਾਂ ਦੀ ਫ਼ਿਕਰ ਸਭ ਤੋਂ ਉੱਪਰ: ਲੌਕਡਾਊਨ ਲਗਿਆ ਤਾਂ ਅਗਲੇ ਹੀ ਦਿਨ 26 ਮਾਰਚ 2020 ਨੂੰ 1.75 ਲੱਖ ਕਰੋੜ ਰੁਪਏ ਦੇ ਵਿਸ਼ੇਸ਼ ਗ਼ਰੀਬ ਪੈਕੇਜ ਦਾ ਐਲਾਨ ਕੀਤਾ ਗਿਆ। ਜਿਸ ਦੇ ਤਹਿਤ 80 ਕਰੋੜ ਲੋਕਾਂ ਨੂੰ 5 ਕਿਲੋ ਅਨਾਜ, ਦਾਲ਼, 20 ਕਰੋੜ ਮਹਿਲਾਵਾਂ ਦੇ ਜਨਧਨ ਖਾਤਿਆਂ ਵਿੱਚ 500 ਰੁਪਏ, 8 ਕਰੋੜ ਘਰਾਂ ਵਿੱਚ ਮੁਫ਼ਤ ਸਿਲੰਡਰ, 3 ਕਰੋੜ ਬਜ਼ੁਰਗ, ਦਿੱਵਿਯਾਂਗ ਅਤੇ ਵਿਧਵਾਵਾਂ ਨੂੰ 1 ਹਜ਼ਾਰ ਰੁਪਏ ਮਾਸਿਕ ਪੈਨਸ਼ਨ, ਕਿਰਤੀਆਂ ਨੂੰ ਘਰਾਂ ਤੱਕ ਪਹੁੰਚਾਉਣ ਦੀ ਵਿਵਸਥਾ ਅਤੇ ਸਾਰੇ ਰਾਜਾਂ ਨੂੰ ਪ੍ਰਵਾਸੀਆਂ ਦੇ ਦੇਖਭਾਲ਼ ਦੇ ਲਈ 11 ਹਜ਼ਾਰ ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਸੀ।

ਕੋਈ ਭੁੱਖਾ ਨਾ ਸੌਂਵੇਂ: ਕੋਰੋਨਾ ਦੀ ਦੂਸਰੀ ਲਹਿਰ ਵਿੱਚ ਮਈ-ਜੂਨ ਦੇ ਲਈ

80 ਕਰੋੜ ਤੋਂ ਵੱਧ ਲੋਕਾਂ ਨੂੰ 26 ਹਜ਼ਾਰ ਕਰੋੜ ਰੁਪਏ ਤੋਂ ਵੱਧ ਖਰਚ ਕਰਕੇ ਮੁਫ਼ਤ ਅਨਾਜ ਮੁਹੱਈਆ ਕਰਾਇਆ ਜਾ ਰਿਹਾ ਹੈ।

ਪੱਕਾ ਮਕਾਨ: ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਦੇ ਤਹਿਤ 2.14 ਕਰੋੜ ਪਾਤਰ ਪਰਿਵਾਰਾਂ ਵਿੱਚੋਂ 1.92 ਕਰੋੜ ਘਰਾਂ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ ਜਿਸ ਵਿੱਚੋਂ 1.36 ਕਰੋੜ ਆਵਾਸ ਨਿਰਮਾਣ ਪੂਰੇ ਹੋ ਚੁੱਕੇ ਹਨ। ਆਜ਼ਾਦੀ ਦੇ ਅੰਮ੍ਰਿਤ ਮਹੋਤਸਵ ਦੇ ਪੂਰੇ ਹੋਣ ਦੇ ਨਾਲ ਹੀ ਪਿੰਡਾਂ ਵਿੱਚ ਸਭ ਦੇ ਪੱਕੇ ਮਕਾਨ ਦਾ ਸੁਪਨਾ ਹੋਵੇਗਾ ਸਾਕਾਰ।

ਉੱਜਵਲਾ ਯੋਜਨਾ: 8 ਕਰੋੜ ਗ਼ਰੀਬਾਂ ਨੂੰ ਦਿੱਤੇ ਮੁਫ਼ਤ ਕਨੈਕਸ਼ਨ। ਐੱਲਪੀਜੀ ਦੀ ਕਵਰੇਜ 99.6 ਫ਼ੀਸਦੀ ਤੱਕ ਪਹੁੰਚੀ।

ਗ਼ਰੀਬ ਕਲਿਆਣ ਰੋਜਗਾਰ ਅਭਿਯਾਨ: ਪ੍ਰਵਾਸੀ ਮਜ਼ਦੂਰਾਂ ਨੂੰ ਪਿੰਡ ਵਿੱਚ ਹੀ ਰੋਜ਼ਗਾਰ ਉਪਲਬਧ ਕਰਵਾਇਆ ਗਿਆ।

ਜੀਵਨ ਸੁਰੱਖਿਆ: ਕੇਂਦਰ ਸਰਕਾਰ ਵੱਲੋਂ 12 ਰੁਪਏ ਸਲਾਨਾ ਵਿੱਚ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ ਅਤੇ 330 ਰੁਪਏ ਵਿੱਚ ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਉਪਲਬਧ। ਫ਼ਰਵਰੀ 2021 ਤੱਕ ਦੋਨਾਂ ਬੀਮਾ ਯੋਜਨਾਵਾਂ ਵਿੱਚ ਲਗਭਗ 33 ਕਰੋੜ ਨਾਮ ਦਰਜ।

ਪਿੰਡਾਂ ਵਿੱਚ ਇੰਟਰਨੈੱਟ: ਇਤਿਹਾਸ ਵਿੱਚ ਪਹਿਲੀ ਵਾਰ ਪਿੰਡਾਂ ਵਿੱਚ ਸ਼ਹਿਰਾਂ ਨਾਲੋਂ ਜ਼ਿਆਦਾ ਹੋ ਰਿਹਾ ਇੰਟਰਨੈੱਟ ਇਸਤੇਮਾਲ। ਹਰ ਪੰਚਾਇਤ ਵਿੱਚ ਔਪਟੀਕਲ ਫਾਈਬਰ ਵਿਛਾਉਣ ਦੀ ਯੋਜਨਾ ਉੱਤੇ ਤੇਜ਼ੀ ਨਾਲ ਹੋ ਰਿਹਾ ਕੰਮ।

ਲੋਕਾਂ ਨੂੰ ਮਿਲਿਆ ਹੱਕ: ਆਰਥਿਕ ਤੌਰ 'ਤੇ ਪਿਛੜੇ ਵਰਗਾਂ ਨੂੰ 10 ਫ਼ੀਸਦੀ ਰਿਜ਼ਰਵੇਸ਼ਨ ਦਾ ਲਾਭ, ਦਿੱਵਿਯਾਂਗ ਰਾਖਵਾਂ ਕੋਟਾ 3 ਤੋਂ ਵਧਾ ਕੇ 5 ਫ਼ੀਸਦੀ ਤੱਕ ਕੀਤਾ ਗਿਆ। ਟਰਾਂਸਜੈਂਡਰ ਨੂੰ ਨਵੀਂ ਪਹਿਚਾਣ ਮਿਲੀ।

ਸਵਾਮਿਤਵ ਯੋਜਨਾ: ਮੇਰੀ ਸੰਪਤੀ, ਮੇਰਾ ਹੱਕ

- ਪਿੰਡਾਂ ਦੇ ਸਮਾਜਿਕ ਜੀਵਨ ਵਿੱਚ ਕ੍ਰਾਂਤੀਕਾਰੀ ਬਦਲਾਅ ਦੀ ਸ਼ੁਰੂਆਤ, ਆਪਣੀ ਜ਼ਮੀਨ ਦਾ ਮਾਲਿਕਾਨਾ ਹੱਕ ਦਾ ਦਸਤਾਵੇਜ਼ ਮਿਲਣ ਲਗਿਆ।
- ਜ਼ਮੀਨੀ ਰਿਕਾਰਡ ਦਾ ਡਿਜੀਟਲੀਕਰਨ ਗ੍ਰਾਮੀਣ ਖੇਤਰਾਂ ਨੂੰ ਸਸ਼ਕਤ ਅਤੇ ਆਤਮਨਿਰਭਰ ਬਣਾਉਣ ਦੀ ਦਿਸ਼ਾ ਵਿੱਚ ਕਦਮ। ਰਿਹਾਇਸ਼ੀ ਜ਼ਮੀਨ ਦਾ ਡਿਜੀਟਲ ਨਕਸ਼ਾ ਬਣ ਰਿਹਾ ਹੈ। ਇਸ ਉੱਤੇ ਅੰਗਰੇਜ਼ਾਂ ਦੇ ਸ਼ਾਸਨ ਕਾਲ ਦੇ ਸਮੇਂ ਵੀ ਧਿਆਨ ਨਹੀਂ ਦਿੱਤਾ ਗਿਆ ਸੀ। ਅਪ੍ਰੈਲ 2024 ਤੱਕ ਸਾਰੇ 6.62 ਲੱਖ ਪਿੰਡਾਂ ਨੂੰ ਸਵਾਮਿਤਵ ਯੋਜਨਾ ਦੇ ਤਹਿਤ ਕਵਰ ਕੀਤਾ ਜਾਵੇਗਾ।

- **ਪੀਐੱਮ-ਸਵਨਿਧੀ ਯੋਜਨਾ:** ਰੇਹੜੀ-ਪਟੜੀ ਵਾਲਿਆਂ ਦੇ ਲਈ ਸਵੈ ਰੋਜ਼ਗਾਰ ਅਤੇ ਸਵੈ-ਅਭਿਮਾਨ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਪੀਐੱਮ-ਸਵਨਿਧੀ ਯੋਜਨਾ ਨਾਲ ਰੇਹੜੀ-ਪਟੜੀ ਵਾਲਿਆਂ ਨੂੰ ਮਿਲ ਰਹੀ ਰਾਹਤ। ਪੀਐੱਮ ਸਟ੍ਰੀਟ ਵੈਂਡਰਸ ਆਤਮਨਿਰਭਰ ਨਿਧੀ (ਪੀਐੱਮ ਸਵਨਿਧੀ) ਨਾਲ ਦੇਸ਼ ਦੇ 50 ਲੱਖ ਰੇਹੜੀ ਵਾਲਿਆਂ ਦੇ ਲਈ 10 ਹਜ਼ਾਰ ਰੁਪਏ ਦੇ ਲੋਨ ਦੀ ਵਿਵਸਥਾ।

"ਸਾਡੇ ਦੇਸ਼ ਵਿੱਚ ਗ਼ਰੀਬਾਂ ਦੀ ਗੱਲ ਬਹੁਤ ਹੋਈ ਹੈ ਪਰ ਗ਼ਰੀਬਾਂ ਦੇ ਲਈ ਜਿੰਨਾ ਕੰਮ ਇਸ ਸ਼ਾਸਨ ਕਾਲ ਵਿੱਚ ਹੋਇਆ ਹੈ, ਓਨਾ ਪਹਿਲਾਂ ਕਦੇ ਨਹੀਂ ਹੋਇਆ। -ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਅੰਨਦਾਤਾ ਨੂੰ ਸਨਮਾਨ

ਕਿਸਾਨ ਸਨਮਾਨ ਨਿਧੀ

ਪੀਐੱਮ-ਕਿਸਾਨ ਸਨਮਾਨ ਨਿਧੀ ਦੇ ਤਹਿਤ ਫ਼ਰਵਰੀ ਤਕ 1 ਲੱਖ 13 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੀ ਰਾਸ਼ੀ ਕਿਸਾਨਾਂ ਨੂੰ ਬੈਂਕ ਖਾਤੇ ਵਿੱਚ ਦਿੱਤੀ।

ਕਿਸਾਨ ਰੇਲ

ਫਲ-ਸਬਜ਼ੀਆਂ ਦੀ ਆਵਾਜਾਈ ਦੇ ਲਈ ਵਿਸ਼ੇਸ਼ ਰੇਲ ਸੇਵਾ ਕੋਰੋਨਾ ਕਾਲ ਵਿੱਚ ਸ਼ੁਰੂ ਕੀਤੀ। ਹੁਣ 100 ਕਿਸਾਨ ਰੇਲ ਚਲ ਰਹੀਆਂ ਹਨ।

ਕਿਸਾਨ ਆਪਣੀ ਉਪਜ ਦਾ ਮਾਲਿਕ

ਸੰਸਦ ਨੇ 3 ਕਾਨੂੰਨ ਪਾਸ ਕੀਤੇ ਜਿਸ ਨਾਲ ਕਿਸਾਨਾਂ ਨੂੰ ਮੰਡੀ ਦੇ ਬਾਹਰ ਉਪਜ ਵੇਚਣ ਦਾ ਅਧਿਕਾਰ ਮਿਲਿਆ। ਐੱਮਐੱਸਪੀ ਹੁਣ ਲਾਗਤ ਦਾ ਡੇਢ ਗੁਣਾ ਕੀਤਾ ਗਿਆ।

ਈ-ਨਾਮ (E-NAM) ਨਾਲ ਬਜ਼ਾਰ ਤੱਕ ਪਹੁੰਚ

ਇਸ ਪਲੈਟਫਾਰਮ ਨਾਲ ਦੇਸ਼ ਦੇ ਸਾਰੇ ਬਜ਼ਾਰਾਂ ਤੱਕ ਸਿੱਧੀ ਪਹੁੰਚ। ਵੱਖਰੇ ਰਾਜਾਂ ਵਿੱਚ ਕਿਸਾਨਾਂ ਅਤੇ ਖਰੀਦਦਾਰਾਂ ਦੇ ਦਰਮਿਆਨ 1.13 ਲੱਖ ਕਰੋੜ ਰੁਪਏ ਦੇ ਲੈਣ-ਦੇਣ ਦੀ ਸੁਵਿਧਾ ਇਸ ਮੰਚ ਤੋਂ ਪ੍ਰਦਾਨ ਕੀਤੀ ਗਈ। ਇਸ ਨਾਲ ਹੁਣ ਤੱਕ 1 ਕਰੋੜ 70 ਲੱਖ ਤੋਂ ਵੱਧ ਕਿਸਾਨ ਰਜਿਸਟਰ।

ਭੂਮੀ ਸਿਹਤ ਕਾਰਡ ਅਤੇ ਨਵੀਂ ਫ਼ਸਲ ਬੀਮਾ ਯੋਜਨਾ ਦੀ ਸ਼ੁਰੂਆਤ। ਆਜ਼ਾਦੀ ਤੋਂ ਬਾਅਦ ਸਭ ਤੋਂ ਵੱਡੀ ਮਤਸਯ ਸੰਪਦਾ ਯੋਜਨਾ ਲਾਗੂ ਕੀਤੀ ਗਈ।

05 ਕਰੋੜ ਤੋਂ ਜ਼ਿਆਦਾ ਨੌਜਵਾਨਾਂ ਨੂੰ 5 ਸਾਲ ਵਿੱਚ ਸਕਿੱਲ ਇੰਡੀਆ ਮਿਸ਼ਨ ਦੇ ਤਹਿਤ ਕੌਸ਼ਲ ਵਿਕਾਸ ਦੀ ਟ੍ਰੇਨਿੰਗ ਨੌਕਰੀ ਦੇ ਨਵੇਂ ਅਵਸਰ ਮਿਲ ਰਹੇ ਹਨ। 35 ਲੱਖ ਤੋਂ ਜ਼ਿਆਦਾ ਨੌਜਵਾਨਾਂ ਨੂੰ ਕਰਜ਼ ਉਪਲਬਧ ਕਰਵਾਇਆ ਗਿਆ।

ਜਨ ਕੇਂਦ੍ਰਿਤ ਨੌਕਰਸ਼ਾਹੀ ਦੀ ਦਿਸ਼ਾ ਵਿੱਚ ਮਿਸ਼ਨ ਕਰਮਯੋਗੀ ਦੇ ਮਾਧਿਅਮ ਨਾਲ ਨਵੀਂ ਪਹਿਲ।



ਅਰਥਵਿਵਸਥਾ

ਚਲੀ ਆਤਮਨਿਰਭਰਤਾ ਦੇ ਰਾਹ

ਅਰਥਵਿਸਸਥਾ ਅਤੇ ਸਮਾਜ 'ਤੇ ਟੈਕਨੋਲੋਜੀ ਦਾ ਨਿਰਧਾਰਣ ਸਥਾਨਕ, ਰਾਸ਼ਟਰੀ ਅਤੇ ਗਲੋਬਲ ਪੱਧਰ ਦੀਆਂ ਨੀਤੀਆਂ ਦੁਆਰਾ ਹੀ ਹੋ ਸਕਦਾ ਹੈ। ਭਾਰਤ ਦੀ ਸਮੂਹਿਕ ਪ੍ਰਗਤੀ ਅਤੇ ਖੁਸ਼ਹਾਲੀ ਦਾ ਵੱਡਾ ਕਾਰਨ ਹੈ ਇਸ ਦੀ ਅੱਧੀ ਆਬਾਦੀ ਦਾ ਇੱਕ ਵਰਕਿੰਗ ਗਰੁੱਪ ਦੇ ਤੌਰ 'ਤੇ ਹੋਣਾ। ਅਜਿਹੇ ਵਿੱਚ ਜਦੋਂ ਕੋਰੋਨਾ ਜਿਹੀ ਆਪਦਾ ਆਈ ਤਾਂ ਦੇਸ਼ ਦੀ ਲੀਡਰਸ਼ਿਪ ਨੇ ਨਵੀਂ ਸੋਚ ਦੇ ਨਾਲ ਪਹਿਲਾਂ ਜ਼ਿੰਦਗੀ ਨੂੰ ਬਚਾਉਣ ਦਾ ਮੰਤਰ ਦਿੱਤਾ ਅਤੇ ਫਿਰ ਉਸ ਤੋਂ ਬਾਅਦ 'ਜਾਨ ਭੀ, ਜਹਾਨ ਭੀ' ਦੇ ਮੰਤਰ ਨਾਲ ਆਤਮਨਿਰਭਰਤਾ ਦਾ ਮੰਤਰ ਦਿੱਤਾ ਅਤੇ ਦੇਸ਼ ਨੇ ਇਸ ਨੂੰ ਸਾਕਾਰ ਕਰਨ ਵੱਲ ਵਧਾਇਆ ਕਦਮ ...

ਕੋਰੋਨਾ ਕਾਲ ਦੇ ਦਰਮਿਆਨ ਜਦੋਂ ਪੂਰੀ ਦੁਨੀਆ ਨੇ ਇੱਕ ਭਿਆਨਕ ਆਰਥਿਕ ਸੰਕਟ ਦਾ ਸਾਹਮਣਾ ਕੀਤਾ ਤਾਂ ਭਾਰਤ ਵੀ ਇਸ ਤੋਂ ਅਛੂਤਾ ਨਹੀਂ ਰਿਹਾ। ਪਿਛਲੇ ਵਿੱਤ ਵਰ੍ਹੇ ਦੀ ਪਹਿਲੀ ਤਿਮਾਹੀ ਵਿੱਚ ਜੀਡੀਪੀ ਵਿਕਾਸ ਦਰ -23.9 ਫ਼ੀਸਦੀ ਤੱਕ ਜਾ ਪਹੁੰਚੀ। ਤਮਾਮ ਅੰਤਰਰਾਸ਼ਟਰੀ ਏਜੰਸੀਆਂ ਨੇ ਭਾਰਤ ਦੇ ਆਰਥਿਕ ਵਿਕਾਸ ਬਾਰੇ ਰੁਕਣ ਦੀ ਗੱਲ ਕੀਤੀ। ਪਰ ਸੰਕਟ ਦੇ ਇਸ ਸਮੇਂ ਵਿੱਚ ਵੀ, ਇਹ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਹੀ ਨਤੀਜਾ ਸੀ, ਤੀਸਰੀ ਤਿਮਾਹੀ ਵਿੱਚ ਹੀ, ਵਾਧਾ ਫਿਰ ਸਕਾਰਾਤਮਕ ਅੰਕੜਿਆਂ ਤੱਕ ਪਹੁੰਚ ਗਿਆ। ਉਸ ਸਮੇਂ ਭਾਰਤ ਦੁਨੀਆ ਦਾ ਕੇਵਲ ਦੂਸਰਾ ਦੇਸ਼ ਸੀ, ਜਿਸ ਦੀ ਜੀਡੀਪੀ ਪਾਜ਼ਿਟਿਵ ਅੰਕੜਿਆਂ 'ਤੇ ਰਹੀ ਸੀ। ਸਿਰਫ ਇਹ ਹੀ ਨਹੀਂ, ਉਹ ਤਮਾਮ ਲੋਕ ਅਤੇ ਏਜੰਸੀਆਂ ਜੋ ਭਾਰਤ ਵਿੱਚ ਭਿਆਨਕ ਆਰਥਿਕ ਮੰਦੀ ਦਾ ਅਨੁਮਾਨ ਲਗਾ ਰਹੇ ਸਨ, ਉਨ੍ਹਾਂ ਨੇ ਫਿਰ ਤੋਂ ਸੋਧੇ ਹੋਏ ਅਨੁਮਾਨ ਜਾਰੀ ਕਰਕੇ ਨਵੇਂ ਵਿੱਤ ਵਰ੍ਹੇ ਵਿੱਚ ਭਾਰਤ ਦੀ ਜੀਡੀਪੀ ਦੋ ਅੰਕਾਂ ਵਿੱਚ ਅੱਗੇ ਵਧਣ ਦੀ ਗੱਲ ਕਹੀ ਹੈ।

ਆਤਮਨਿਰਭਰ ਭਾਰਤ ਪੈਕੇਜ ਨੇ ਦਿਖਾਇਆ ਰਸਤਾ

ਲੌਕਡਾਊਨ ਦੇ ਦੌਰਾਨ ਅਰਥਵਿਸਸਥਾ ਨੂੰ ਸਹਾਰਾ ਦੇਣ ਲਈ 'ਆਤਮਨਿਰਭਰ ਭਾਰਤ' ਪੈਕੇਜ ਦਾ ਐਲਾਨ ਕੀਤਾ।

29.87

ਲੱਖ ਕਰੋੜ ਰੁਪਏ ਤਿੰਨ ਪੜਾਵਾਂ ਵਿੱਚ ਐਲਾਨੇ

ਆਰਥਿਕ ਪੈਕੇਜ ਵਿੱਚ ਉਦਯੋਗ ਦੇ ਨਾਲ ਆਮ ਆਦਮੀ, ਗ਼ਰੀਬ, ਕਿਸਾਨ, ਪ੍ਰਵਾਸੀ ਮਜ਼ਦੂਰ, ਐੱਮਐੱਸਐੱਮਈ ਦਾ ਧਿਆਨ ਰੱਖਿਆ ਗਿਆ।

15%

ਪੈਕੇਜ ਦਿੱਤਾ ਭਾਰਤ ਦੀ ਜੀਡੀਪੀ ਦਾ। ਇਸ ਨੇ ਨਾ ਸਿਰਫ਼ ਸੰਭਾਲ਼ਿਆ, ਬਲਕਿ ਅਰਥਵਿਸਸਥਾ ਨੂੰ ਆਤਮਨਿਰਭਰਤਾ ਦਾ ਰਸਤਾ ਦਿਖਾਇਆ।

ਚੌਥੀ ਉਦਯੋਗਿਕ ਕ੍ਰਾਂਤੀ ਦੀ ਅਗਵਾਈ ਲਈ ਭਾਰਤ ਤਿਆਰ

ਆਰਟੀਫ਼ਿਸ਼ਲ ਇੰਟੈਲੀਜੈਂਸ, ਮਸ਼ੀਨ ਲਰਨਿੰਗ, ਇੰਟਰਨੈੱਟ ਆਵ੍ ਥਿੰਗਸ, ਬਲੌਕਚੈਨ ਅਤੇ ਬਿੱਗ ਡਾਟਾ ਵਿੱਚ ਦੇਸ਼ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਦੀ ਸਮਰੱਥਾ ਹੈ। ਟੈਕਨੋਲੋਜੀ ਮੌਜੂਦਾ ਯੁਗ ਵਿੱਚ ਸੰਪੂਰਨ ਵਿਕਾਸ ਤੱਕ ਪਹੁੰਚਣ ਦਾ ਅਹਿਮ ਜ਼ਰੀਆ ਹੈ। ਇਸ ਦੇ ਰਸਤੇ ਉੱਤੇ ਚਲ ਕੇ ਭਾਰਤ ਆਤਮਨਿਰਭਰਤਾ ਦੇ ਆਪਣੇ ਸੁਪਨੇ ਨੂੰ ਪੂਰਾ ਕਰ ਸਕਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ਼ਬਦਾਂ ਵਿੱਚ, "ਦੁਨੀਆ ਵਿੱਚ ਪਹਿਲੀ ਅਤੇ ਦੂਸਰੀ ਉਦਯੋਗਿਕ ਕ੍ਰਾਂਤੀ ਹੋਈ, ਤਦ ਭਾਰਤ ਆਜ਼ਾਦ ਨਹੀਂ ਸੀ। ਜਦੋਂ ਤੀਸਰੀ ਉਦਯੋਗਿਕ ਕ੍ਰਾਂਤੀ ਹੋਈ, ਤਦ ਭਾਰਤ ਆਜ਼ਾਦੀ ਤੋਂ ਤੁਰੰਤ ਬਾਅਦ ਮਿਲੀਆਂ ਚੁਣੌਤੀਆਂ ਨਾਲ ਜੂਝ ਰਿਹਾ ਸੀ। ਪਰ ਹੁਣ ਭਾਰਤ ਪੂਰੀ ਤਰ੍ਹਾਂ ਤਿਆਰ ਹੈ। ਇਸ ਸਮੇਂ ਦੇਸ਼ ਦੀ 50 ਫ਼ੀਸਦੀ ਆਬਾਦੀ 27 ਸਾਲ ਤੋਂ ਘੱਟ ਉਮਰ ਦੀ ਹੈ। ਇਸ ਲਈ ਚੌਥੀ ਉਦਯੋਗਿਕ ਕ੍ਰਾਂਤੀ ਵਿੱਚ ਆਪਣੀ ਅਹਿਮ ਭੂਮਿਕਾ ਨੂੰ ਲੈ ਕੇ ਭਾਰਤ ਤਿਆਰ ਹੈ।"

93%

ਹੋ ਗਈ ਟੈਲੀਕੌਮ ਦੀ ਪਹੁੰਚ ਦੀ ਘਣਤਾ। 50 ਕਰੋੜ ਤੋਂ ਵੱਧ ਭਾਰਤੀਆਂ ਦੇ ਹੱਥਾਂ ਵਿੱਚ ਮੋਬਾਈਲ।

ਭਾਰਤ ਦੁਨੀਆ ਦਾ ਸਭ ਤੋਂ ਵੱਧ ਮੋਬਾਈਲ ਇੰਟਰਨੈੱਟ ਵਰਤਣ ਵਾਲਾ ਦੇਸ਼ ਹੈ। ਦਰਾਂ ਸਭ ਤੋਂ ਘੱਟ ਹਨ। ਮੋਬਾਈਲ ਡਾਟਾ ਖਪਤ ਪਿਛਲੇ ਚਾਰ ਸਾਲਾਂ ਵਿੱਚ 30 ਗੁਣਾ ਵਧ ਗਈ ਹੈ।

120

120 ਕਰੋੜ ਤੋਂ ਅਧਿਕ ਭਾਰਤੀਆਂ ਦੇ ਪਾਸ ਆਧਾਰ ਹੈ।

ਇਨ੍ਹਾਂ ਹਾਲਤਾਂ ਵਿੱਚ ਭਾਰਤ ਹੁਣ ਦੁਨੀਆ ਦੀ ਚੌਥੀ ਉਦਯੋਗਿਕ ਕ੍ਰਾਂਤੀ ਦੀ ਅਗਵਾਈ ਕਰਨ ਲਈ ਪੂਰਾ ਤਿਆਰ ਹੈ।

1.58 ਲੱਖ

ਗ੍ਰਾਮ ਪੰਚਾਇਤਾਂ ਤੱਕ ਔਪਟੀਕਲ ਫਾਈਬਰ ਪਹੁੰਚਾਈ ਜਾ ਚੁੱਕੀ ਹੈ। 2014 ਵਿੱਚ ਇਹ ਸਿਰਫ 59 ਗ੍ਰਾਮ ਪੰਚਾਇਤਾਂ ਤੱਕ ਸੀ।

ਇਨੋਵੇਸ਼ਨ ਦੇ ਮਾਮਲੇ ਵਿੱਚ ਦੇਸ਼ ਨਿਰੰਤਰ ਅੱਗੇ ਵਧ ਰਿਹਾ ਹੈ। ਗਲੋਬਲ ਇਨੋਵੇਸ਼ਨ ਇੰਡੈਕਸ ਵਿੱਚ 52ਵਾਂ ਰੈਂਕ ਇਸ ਦਾ ਗਵਾਹ ਹੈ। 7 ਸਾਲਾਂ ਵਿੱਚ ਲਗਾਤਾਰ ਇਸ ਵਿੱਚ ਸੁਧਾਰ ਹੋਇਆ ਹੈ।

ਜੀਐੱਸਟੀ

ਟੈਕਸ ਪ੍ਰਣਾਲੀ ਵਿੱਚ ਮਹੱਤਵਪੂਰਨ ਸੁਧਾਰ ਦੇ ਤਹਿਤ ਲਾਗੂ ਕੀਤੀ ਗਈ ਇੱਕ ਦੇਸ਼-ਇੱਕ ਕਰ ਵਿਵਸਥਾ, ਮਾਲ ਅਤੇ ਸੇਵਾਵਾਂ ਟੈਕਸ (ਜੀਐੱਸਟੀ) ਨੇ ਅਰਥਵਿਵਸਥਾ ਨੂੰ ਇੱਕ ਮੁਕਾਮ ਤੱਕ ਪਹੁੰਚਣ ਵਿੱਚ ਮਦਦ ਕੀਤੀ ਹੈ। ਉਦਯੋਗ ਅਤੇ ਵਪਾਰੀ ਤਮਾਮ ਟੈਕਸਾਂ ਦੇ ਜਾਲ ਤੋਂ ਮੁਕਤ ਹੋਏ ਤਾਂ ਮਾਲੀਏ ਦਾ ਨੁਕਸਾਨ ਵੀ ਘੱਟ ਹੋਇਆ।

ਅਪ੍ਰੈਲ 2021 ਵਿੱਚ 1.41 ਲੱਖ ਕਰੋੜ ਤਾਂ ਮਾਰਚ 2021 ਵਿੱਚ ਰਿਕਾਰਡ 1.23 ਲੱਖ ਕਰੋੜ ਦੀ ਜੀਐੱਸਟੀ ਕਲੈਕਸ਼ਨ ਹੋਈ ਹੈ। ਇਹ ਲਗਾਤਾਰ 7ਵਾਂ ਮਹੀਨਾ ਹੈ ਜਦੋਂ ਜੀਐੱਸਟੀ ਕਲੈਕਸ਼ਨ 1 ਲੱਖ ਕਰੋੜ ਰੁਪਏ ਤੋਂ ਪਾਰ ਰਹੀ।

ਇਮਾਨਦਾਰ ਕਰਦਾਤਾ ਨੂੰ ਸਨਮਾਨ ਦਿੰਦੇ ਹੋਏ, ਪਹਿਲੀ ਵਾਰ, ਫੇਸਲੈੱਸ ਮੁੱਲਾਂਕਣ ਵਿਧੀ ਲਾਗੂ ਕੀਤੀ ਗਈ। 'ਵਿਵਾਦ ਸੇ ਵਿਸ਼ਵਾਸ' ਯੋਜਨਾ ਦੇ ਜ਼ਰੀਏ ਬਕਾਇਆ ਪਏ ਆਮਦਨ ਟੈਕਸ ਮਾਮਲਿਆਂ ਵਿੱਚ ਕਮੀ ਦੀ ਪਹਿਲ ਕੀਤੀ ਗਈ।

ਐੱਮਐੱਸਐੱਮਈ ਦੀ ਪਰਿਭਾਸ਼ਾ ਬਦਲੀ ...

ਦੁਨੀਆ ਜਦੋਂ-ਜਦੋਂ ਵੀ ਆਰਥਿਕ ਸੰਕਟ ਵਿੱਚ ਫਸੀ, ਭਾਰਤ ਇਸ ਤੋਂ ਬਚਿਆ ਰਿਹਾ, ਕਿਉਂਕਿ ਖੇਤੀਬਾੜੀ ਅਤੇ ਛੋਟੇ ਅਤੇ ਦਰਮਿਆਨੇ ਉਦਯੋਗ ਭਾਰਤ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਵਜੋਂ ਇਸ ਨੂੰ ਸਹਾਰਾ ਦਿੰਦੇ ਰਹੇ ਹਨ। ਅਰਥਵਿਸਸਥਾ ਵਿੱਚ 29% ਹਿੱਸੇ ਵਾਲੇ ਐੱਮਐੱਸਐੱਮਈ ਸੈਕਟਰ ਦੀ ਪਰਿਭਾਸ਼ਾ ਨੂੰ ਬਦਲਿਆ ਗਿਆ। ਜੀਡੀਪੀ ਵਿੱਚ ਉਨ੍ਹਾਂ ਦਾ ਹਿੱਸਾ 50 ਫ਼ੀਸਦੀ ਤੱਕ ਪਹੁੰਚਾਉਣ ਦਾ ਟੀਚਾ।

ਸਰਕਾਰੀ ਬੈਂਕਾਂ ਦਾ ਰਲੇਵਾਂ...

ਖਰਾਬ ਆਰਥਿਕ ਸਥਿਤੀ ਨਾਲ ਜੂਝ ਰਹੇ ਬੈਂਕਾਂ ਦੀ ਸਥਿਤੀ ਵਿੱਚ ਸੁਧਾਰ ਲਿਆਉਣਾ ਅਤੇ ਵਧ ਰਹੇ ਕਰਜ਼ੇ ਦੇ ਘਾਟੇ ਨੂੰ ਘਟਾਉਣ ਲਈ 27 ਬੈਂਕਾਂ ਦਾ ਰਲੇਵਾਂ ਕਰਕੇ 12 ਬੈਂਕ ਬਣਾਉਣ ਦਾ ਫੈਸਲਾ ਕੀਤਾ ਗਿਆ। ਮਾਰਚ 2018 ਵਿੱਚ ਐੱਨਪੀਏ 11.5% ਤੋਂ ਘਟ ਕੇ ਮਾਰਚ 2019 ਵਿੱਚ 9.3% ਅਤੇ ਮਾਰਚ 2020 ਵਿੱਚ ਇਹ 8.5% ਰਹਿ ਗਿਆ।

ਉਦਯੋਗਾਂ ਦੇ ਲਈ ਪਹਿਲੀ ਵਾਰ ਪੀਐੱਲਆਈ ...

ਹੁਣ ਤੱਕ ਤੁਸੀਂ ਆਪਣੇ ਉਦਯੋਗਾਂ ਲਈ ਸਰਕਾਰਾਂ ਦੁਆਰਾ ਸਸਤੇ ਕਰਜ਼ੇ, ਬਿਜਲੀ, ਪਾਣੀ ਜਿਹੀਆਂ ਸਹੂਲਤਾਂ ਦਿੰਦੇ ਹੋਏ ਸੁਣਿਆ ਹੋਵੇਗਾ। ਪਰ ਪਹਿਲੀ ਵਾਰ ਕੇਂਦਰ ਸਰਕਾਰ ਨੇ ਮੈਨੂਫੈਕਚਰਿੰਗ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ 13 ਖੇਤਰਾਂ ਦੇ ਉਦਯੋਗਾਂ ਨੂੰ ਪ੍ਰੋਤਸਾਹਨ ਲਿੰਕਡ ਪੈਕੇਜ ਦੇਣ ਦਾ ਐਲਾਨ ਕੀਤਾ। 1.97 ਲੱਖ ਕਰੋੜ ਰੁਪਏ ਦੀ ਪੀਐੱਲਆਈ ਸਕੀਮ ਦੇ ਜ਼ਰੀਏ ਅਗਲੇ ਪੰਜ ਸਾਲਾਂ ਵਿੱਚ 500 ਬਿਲੀਅਨ ਡਾਲਰ ਮੈਨੂਫੈਕਚਰਿੰਗ ਆਊਟਪੁਟ ਮਿਲੇਗਾ ਤਾਂ 1 ਕਰੋੜ ਨਵੇਂ

ਡੀਬੀਟੀ ਅਤੇ ਡਿਜੀਟਲ ਅਰਥਵਿਸਥਾ ਨੂੰ ਮਹੱਤਵ ਨੇ ਦਿਖਾਈ ਨਵੀਂ ਦਿਸ਼ਾ

54 ਮੰਤਰਾਲਿਆਂ ਦੀਆਂ 318 ਯੋਜਨਾਵਾਂ ਵਿੱਚ ਡੀਬੀਟੀ ਦੇ ਜ਼ਰੀਏ ਤੁਹਾਡੇ ਹੱਕ ਦਾ ਪੈਸਾ ਸਿੱਧਾ ਤੁਹਾਡੇ ਖਾਤੇ ਵਿੱਚ ਭੇਜਿਆ ਜਾ ਰਿਹਾ ਹੈ।

15.16

ਲੱਖ ਕਰੋੜ ਰੁਪਏ ਹੁਣ ਤੱਕ ਡੀਬੀਟੀ ਦੇ ਜ਼ਰੀਏ ਸਿੱਧੇ ਖਾਤਿਆਂ ਵਿੱਚ ਭੇਜਿਆ ਗਿਆ ਹੈ। ਡੀਬੀਟੀ ਦੇ ਜ਼ਰੀਏ 1.78 ਲੱਖ ਕਰੋੜ ਰੁਪਏ ਦੀ ਬੱਚਤ ਹੋਈ ਹੈ।

ਇਨਕਮ ਟੈਕਸ ਰਿਟਰਨ ਭਰਨ ਵਾਲਿਆਂ ਦੇ ਅੰਕੜਿਆਂ ਵਿੱਚ ਢਾਈ ਕਰੋੜ ਦਾ ਵਾਧਾ ਹੋਇਆ ਹੈ।

ਅੱਜ ਦੇਸ਼ ਵਿੱਚ 120 ਕਰੋੜ ਤੋਂ ਵੱਧ ਲੋਕਾਂ ਕੋਲ ਆਧਾਰ ਕਾਰਡ ਹੈ।
ਆਧਾਰ ਦੁਆਰਾ ਸਿੱਧਾ ਲਾਭ ਤਬਾਦਲਾ ਯਾਨੀ ਅੱਜ ਡੀਬੀਟੀ ਸਰਕਾਰੀ ਯੋਜਨਾਵਾਂ ਦਾ ਧੁਰਾ ਬਣ ਗਿਆ ਹੈ।

ਲੋੜਵੰਦਾਂ ਨੂੰ ਸਿੱਧਾ ਉਨ੍ਹਾਂ ਦੇ ਖਾਤੇ ਵਿੱਚ ਲਾਭ ਭੇਜਿਆ ਜਾ ਰਿਹਾ ਹੈ। ਭ੍ਰਿਸ਼ਟਾਚਾਰ ਉੱਤੇ ਇਹ ਕੇਂਦਰ ਸਰਕਾਰ ਦੀ ਸਭ ਤੋਂ ਵੱਡੀ ਸੱਟ ਹੈ। ਹੁਣ 100 ਵਿੱਚੋਂ 100 ਪੈਸੇ ਜ਼ਰੂਰਤਮੰਦ ਅਤੇ ਪਾਤਰ ਵਿਅਕਤੀ ਤੱਕ ਪਹੁੰਚ ਰਹੇ ਹਨ।

ਵਿਦੇਸ਼ੀ ਨਿਵੇਸ਼ ਦੇ ਨਿਯਮਾਂ ਨੂੰ ਅਸਾਨ ਬਣਾਇਆ ਗਿਆ ਹੈ। ਰੱਖਿਆ, ਰੇਲਵੇ ਦੇ ਨਾਲ ਬੀਮਾ ਜਿਹੇ ਤਮਾਮ ਸੈਕਟਰ ਵਿਦੇਸ਼ੀ ਨਿਵੇਸ਼ ਦੇ ਲਈ ਖੋਲ੍ਹੇ ਗਏ ਹਨ। ਇਸ ਨਾਲ ਦੇਸ਼ ਵਿੱਚ ਮੈਨੂਫੈਕਚਰਿੰਗ ਨੂੰ ਉਤਸ਼ਾਹ ਮਿਲਿਆ ਹੈ ਤਾਂ ਨਵੇਂ ਰੋਜ਼ਗਾਰ ਵੀ ਪੈਦਾ ਹੋਏ ਹਨ।

ਜਨ-ਧਨ
42 ਕਰੋੜ ਤੋਂ ਜ਼ਿਆਦਾ ਲੋਕਾਂ ਦੇ ਬੈਂਕ ਖਾਤੇ ਖੋਲ੍ਹੇ ਗਏ 6 ਸਾਲ ਵਿੱਚ

64% ਖਾਤੇ ਗ੍ਰਾਮੀਣ ਖੇਤਰਾਂ ਵਿੱਚ ਖੋਲ੍ਹੇ ਗਏ ਹਨ, 55% ਖਾਤਾਧਾਰਕ ਮਹਿਲਾਵਾਂ ਹਨ।

1 ਲੱਖ 45000 ਕਰੋੜ ਰੁਪਏ ਜਮ੍ਹਾਂ ਹਨ ਮੌਜੂਦਾ ਸਮੇਂ ਵਿੱਚ

25,000 ਕਰੋੜ ਰੁਪਏ ਤੋਂ ਜ਼ਿਆਦਾ ਦੀ ਸਹਾਇਤਾ ਦਿੱਤੀ ਗਈ ਹੈ ਹੁਣ ਸਟੈਂਡ-ਅੱਪ ਇੰਡੀਆ ਯੋਜਨਾ ਦੇ ਤਹਿਤ

28 ਕਰੋੜ ਤੋਂ ਜ਼ਿਆਦਾ ਲੋਨ ਪ੍ਰਵਾਨ ਕੀਤੇ ਜਾ ਚੁੱਕੇ ਹਨ ਹੁਣ ਤੱਕ ਮੁਦਰਾ ਯੋਜਨਾ ਦੇ ਤਹਿਤ

ਜਨ-ਧਨ ਯੋਜਨਾ ਦੇ ਤਹਿਤ ਹੁਣ ਹਰ ਘਰ ਵਿੱਚ ਖਾਤੇ ਤੋਂ ਬਾਅਦ ਹਰ ਬਾਲਗ ਦੇ ਬੈਂਕ ਖਾਤੇ ਦੀ ਸ਼ੁਰੂਆਤ

- ਅਪ੍ਰੈਲ 2020 ਤੋਂ ਜਨਵਰੀ 2021 ਤੱਕ 72.12 ਅਰਬ ਡਾਲਰ ਦਾ ਵਿਦੇਸ਼ੀ ਨਿਵੇਸ਼ ਪ੍ਰਵਾਹ ਹੋਇਆ ਹੈ। ਹੁਣ ਤੱਕ ਦੇ ਇਤਿਹਾਸ ਵਿੱਚ ਸਭ ਤੋਂ ਜ਼ਿਆਦਾ।
- ਕੈਸ਼ਲੈੱਸ ਅਰਥਵਿਸਥਾ ਬਦਲਦੇ ਸਮੇਂ ਦੀ ਲੋੜ ਹੈ। ਇਸ ਲਈ ਦੇਸ਼ ਦੀ ਅਰਥਵਿਸਥਾ ਨੂੰ ਡਿਜੀਟਲ ਬਣਾਉਣ ਲਈ ਕੇਂਦਰ ਸਰਕਾਰ ਨੇ ਵਿਸ਼ੇਸ਼ ਪਹਿਲ ਕੀਤੀ ਹੈ।
- ਭੀਮ ਐਪ 'ਤੇ 170 ਤੋਂ ਵੱਧ ਬੈਂਕ ਜੁੜੇ ਹੋਏ ਹਨ, ਜੋ 24 ਘੰਟੇ ਡਿਜੀਟਲ ਭੁਗਤਾਨ ਦੀ ਵਿਵਸਥਾ ਪ੍ਰਦਾਨ ਕਰ ਰਹੇ ਹਨ।
- ਇਸ ਸਾਲ ਬਜਟ ਵਿੱਚ ਹੀ 1500 ਕਰੋੜ ਰੁਪਏ ਦਾ ਪ੍ਰਾਵਧਾਨ ਭਾਰਤ ਵਿੱਚ ਡਿਜੀਟਲ ਭੁਗਤਾਨ ਨੂੰ ਉਤਸ਼ਾਹਿਤ ਕਰਨ ਲਈ ਰੱਖਿਆ ਗਿਆ ਹੈ। ਡਿਜੀਟਲ ਲੈਣ-ਦੇਣ ਦੇ ਮਾਮਲੇ ਵਿੱਚ 2020 ਵਿੱਚ ਭਾਰਤ ਨੇ ਅਮਰੀਕਾ ਅਤੇ ਚੀਨ ਨੂੰ ਪਿੱਛੇ ਛੱਡ ਦਿੱਤਾ ਹੈ।
- ਅਗਸਤ 2016 ਤੋਂ ਮਾਰਚ 2021 ਤੱਕ ਭੀਮ ਐਪ ਦੇ ਜ਼ਰੀਏ 4 ਖਰਬ ਤੋਂ ਵੱਧ ਟ੍ਰਾਂਜੈਕਸ਼ਨਾਂ ਹੋ ਚੁੱਕੀਆਂ ਹਨ।

ਰੋਜ਼ਗਾਰ ਵੀ ਪੈਦਾ ਹੋਣਗੇ।

ਬਜਟ ਤੋਂ ਬਾਅਦ ਹਿਤਧਾਰਕਾਂ ਨਾਲ ਸੰਵਾਦ ਦੀ ਨਵੀਂ ਸ਼ੁਰੂਆਤ...

ਆਮ ਬਜਟ ਹਰ ਸਾਲ ਆਉਂਦਾ ਹੈ, ਪਰ ਪਹਿਲੀ ਵਾਰ ਇਸ ਨੂੰ ਧਰਾਤਲ 'ਤੇ ਪੂਰਨ ਰੂਪ ਨਾਲ ਲਾਗੂ ਕਰਨ ਦੀ ਦਿਸ਼ਾ ਵਿੱਚ ਮਾਹਿਰਾਂ ਨੂੰ ਸ਼ਾਮਲ ਕਰਨ ਦੀ ਪਹਿਲ ਕੀਤੀ ਗਈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 9 ਸੈਕਟਰਾਂ ਦੇ ਮਾਹਿਰਾਂ ਦੇ ਨਾਲ ਖੁਦ ਸਿੱਧਾ ਸੰਵਾਦ ਕਰਕੇ ਇੱਕ ਨਵੀਂ ਪਰੰਪਰਾ ਦੀ ਸ਼ੁਰੂਆਤ ਕੀਤੀ। ਨਾਗਰਿਕਾਂ ਨੂੰ ਨਿਜੀ ਖੇਤਰ ਦੇ ਦਰਮਿਆਨ ਸੇਤੂ ਦੇ ਰੂਪ ਵਿੱਚ ਕੰਮ ਕਰਕੇ ਆਮ ਬਜਟ ਨੂੰ ਧਰਾਤਲ 'ਤੇ ਲਾਗੂ ਕਰਦੇ ਹੋਏ ਭਾਰਤ ਨੂੰ ਆਤਮਨਿਰਭਰ ਬਣਾਉਣ ਦੀ ਇਹ ਪਹਿਲ 5 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਤੱਕ ਪਹੁੰਚਣ ਦਾ ਇੱਕ ਅਹਿਮ ਪੜਾਅ ਹੈ। ●

ਪਹਿਲੀ ਵਾਰ ਭਾਰਤ ਵਿੱਚ ਨਵੀਂ ਤਕਨੀਕ ਨਾਲ ਹੋਵੇਗਾ ਯੂਰੀਆ ਦਾ ਉਤਪਾਦਨ

ਟੈਕਨੋਲੋਜੀ ਨਾਲ ਭਾਰਤ ਦੀ ਬਦਲ ਰਹੀ ਤਸਵੀਰ ਨੂੰ ਹੁਲਾਰਾ ਦਿੰਦੇ ਹੋਏ ਕੇਂਦਰੀ ਮੰਤਰੀ ਮੰਡਲ ਨੇ ਇਨੋਵੇਟਿਵ ਟੈਕਨੋਲੋਜੀ ਨਾਲ ਯੂਰੀਆ ਬਣਾਉਣ ਦਾ ਫ਼ੈਸਲਾ ਕੀਤਾ ਹੈ। ਦੇਸ਼ ਵਿੱਚ ਪਹਿਲੀ ਵਾਰ, ਕੋਲੇ ਤੋਂ ਗੈਸ ਅਤੇ ਗੈਸ ਤੋਂ ਯੂਰੀਆ ਟੈਕਨੋਲੋਜੀ ਦੀ ਵਰਤੋਂ ਕਰਦਿਆਂ ਖਾਦ ਦਾ ਉਤਪਾਦਨ ਕਰਕੇ ਇੱਕ ਆਤਮਨਿਰਭਰ ਭਾਰਤ ਵੱਲ ਕਦਮ ਚੁੱਕਿਆ ਗਿਆ ਹੈ ਜੋ ਦੇਸ਼ ਦੀ ਯੂਰੀਆ ਸੁਰੱਖਿਆ ਅਤੇ ਟੈਕਨੋਲੋਜੀ ਵਿੱਚ ਇੱਕ ਨਵਾਂ ਅਧਿਆਇ ਲਿਖ ਦੇਵੇਗਾ। ਇਸ ਦੇ ਨਾਲ ਹੀ, ਆਈਟੀ ਕੈਪੀਟਲ, ਵਿਗਿਆਨ-ਟੈਕਨੋਲੋਜੀ ਹੱਬ ਦੇ ਤੌਰ 'ਤੇ ਜਾਣੇ ਜਾਣ ਵਾਲੇ ਬੰਗਲੂਰੂ ਵਿੱਚ ਹਵਾਈ ਅੱਡੇ ਨੂੰ ਜੋੜਨ ਵਾਲੀ ਮੈਟਰੋ ਦੀ ਸ਼ੁਰੂਆਤ ਅਤੇ ਵਿੱਤੀ ਬਿਲ ਵਿੱਚ ਸੋਧ ਨਾਲ ਕਰਦਾਤਾਵਾਂ ਨੂੰ ਇੱਕ ਵੱਡਾ ਤੋਹਫਾ ਦਿੱਤਾ

- **ਫ਼ੈਸਲਾ: ਖਾਦ ਉਤਪਾਦਨ ਵਿੱਚ ਆਤਮਨਿਰਭਰਤਾ ਵੱਲ ਕਦਮ ਵਧਾਉਂਦੇ ਹੋਏ ਟੀਐੱਫ਼ਐੱਲ ਦੁਆਰਾ ਕੋਲਾ ਗੈਸੀਕਰਨ ਦੇ ਜ਼ਰੀਏ ਉਤਪਾਦਿਤ ਕੀਤੇ ਯੂਰੀਆ ਦੇ ਲਈ ਵਿਸ਼ੇਸ਼ ਸਬਸਿਡੀ ਨੀਤੀ ਨੂੰ ਪ੍ਰਵਾਨਗੀ।**
- **ਪ੍ਰਭਾਵ:** ਤਲਚੇਰ ਫਰਟੀਲਾਈਜ਼ਰਸ ਲਿਮਿਟਿਡ (ਟੀਐੱਫ਼ਐੱਲ) ਦੇਸ਼ ਵਿੱਚ ਆਪਣੀ ਤਰ੍ਹਾਂ ਦੇ ਪਹਿਲੇ ਯੂਰੀਆ ਪ੍ਰੋਜੈਕਟ ਦੀ ਅਨੁਮਾਨਿਤ ਲਾਗਤ ਲਗਭਗ 13277 ਕਰੋੜ ਰੁਪਏ ਹੈ।
- ਦੇਸ਼ ਵਿੱਚ ਪਹਿਲੀ ਵਾਰ ਕੋਲੇ ਨਾਲ ਗੈਸ ਅਤੇ ਗੈਸ ਨਾਲ ਯੂਰੀਆ ਬਣਾਉਣ ਦੀ ਤਕਨੀਕ ਨਾਲ ਉਤਪਾਦਨ ਲਈ ਕੰਮ ਹੋ ਰਿਹਾ ਹੈ। ਜੋ ਕਿ ਆਤਮਨਿਰਭਰਤਾ ਦੇ ਸੰਕਲਪ ਨੂੰ ਹੁਲਾਰਾ ਦੇਵੇਗਾ।
- ਇਸ ਪ੍ਰੋਜੈਕਟ ਨਾਲ ਕਿਸਾਨਾਂ ਨੂੰ ਖਾਦ ਦੀ ਉਪਲਬਧਤਾ ਵਿੱਚ ਸੁਧਾਰ ਹੋਵੇਗਾ ਅਤੇ ਦੇਸ਼ ਦਾ ਪੂਰਬੀ ਹਿੱਸਾ ਖ਼ਾਸ ਕਰਕੇ ਓਡੀਸ਼ਾ, ਬਿਹਾਰ, ਝਾਰਖੰਡ ਜਿਹੇ ਰਾਜਾਂ ਵਿੱਚ ਯੂਰੀਆ ਦੀ ਸਪਲਾਈ ਲਈ ਟ੍ਰਾਂਸਪੋਰਟ ਸਬਸਿਡੀ ਦੀ ਬੱਚਤ ਹੋਵੇਗੀ।
- ਯੂਰੀਆ ਦੇ ਆਯਾਤ ਨੂੰ ਘੱਟ ਕਰਕੇ ਪ੍ਰਤੀ ਸਾਲ 12.7 ਐੱਲਐੱਮਟੀ ਦੀ ਦਰ ਨਾਲ ਵਿਦੇਸ਼ੀ ਮੁਦਰਾ ਦੀ ਬੱਚਤ ਵਿੱਚ ਸਹਾਇਤਾ ਕਰੇਗਾ।
- **ਫ਼ੈਸਲਾ: ਬੰਗਲੂਰੂ ਵਿੱਚ ਜੀਵਨ ਨੂੰ ਅਸਾਨ ਬਣਾਉਣ, ਟ੍ਰੈਫਿਕ ਨੂੰ ਘੱਟ ਕਰਨ ਦੀ ਦਿਸ਼ਾ ਵਿੱਚ ਅਹਿਮ ਪਹਿਲ ਕਰਦਿਆਂ ਮੈਟਰੋ ਰੇਲ ਪ੍ਰੋਜੈਕਟ ਦੇ 2ਏ ਅਤੇ 2ਬੀ ਪੜਾਵਾਂ ਨੂੰ ਪ੍ਰਵਾਨਗੀ ਦਿੱਤੀ।**
- **ਪ੍ਰਭਾਵ:** ਫ਼ੇਜ਼ 2ਏ ਪ੍ਰੋਜੈਕਟ ਸੈਂਟਰਲ ਸਿਲਕ ਬੋਰਡ ਜੰਕਸ਼ਨ ਨੂੰ ਕੇਆਰ ਪੁਰਮ ਨਾਲ ਜੋੜੇਗਾ ਅਤੇ ਫ਼ੇਜ਼ 2ਬੀ ਹੇਬਲ ਜੰਕਸ਼ਨ ਦੇ ਰਸਤੇ ਕੇਆਰ ਪੁਰਮ ਨੂੰ ਏਅਰਪੋਰਟ ਨਾਲ ਜੋੜੇਗਾ।
- ਪ੍ਰੋਜੈਕਟਾਂ ਦੀ ਕੁੱਲ ਲੰਬਾਈ 58.19 ਕਿਲੋਮੀਟਰ ਹੈ ਜਿਸ ਦੀ ਕੁੱਲ ਅਨੁਮਾਨਿਤ ਲਾਗਤ 14,788 ਕਰੋੜ ਰੁਪਏ ਹੈ।
- ਪ੍ਰੋਜੈਕਟ ਦੇ ਲਾਗੂਕਰਨ ਨਾਲ ਬੰਗਲੂਰੂ ਨੂੰ ਬਹੁਤ ਮਹੱਤਵਪੂਰਨ ਅਤੇ ਐਡੀਸ਼ਨਲ ਪਬਲਿਕ ਟ੍ਰਾਂਸਪੋਰਟ ਦਾ ਬੁਨਿਆਦੀ ਢਾਂਚਾ ਉਪਲਬਧ ਹੋਵੇਗਾ।
- **ਫ਼ੈਸਲਾ - ਕਰਦਾਤਾਵਾਂ ਦੀਆਂ ਸ਼ਿਕਾਇਤਾਂ ਦੇ ਸਮਾਧਾਨ ਦੀ ਦਿਸ਼ਾ ਵਿੱਚ ਪਹਿਲ ਕਰਦੇ ਹੋਏ ਵਿੱਤ ਬਿਲ 2021 ਵਿੱਚ ਸੋਧਾਂ ਨੂੰ ਮਨਜ਼ੂਰੀ ਦਿੱਤੀ।**
- **ਪ੍ਰਭਾਵ:** ਬਿਲ ਵਿੱਚ ਸੋਧ ਕਰਕੇ ਪ੍ਰਸਤਾਵ ਰੱਖੇ ਗਏ ਹਨ ਜੋ ਸਰਕਾਰ ਲਈ ਮਾਲੀਆ ਪੈਦਾ ਕਰਨਗੇ, ਮੌਜੂਦਾ ਪ੍ਰਾਵਧਾਨਾਂ ਨੂੰ ਕਾਰਗਰ ਬਣਾਉਣਗੇ।
- ਵਿੱਤ ਬਿਲ ਵਿੱਚ ਪ੍ਰਸਤਾਵਿਤ ਸੋਧਾਂ ਰਾਹੀਂ ਹਿਤਧਾਰਕਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਕੇ ਪ੍ਰਸਤਾਵ ਵਧੇਰੇ ਸਪਸ਼ਟ ਅਤੇ ਤਰਕਸ਼ੀਲ ਬਣਾਏ ਜਾਣਗੇ।
- ਹਿਤਧਾਰਕਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਕੇ ਸਾਰੇ ਕਰਦਾਤਾਵਾਂ ਨੂੰ ਬਰਾਬਰ ਅਤੇ ਸਮਾਵੇਸ਼ੀ ਵਾਤਾਵਰਣ ਪ੍ਰਦਾਨ ਕੀਤਾ ਜਾਵੇਗਾ। ●

ਦੇਸ਼ ਦੇ ਰੱਖਿਆ ਖੇਤਰ ਦਾ ਕਾਇਆਕਲਪ

॥ ਮਰਮਾਨਮ ਮਾਂਡ ਵਡਿਚ੍ਚੇਲਵ੍ ਤੇਟ੍ਰਮ ਯੇਨਾ ਨਾਨ੍ਗੇ ਯੇਮਸ ਪਡਈਕ੍ਕੁ ॥

ਯਾਨੀ ਬਹਾਦਰੀ, ਸਨਮਾਨ, ਮਰਯਾਦਾਪੂਰਨ ਵਿਵਹਾਰ ਦੀ ਪਰੰਪਰਾ ਅਤੇ ਭਰੋਸੇਯੋਗਤਾ, ਇਹ ਚਾਰ ਗੁਣ ਕਿਸੇ ਵੀ ਦੇਸ਼ ਦੀ ਸੈਨਾ ਦਾ ਪ੍ਰਤੀਬਿੰਬ ਹੁੰਦੇ ਹਨ।

ਸੈਂਕੜੇ ਸਾਲ ਪਹਿਲਾਂ ਮਹਾਨ ਸੰਤ ਤਿਰੂਵੱਲੁਵਰ ਦੇ ਕਹੇ ਇਸੇ ਮਾਰਗ 'ਤੇ ਭਾਰਤੀ ਸੈਨਾਵਾਂ ਚਲੀਆਂ ਹਨ। ਪਰ ਅਪਾਰ ਸਮਰੱਥਾ ਦੇ ਬਾਵਜੂਦ ਦਹਾਕਿਆਂ ਤੱਕ ਸੈਨਾ ਨੂੰ ਸਸ਼ਕਤ ਕਰਨ ਅਤੇ ਰੱਖਿਆ ਖੇਤਰ ਵਿੱਚ ਆਧੁਨਿਕੀਕਰਣ ਦੀ ਦਿਸ਼ਾ ਵਿੱਚ ਪਹਿਲ ਨਹੀਂ ਹੋਈ। ਹੁਣ ਮੋਦੀ ਸਰਕਾਰ ਦੀ ਇਨਫ੍ਰਾਸਟ੍ਰਕਚਰ ਦੀ ਤੇਜ਼ ਗਤੀ, ਤਕਨੀਕ ਦੀ ਵਰਤੋਂ ਅਤੇ ਆਧੁਨਿਕੀਕਰਣ ਦੇ ਯਤਨਾਂ ਨਾਲ ਰੱਖਿਆ ਆਤਮਨਿਰਭਰਤਾ ਦੀ ਦਿਸ਼ਾ ਵੱਲ ਵਧੇ ਦੇਸ਼ ਦੇ ਕਦਮ...

48,000
ਕਰੋੜ ਰੁਪਏ ਵਿੱਚ ਸਵਦੇਸ਼ੀ ਤੇਜਸ ਦੀ ਖਰੀਦ ਨੂੰ ਮਨਜ਼ੂਰੀ ਦਿੱਤੀ। ਵਾਯੂ ਸੈਨਾ ਨੂੰ ਮਜ਼ਬੂਤੀ ਦੇਣ ਦੇ ਲਈ 36 ਰਾਫੇਲ ਫਰਾਂਸ ਤੋਂ ਖਰੀਦੇ ਗਏ।

25
ਚੋਟੀ ਦੇ ਹਥਿਆਰ ਨਿਰਯਾਤਕਾਂ ਵਿੱਚ ਸ਼ਾਮਲ ਹੋਇਆ ਭਾਰਤ।

ਭਾਰਤ ਵਿੱਚ ਰੱਖਿਆ ਮੰਤਰਾਲੇ ਦਾ ਅਕਸ ਸਾਲਾਂ ਤੋਂ ਇੱਕ ਅਜਿਹੀ ਵੱਡੀ ਸੰਸਥਾ ਦੇ ਰੂਪ ਵਿੱਚ ਬਣਿਆ ਹੋਇਆ ਸੀ, ਜਿਸ ਨੂੰ ਹਿਲਾਉਣਾ-ਡੁਲਾਉਣਾ ਬੇਹੱਦ ਮੁਸ਼ਕਿਲ ਸੀ ਅਤੇ ਇੱਥੇ ਕੰਮ ਕੱਛੂ ਦੀ ਚਾਲ ਨਾਲ ਹੁੰਦਾ ਸੀ। ਜਦਕਿ ਇਸੇ ਮੰਤਰਾਲੇ ਦੇ ਜ਼ਿੰਮੇ ਦੇਸ਼ ਦੀ ਰੱਖਿਆ ਹੀ ਨਹੀਂ, ਬਲਕਿ ਕਰੀਬ 15 ਲੱਖ ਸੈਨਿਕਾਂ ਵਾਲੀ ਵੱਡੀ ਸੈਨਾ (ਥਲ ਸੈਨਾ, ਜਲ ਸੈਨਾ, ਵਾਯੂ ਸੈਨਾ ਅਤੇ ਤੱਟ ਰੱਖਿਅਕ) ਦਾ ਪ੍ਰਸ਼ਾਸਨ ਸੰਭਾਲਣਾ ਵੀ ਹੈ। ਇਹ ਉਹ ਮੰਤਰਾਲਾ ਹੈ ਜਿਸ ਨੂੰ ਸਰਕਾਰ ਹਰ ਸਾਲ ਬਜਟ ਵਿੱਚ ਸਭ ਤੋਂ ਜ਼ਿਆਦਾ ਪੈਸੇ ਦਿੰਦੀ ਹੈ। ਅਜਿਹੇ ਵਿੱਚ 2014 ਵਿੱਚ ਕੇਂਦਰ ਦੀ ਸੱਤਾ ਵਿੱਚ ਆਈ ਨਵੀਂ ਸੋਚ ਦੇ ਸਾਹਮਣੇ ਚੁਣੌਤੀਆਂ ਬਹੁਤ ਸਨ। ਦਹਾਕਿਆਂ ਤੱਕ ਜਿਸ ਰੱਖਿਆ ਯੋਗਤਾ ਅਤੇ ਸਮਰੱਥਾ ਵੱਲ ਧਿਆਨ ਨਹੀਂ ਦਿੱਤਾ ਗਿਆ ਸੀ, ਉਸ ਵਿੱਚ ਬਦਲਾਅ ਲਿਆਉਣਾ ਸੀ। ਪਰ ਕੇਂਦਰ ਸਰਕਾਰ ਨੇ ਰੱਖਿਆ ਉਤਪਾਦਨ ਵਿੱਚ ਮੇਕ ਇਨ ਇੰਡੀਆ ਦੀ ਪਹਿਲ ਕੀਤੀ ਅਤੇ ਸੈਨਾ ਦੇ ਲਈ ਜ਼ਰੂਰੀ ਇਨਫ੍ਰਾਸਟ੍ਰਕਚਰ ਦੇ ਨਿਰਮਾਣ ਵਿੱਚ ਐਨੀ ਤੇਜ਼ੀ ਲਿਆਂਦੀ ਕਿ ਦੁਸ਼ਮਣ ਦੇਸ਼ ਵੀ ਡਰ ਗਏ।

ਸਵਦੇਸ਼ੀ ਦੀ ਦਿਸ਼ਾ ਵਿੱਚ ਰੱਖਿਆ ਖਰੀਦ ਨੀਤੀ

ਦੇਸ਼ ਦੇ ਰੱਖਿਆ ਉਪਕਰਣਾਂ ਦੀ ਖਰੀਦ ਵਿੱਚ ਬੁਨਿਆਦੀ ਬਦਲਾਅ ਲਿਆਉਣ ਦੇ ਲਈ ਰੱਖਿਆ ਖਰੀਦ ਨੀਤੀ 2016 ਦਾ ਐਲਾਨ ਪਹਿਲਾ ਕਦਮ ਸੀ। ਇਹ ਨੀਤੀ ਹੀ ਪਥ ਪ੍ਰਦਰਸ਼ਕ ਦਾ ਕੰਮ ਕਰਦੀ ਹੈ। ਇਸ ਨੀਤੀ ਵਿੱਚ ਸਭ ਤੋਂ ਅਹਿਮ ਹੈ ਦੇਸ਼ ਵਿੱਚ ਪਰਿਕਲਪਿਤ, ਵਿਕਸਿਤ ਅਤੇ ਨਿਰਮਿਤ ਕੈਟੇਗਰੀ ਨੂੰ ਪ੍ਰਾਥਮਿਕਤਾ ਦੇਣਾ। ਇਸ ਸਿਧਾਂਤ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਅਜਿਹੀਆਂ ਭਾਰਤੀ ਕੰਪਨੀਆਂ ਜੋ ਰੱਖਿਆ ਖੇਤਰ ਵਿੱਚ ਆਪਣੇ ਉਤਪਾਦਾਂ ਨੂੰ ਦੇਸ਼ ਵਿੱਚ ਹੀ ਪਰਿਕਲਪਿਤ ਕਰਕੇ

ਰੱਖਿਆ ਖੇਤਰ ਵਿੱਚ ਆਤਮਨਿਰਭਰਤਾ ਦੀ ਪਹਿਲ

ਛੋਟੇ ਉਦਯੋਗਾਂ ਦੇ ਨਾਲ ਸਟਾਰਟਅੱਪ ਨੂੰ ਜੋੜਨ ਦੇ ਲਈ ਇੰਡੈਕਸ ਮੁਹਿੰਮ ਚਲਾਈ ਗਈ।

ਮੇਕ ਇਨ ਇੰਡੀਆ ਦੇ ਤਹਿਤ ਹਥਿਆਰ ਅਤੇ ਸਾਜੋ-ਸਮਾਨ ਬਣਾਉਣ ਦੀ ਸ਼ੁਰੂਆਤ।

52,000
ਕਰੋੜ ਰੁਪਏ ਦਾ ਅਲੱਗ ਤੋਂ ਬਜਟ ਮੈਨੂਫੈਕਚਰਿੰਗ ਦੇ ਲਈ।

ਤਮਿਲ ਨਾਡੂ ਅਤੇ ਉੱਤਰ ਪ੍ਰਦੇਸ਼ ਵਿੱਚ ਦੋ ਡਿਫੈਂਸ ਕੋਰੀਡੋਰਾਂ ਦੀ ਸਥਾਪਨਾ।

ਸੈਨਾ ਨੂੰ ਖਰੀਦ ਦੀ ਸ਼ਕਤੀ ਦਿੱਤੀ

- ਰੱਖਿਆ ਬਲਾਂ ਦੇ ਆਧੁਨਿਕੀਕਰਣ ਦੇ ਲਈ 2021-22 ਦੇ ਬਜਟ ਵਿੱਚ ਪੂੰਜੀਗਤ ਖਰਚ ਵਿੱਚ 18.75% ਦਾ ਵਾਧਾ ਕੀਤਾ ਗਿਆ।
- ਤਿੰਨੇ ਸੈਨਾਵਾਂ ਦੇ ਕਮਾਂਡਿੰਗ ਪੱਧਰ ਦੇ ਅਧਿਕਾਰੀਆਂ ਨੂੰ 100 ਕਰੋੜ ਰੁਪਏ ਤੱਕ ਅਤੇ ਉਪ ਸੈਨਾ ਮੁਖੀ ਦੇ ਪੱਧਰ 'ਤੇ 200 ਕਰੋੜ ਰੁਪਏ ਤੱਕ ਦੀ ਵਿੱਤੀ ਸ਼ਕਤੀ ਦਿੱਤੀ ਗਈ ਹੈ।
- ਘਾਤਕ ਹਥਿਆਰ ਅਤੇ ਗੋਲਾ ਬਾਰੂਦ ਖਰੀਦਣ ਨੂੰ ਪ੍ਰਤੀ ਪ੍ਰੋਜੈਕਟ ਤਿੰਨੇ ਸੈਨਾਵਾਂ ਨੂੰ 500 ਕਰੋੜ ਰੁਪਏ ਤੱਕ ਦੀ ਵਿੱਤੀ ਮਨਜ਼ੂਰੀ ਦਿੱਤੀ ਗਈ ਹੈ।

ਬਾਰਡਰ 'ਤੇ ਮਜ਼ਬੂਤ ਇਨਫ੍ਰਾਸਟ੍ਰਕਚਰ

2008 ਤੋਂ 2014	
3600 ਕਿਲੋਮੀਟਰ ਸੜਕ	7270 ਪੁਲ
2014-2020	
4700 ਕਿਲੋਮੀਟਰ ਸੜਕ	14953 ਪੁਲ

ਘਾਤਕ ਹਥਿਆਰਾਂ ਦੀ ਖਰੀਦ: ਰੂਸ ਤੋਂ ਐੱਸ-400 ਏਅਰ ਡਿਫੈਂਸ ਸਿਸਟਮ ਇਸ ਸਾਲ ਮਿਲ ਜਾਵੇਗਾ। ਕਲਾਸ਼ਿਨਿਕੋਵ ਏਕੇ-203 ਹੁਣ ਦੇਸ਼ ਵਿੱਚ ਹੀ ਬਣੇਗੀ। ਧਨੁਸ਼, ਕੇ 9 ਵਜ੍ਰ, ਸ਼ਾਰੰਗ ਅਤੇ ਅਲਟ੍ਰਾ ਲਾਈਟ ਹਾਵੀਟਜ਼ਰ ਤੋਪਾਂ ਹੁਣ ਦੇਸ਼ ਵਿੱਚ ਹੀ ਬਣ ਰਹੀਆਂ ਹਨ। ਜਲ ਸੈਨਾ ਨੂੰ ਮਜ਼ਬੂਤੀ ਦੇਣ ਦੇ ਲਈ 6 ਸਕਾਰਪੀਅਨ ਪਣਡੁੱਬੀਆਂ ਭਾਰਤ ਵਿੱਚ ਹੀ ਬਣਾਈਆਂ ਗਈਆਂ ਹਨ। ਪਹਿਲਾ ਸਵਦੇਸ਼ੀ ਏਅਰਕ੍ਰਾਫਟ ਕੈਰੀਅਰ ਇਸ ਸਾਲ ਮਿਲ ਜਾਵੇਗਾ।

ਸੀਡੀਐੱਸ ਦੀ ਸਿਰਜਣਾ

ਸੈਨਾਵਾਂ ਦੇ ਦਰਮਿਆਨ ਬਿਹਤਰੀਨ ਸਹਿਯੋਗ ਦੇ ਲਈ ਸਾਲਾਂ ਤੋਂ ਚਲੀ ਆ ਰਹੀ ਚੀਫ਼ ਆਵ੍ ਡਿਫੈਂਸ ਸਟਾਫ਼ ਦੀ ਮੰਗ ਨੂੰ ਮੰਨਿਆ ਗਿਆ। ਜਨਰਲ ਬਿਪਿਨ ਰਾਵਤ ਪਹਿਲੇ ਸੀਡੀਐੱਸ ਨਿਯੁਕਤ।

ਆਤੰਕੀਆਂ 'ਤੇ ਸ਼ਿਕੰਜਾ

ਧਾਰਾ 370 ਦੇ ਖਤਮ ਹੋਣ ਤੋਂ ਬਾਅਦ ਜੰਮੂ-ਕਸ਼ਮੀਰ ਵਿੱਚ ਆਤੰਕਵਾਦੀ ਘਟਨਾਵਾਂ ਦੀ ਸੰਖਿਆ ਵਿੱਚ ਕਾਫੀ ਕਮੀ ਆਈ ਹੈ।



ਯੂਏਪੀਏ ਦੀ ਮਜ਼ਬੂਤੀ: ਆਤੰਕਵਾਦ ਨੂੰ ਜੜ੍ਹ ਤੋਂ ਉਖਾੜ ਸੁੱਟਣ ਦੇ ਲਈ ਕਾਨੂੰਨ ਵਿੱਚ ਸੋਧ ਕਰਕੇ ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਨੂੰ ਵਿਆਪਕ ਅਧਿਕਾਰ ਦਿੱਤੇ। ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (Unlawful Activities (Prevention) Act - UAPA) ਵਿੱਚ ਸੋਧ ਕਰਕੇ ਇਸ ਨੂੰ ਸਖਤ ਬਣਾਇਆ ਗਿਆ।

ਡੀਆਰਡੀਓ: ਸਰਹੱਦ 'ਤੇ ਇਨਫ੍ਰਾਸਟ੍ਰਕਚਰ ਨੂੰ ਮਜ਼ਬੂਤ ਕਰਨ ਨਾਲ 2014 ਦੇ ਮੁਕਾਬਲੇ ਬੀਆਰਓ ਦਾ ਬਜਟ ਤਿੰਨ ਗੁਣਾ ਹੋਇਆ। ਰੱਖਿਆ ਖੇਤਰ ਵਿੱਚ ਖੋਜ ਨੂੰ ਹੁਲਾਰਾ ਦੇਣ ਦੇ ਲਈ ਡੀਆਰਡੀਓ ਦੇ ਬਜਟ ਵਿੱਚ ਇਸ ਸਾਲ 8 ਫੀਸਦੀ ਦਾ ਵਾਧਾ ਕੀਤਾ ਗਿਆ।

ਵਿਕਸਿਤ ਕਰਦੀਆਂ ਹਨ ਅਤੇ ਇਨ੍ਹਾਂ ਦਾ ਉਤਪਾਦਨ ਵੀ ਇੱਥੇ ਹੀ ਕਰਨ ਦੇ ਸਮਰੱਥ ਹਨ, ਦੇਸ਼ ਦੀਆਂ ਤਿੰਨਾਂ ਸੈਨਾਵਾਂ ਦੇ ਲਈ ਉਪਕਰਣ ਅਤੇ ਹਥਿਆਰ ਖਰੀਦਣ ਵਿੱਚ ਪ੍ਰਾਥਮਿਕਤਾ ਦਿੱਤੀ ਜਾਵੇਗੀ। ਅਗਲੇ 5 ਸਾਲ ਵਿੱਚ 4 ਲੱਖ ਕਰੋੜ ਰੁਪਏ ਤੱਕ ਦੀ ਖਰੀਦ ਦੀ ਸ਼ਕਤੀ ਸੈਨਾ ਨੂੰ ਦੇ ਦਿੱਤੀ ਗਈ।

ਰੱਖਿਆ ਮੰਤਰਾਲੇ ਵਿੱਚ ਅਗਲਾ ਕਦਮ ਸੀ ਤਿੰਨਾਂ ਸੈਨਾਵਾਂ ਵਿੱਚ ਉਨ੍ਹਾਂ ਮਹੱਤਵਪੂਰਨ ਯੋਜਨਾਵਾਂ ਦੀ ਪਹਿਚਾਣ, ਜਿਨ੍ਹਾਂ ਦੇ ਲਈ ਤੁਰੰਤ ਫੰਡ ਮੁਹੱਈਆ ਕਰਵਾਉਣਾ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਜ਼ਰੂਰੀ ਸੀ। ਜਿਵੇਂ ਕਿ 50 ਹਜ਼ਾਰ ਬੁਲਟ ਪਰੂਫ ਜੈਕਟਾਂ ਖਰੀਦਣ ਦਾ ਕੰਮ ਫਾਸਟ ਟ੍ਰੈਕ ਉੱਤੇ ਕੀਤਾ ਗਿਆ ਕਿਉਂਕਿ ਆਤੰਕਵਾਦ ਅਤੇ ਘੁਸਪੈਠ ਵਿਰੋਧੀ ਅਪਰੇਸ਼ਨਾਂ ਵਿੱਚ ਤੈਨਾਤ ਜਵਾਨਾਂ ਦੇ ਕੋਲ ਲੋੜੀਂਦੀ ਗਿਣਤੀ ਵਿੱਚ ਬੁਲਟ ਪਰੂਫ ਜੈਕਟਾਂ ਦੀ ਬੇਹੱਦ ਕਮੀ ਸੀ। ਇਥੋਂ ਤੱਕ ਕੇ ਜਵਾਨਾਂ ਦੀ ਸੁਰੱਖਿਆ ਦੇ ਲਈ ਬੇਹੱਦ ਅਹਿਮ ਹੈਲਮਟ ਤੱਕ ਨਹੀਂ ਸਨ, ਅਤੇ ਤਕਰੀਬਨ ਦੋ ਦਹਾਕੇ ਦੇ ਲੰਬੇ ਅਰਸੇ ਤੋਂ ਬਾਅਦ ਜਵਾਨਾਂ ਦੇ ਲਈ ਹੈਲਮਟ ਖਰੀਦਣ ਦਾ ਕੰਮ ਸ਼ੁਰੂ ਕੀਤਾ ਗਿਆ। ਤਕਰੀਬਨ 180 ਕਰੋੜ ਰੁਪਏ ਦੇ ਇਸ ਸੌਦੇ ਨੂੰ ਕਾਨਪੁਰ ਦੀ ਇੱਕ ਕੰਪਨੀ ਐੱਮਕੇਯੂ ਇੰਡਸਟ੍ਰੀਜ਼ ਨੂੰ 1.58 ਲੱਖ ਹੈਲਮਟ ਬਣਾਉਣ ਦਾ ਕੰਮ ਦਿੱਤਾ ਗਿਆ।

ਸਤੰਬਰ, 2016 ਵਿੱਚ ਪਾਕਿਸਤਾਨ ਉੱਤੇ ਸਰਜੀਕਲ ਸਟ੍ਰਾਈਕ ਤੋਂ ਬਾਅਦ ਪਾਕਿਸਤਾਨ ਵੱਲੋਂ ਵੀ ਸੰਭਾਵੀ ਕਿਸੇ ਹਰਕਤ ਦਾ ਮੁਕਾਬਲਾ ਕਰਨ ਦੇ ਲਈ ਸੁਰੱਖਿਆ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਤਿੰਨੇਂ ਸੈਨਾਵਾਂ ਨੂੰ 20 ਹਜ਼ਾਰ ਕਰੋੜ ਰੁਪਏ ਤੱਕ ਦੇ ਸੌਦੇ ਫਾਸਟ ਟ੍ਰੈਕ ਪ੍ਰਕਿਰਿਆ ਦੇ ਨਾਲ ਕਰਨ ਦੇ ਲਈ ਅਧਿਕਾਰ ਦਿੱਤੇ। ਇਸ ਤਰ੍ਹਾਂ ਸਾਲ 2016 ਰੱਖਿਆ ਮੰਤਰਾਲੇ ਦੇ ਲਈ ਸਭ ਤੋਂ ਉਪਲਬਧੀ ਪੂਰਨ ਸਾਲ ਸਾਬਤ ਹੋਇਆ।

ਇਹ ਸਾਰੇ ਕਦਮ ਪ੍ਰਾਥਮਿਕਤਾ ਦੇ ਨਾਲ ਉਠਾਉਣਾ ਇਸ ਲਈ ਵੀ ਜ਼ਰੂਰੀ ਸੀ ਕਿਉਂਕਿ ਪਿਛਲੀ ਸਰਕਾਰ ਨੇ ਤਿੰਨਾਂ ਸੈਨਾਵਾਂ ਦੀਆਂ ਬੁਨਿਆਦੀ ਜ਼ਰੂਰਤਾਂ ਤੱਕ ਨੂੰ ਅਣਡਿੱਠਾ ਕਰ ਦਿੱਤਾ ਸੀ। ਇਸ ਸਿਲਸਿਲੇ ਵਿੱਚ ਪੁਰਾਣੀ ਸੀਏਜੀ ਭਾਵ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਸੰਸਦ ਵਿੱਚ ਪੇਸ਼ ਰਿਪੋਰਟ ਵਿੱਚ ਸਾਫ਼ ਕਿਹਾ ਗਿਆ ਸੀ ਕਿ, "ਖਤਰੇ ਦਾ ਨਿਊਨਤਮ ਸਵੀਕਾਰਯੋਗ ਪੱਧਰ ਆਉਣ ਦੇ ਬਾਵਜੂਦ ਹਥਿਆਰਾਂ ਦਾ ਭੰਡਾਰ ਸੁਨਿਸ਼ਚਿਤ ਨਹੀਂ ਕੀਤਾ ਗਿਆ। ਮਾਰਚ, 2013 ਵਿੱਚ ਸੈਨਾ ਵਿੱਚ ਇਸਤੇਮਾਲ ਹੋਣ ਵਾਲੇ ਕੁੱਲ 179 ਕਿਸਮ ਦੇ ਹਥਿਆਰਾਂ ਵਿੱਚੋਂ 125 ਦਾ ਭੰਡਾਰਣ ਅਤੇ ਉਪਲਬਧਤਾ ਖਤਰੇ ਦੇ ਪੱਧਰ ਤੋਂ ਵੀ ਹੇਠਾਂ ਜਾ ਚੁੱਕੇ ਸਨ।" ਇਸ ਤੋਂ ਇਲਾਵਾ ਜੋ 50 ਕਿਸਮ ਦੇ ਦੂਸਰੇ ਹਥਿਆਰ ਇਸ ਪੱਧਰ ਤੱਕ ਨਹੀਂ ਪਹੁੰਚੇ ਸਨ, ਉਨ੍ਹਾਂ ਦਾ ਭੰਡਾਰਣ ਅਤੇ ਉਪਲਬਧਤਾ ਵੀ ਬੇਹੱਦ ਨਾਜ਼ੁਕ ਹਾਲਤ ਵਿੱਚ ਸੀ। ਹਾਲਤ ਇਹ ਸੀ ਕਿ ਕਿਸੇ ਵੀ ਕਿਸਮ ਦੇ ਯੁੱਧ ਦੀ ਹਾਲਤ ਵਿੱਚ ਸਾਡੇ ਕੋਲ 10 ਦਿਨ ਦੇ ਹਥਿਆਰ ਵੀ ਨਹੀਂ ਸਨ। ਇਸ ਨਾਜ਼ੁਕ ਅਤੇ ਖਤਰਨਾਕ ਹਾਲਤ ਨੂੰ ਸੁਧਾਰ ਦਿੱਤਾ ਗਿਆ ਹੈ।

ਆਧੁਨਿਕੀਕਰਣ ਤੋਂ ਇਲਾਵਾ ਵੰਨ ਰੈਂਕ ਵੰਨ ਪੈਨਸ਼ਨ ਲਾਗੂ ਕਰਨਾ ਮੋਦੀ ਸਰਕਾਰ ਦੇ ਇਤਿਹਾਸਿਕ ਫੈਸਲਿਆਂ ਵਿੱਚੋਂ ਇੱਕ ਹੈ। ਬੀਤੇ 43 ਸਾਲ ਤੋਂ ਇਹ ਫ਼ੈਸਲਾ ਰੁਕਿਆ ਹੋਇਆ ਸੀ। ●

ਭਰੋਸੇ ਦੇ 07 ਸਾਲ

ਆਲਮੀ ਪੱਧਰ ਉੱਤੇ ਵਧਦਾ ਭਾਰਤ

ਵਿਸ਼ਵ ਦ੍ਰਿਸ਼ ਉੱਤੇ ਚਮਕਦਾ ਭਾਰਤ

2014 ਵਿੱਚ ਜਦੋਂ ਨਰੇਂਦਰ ਮੋਦੀ ਨੂੰ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਚੁਣਿਆ ਗਿਆ, ਤਾਂ ਦੁਨੀਆ ਇਸ ਉਮੀਦ ਵਿੱਚ ਦੇਖਦੀ ਰਹੀ ਕਿ ਉਨ੍ਹਾਂ ਦੀ ਵਿਦੇਸ਼ ਨੀਤੀ ਕਿਹੋ ਜਿਹੀ ਹੋਵੇਗੀ? ਪਰ ਉਨ੍ਹਾਂ ਨੇ ਦੁਨੀਆ ਭਰ ਵਿੱਚ ਨਵੇਂ ਦੋਸਤ ਬਣਾਉਣ ਦੇ ਨਾਲ-ਨਾਲ ਪੁਰਾਣੇ ਦੋਸਤਾਂ ਦੇ ਨਾਲ ਸਬੰਧਾਂ ਨੂੰ ਮਜ਼ਬੂਤ ਕਰਦੇ ਹੋਏ ਨਵੇਂ ਸਿਰੇ ਤੋਂ ਭਾਰਤ ਦੀ ਵਿਦੇਸ਼ ਨੀਤੀ ਵਿੱਚ ਨਵਾਂ ਜੋਸ਼ ਭਰਿਆ। 21ਵੀਂ ਸਦੀ ਵਿੱਚ 'ਇੰਡੀਆ ਫਸਟ' ਦੇ ਸਿਧਾਂਤਾਂ ਨੂੰ ਸਭ ਤੋਂ ਉੱਪਰ ਰੱਖ ਕੇ ਉਨ੍ਹਾਂ ਨੇ ਜੋ ਨੀਤੀ ਅਪਣਾਈ ਉਸ ਨੂੰ 'ਐਕਟਿੰਗ ਈਸਟ' ਅਤੇ 'ਲੁਕਿੰਗ ਵੈਸਟ' ਦੀ ਨੀਤੀ ਦੇ ਤੌਰ 'ਤੇ ਪਹਿਚਾਣ ਮਿਲੀ

ਹਰ ਕਿਸੇ ਰਾਸ਼ਟਰ ਦੇ ਲਈ ਇਹ ਮਹੱਤਵਪੂਰਨ ਹੋ ਜਾਂਦਾ ਹੈ ਕਿ ਉਹ ਨਾ ਸਿਰਫ ਆਪਣੇ ਦੋਸਤਾਂ ਦੀ ਸਾਵਧਾਨੀ ਦੇ ਨਾਲ ਚੋਣ ਕਰੇ ਬਲਕਿ ਉਨ੍ਹਾਂ ਘਟਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਰਿਸ਼ਤਿਆਂ ਨੂੰ ਬਣਾਈ ਰੱਖੇ ਜਿਨ੍ਹਾਂ ਦਾ ਦੁਨੀਆ ਭਰ ਵਿੱਚ ਪ੍ਰਭਾਵ ਹੈ। ਇਸੇ ਸੋਚ ਦੇ ਨਾਲ ਗੁਆਂਢੀਆਂ ਦੇ ਨਾਲ ਬਿਹਤਰ ਰਿਸ਼ਤਿਆਂ ਦੇ ਲਈ 'ਗੁਆਂਢੀ ਪਹਿਲਾਂ' ਅਤੇ ਸੁਦੂਰ ਦੇਸ਼ਾਂ ਦੇ ਨਾਲ ਸਬੰਧਾਂ ਨੂੰ ਆਯਾਮ ਦੇਣ ਦੀ ਦਿਸ਼ਾ ਵਿੱਚ 'ਵਿਸਤ੍ਰਿਤ ਗੁਆਂਢ' (Extended Neighbourhood) ਦੀ ਨੀਤੀ 2014 ਤੋਂ ਬਾਅਦ ਦੇਸ਼ ਦੀ ਵਿਦੇਸ਼ ਨੀਤੀ ਦਾ ਅਧਾਰ ਬਣੀ। ਸਿਖਰਲੀ ਲੀਡਰਸ਼ਿਪ ਦੀ ਨਵੀਂ ਸੋਚ ਨਾਲ ਭਾਰਤ ਦੇ ਪ੍ਰਤੀ ਦੁਨੀਆ ਦੇ ਖਦਸ਼ੇ ਵੀ ਦੂਰ ਹੋਣ ਲਗੇ ਅਤੇ ਕੋਰੋਨਾ ਕਾਲ ਵਿੱਚ 'ਵਸੁਧੈਵ ਕੁਟੁੰਬਕਮ' ਦੀ ਭਾਵਨਾ ਦੇ ਨਾਲ ਦੁਨੀਆ ਵਿੱਚ ਇੱਕ ਬਿਹਤਰੀਨ ਆਗੂ ਦੇ ਤੌਰ 'ਤੇ ਭਾਰਤ ਉੱਭਰਿਆ ਹੈ।

ਸਬੰਧਾਂ ਵਿੱਚ ਮਜ਼ਬੂਤੀ ਦੇ ਵੱਲ

ਕੋਰੋਨਾ ਕਾਲ ਵਿੱਚ ਜਦੋਂ ਸਭ ਕੁਝ ਠਹਿਰ ਗਿਆ ਤਾਂ ਪ੍ਰਧਾਨ ਮੰਤਰੀ ਮੋਦੀ ਦੀ ਪਹਿਲ ਉੱਤੇ ਹੀ ਆਲਮੀ ਵਰਚੁਅਲ ਸੰਮੇਲਨਾਂ ਦੀ ਸ਼ੁਰੂਆਤ ਹੋਈ। ਪ੍ਰਧਾਨ ਮੰਤਰੀ ਨੇ ਅੰਤਰਰਾਸ਼ਟਰੀ ਨੇਤਾਵਾਂ ਦੇ ਨਾਲ ਕੋਰੋਨਾ ਕਾਲ ਵਿੱਚ ਗੱਲਬਾਤ ਕਰਕੇ ਵਿਸ਼ਵ ਦੀ ਅਗਵਾਈ ਕੀਤੀ। ਅਮਰੀਕਾ, ਬ੍ਰਿਟੇਨ, ਫਰਾਂਸ, ਜਰਮਨੀ, ਖਾੜੀ ਦੇਸ਼ਾਂ, ਪੱਛਮੀ ਏਸ਼ੀਆ ਦੇ ਦੇਸ਼ਾਂ ਦੇ ਨਾਲ ਆਪਸੀ ਸਹਿਯੋਗ ਨੂੰ ਮਜ਼ਬੂਤ ਕੀਤਾ ਤਾਂ ਜੀ-20, ਗੁੱਟ-ਨਿਰਲੇਪ ਦੇਸ਼ਾਂ ਦੇ ਸੰਮੇਲਨ ਵਿੱਚ ਹਿੱਸਾ ਲਿਆ।

- ਕੋਰੋਨਾ ਕਾਲ ਵਿੱਚ ਹੀ ਬੰਗਲਾਦੇਸ਼ ਦੀ ਯਾਤਰਾ ਕਰਕੇ ਸਬੰਧਾਂ ਨੂੰ ਚਿਰਸਥਾਈ ਬਣਾਉਣ ਦੀ ਦਿਸ਼ਾ ਵਿੱਚ ਪਹਿਲ ਕੀਤੀ ਅਤੇ ਬੰਗਲਾਦੇਸ਼ ਦੇ ਰਾਸ਼ਟਰੀ ਦਿਵਸ ਸਮਾਰੋਹ ਨੂੰ ਸੰਬੋਧਨ ਕੀਤਾ।

- ਬੰਗਲਾਦੇਸ਼ ਅਤੇ ਨੇਪਾਲ ਦੇ ਨਾਲ ਸਰਹੱਦ ਪਾਰ ਸਹਿਯੋਗ ਦੇ ਲਈ ਕਈ ਪਹਿਲਾਂ ਹੋਈਆਂ। ਮਾਲਦੀਵ ਯਾਤਰਾ ਦੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੂੰ ਉੱਥੋਂ ਦਾ ਸਰਬ-ਉੱਚ ਨਾਗਰਿਕ ਸਨਮਾਨ – 'ਆਡਰ ਆਵ੍ ਨਿਸ਼ਾਨ ਇਜ਼-ਉਦ-ਦੀਨ' ਦਿੱਤਾ ਗਿਆ ਤਾਂ ਯੂਏਈ ਨੇ ਉਨ੍ਹਾਂ ਨੂੰ ਸਰਬ-ਉੱਚ ਨਾਗਰਿਕ ਸਨਮਾਨ 'ਆਡਰ ਆਵ੍ ਜ਼ਾਯਦ' ਨਾਲ ਨਿਵਾਜਿਆ।

- ਅੱਠਵੀਂ ਵਾਰ ਭਾਰਤ ਨੂੰ ਸੁਰੱਖਿਆ ਪਰਿਸ਼ਦ ਦਾ ਅਸਥਾਈ ਮੈਂਬਰ ਚੁਣਿਆ ਗਿਆ।

ਪਾਕਿਸਤਾਨ ਨੂੰ ਅਲੱਗ-ਥਲੱਗ ਕਰਕੇ ਆਤੰਕਵਾਦ ਉੱਤੇ ਹਮਲਾ

- ਪਾਕਿਸਤਾਨ ਨੂੰ ਐੱਫਏਟੀਐੱਫ ਵਿੱਚ ਬਲੈਕ ਲਿਸਟ ਕਰਨ ਦੇ ਲਈ ਇੱਕ ਹੋਰ ਕਦਮ ਵਧਾਇਆ। ਏਸ਼ੀਆ ਪੈਸਿਫਿਕ ਸਬ ਗਰੁੱਪ ਨੇ ਵੀ ਪਾਕਿਸਤਾਨ ਨੂੰ ਬਲੈਕ ਲਿਸਟ ਕੀਤਾ।
- ਅੰਤਰਰਾਸ਼ਟਰੀ ਕੋਰਟ ਨੇ ਕੁਲਭੂਸ਼ਣ ਜਾਧਵ ਮਾਮਲੇ ਵਿੱਚ ਭਾਰਤ ਦੇ ਪੱਖ ਵਿੱਚ ਮਹੱਤਵਪੂਰਨ ਫ਼ੈਸਲਾ ਕੀਤਾ, ਪਾਕਿਸਤਾਨ ਨੂੰ ਕੌਂਸਲਰ ਐਕਸੈੱਸ ਦੇਣ ਦੇ ਲਈ ਮਜਬੂਰ ਕੀਤਾ।

ਸਭ ਤੋਂ ਪਹਿਲਾਂ ਮਦਦਗਾਰ ਭਾਰਤ

ਨੇਪਾਲ ਵਿੱਚ 2015 ਨੂੰ ਭੁਚਾਲ ਆਇਆ ਤਾਂ ਵਿਸ਼ੇਸ਼ ਹਵਾਈ ਜਹਾਜ਼ ਨਾਲ ਰਾਹਤ ਸਮੱਗਰੀ ਦਿੱਤੀ ਅਤੇ 67 ਮਿਲੀਅਨ ਡਾਲਰ ਦੀ ਸਹਾਇਤਾ ਦਿੱਤੀ।

ਇੰਡੋਨੇਸ਼ੀਆ ਗਣਰਾਜ ਵਿੱਚ ਭੁਚਾਲ ਅਤੇ ਸੁਨਾਮੀ ਦੇ ਸ਼ਿਕਾਰ ਲੋਕਾਂ ਦੇ ਲਈ ਅਪ੍ਰੇਸ਼ਨ ਸਮੁਦਰ ਮੈਤ੍ਰੀ ਚਲਾਇਆ।

ਮੋਜ਼ਾਮਬਿਕ ਵਿੱਚ 2019 ਦੇ ਤੁਫ਼ਾਨ ਦੇ ਦੌਰਾਨ ਭਾਰਤ ਨੇ ਮਨੁੱਖੀ ਸਹਾਇਤਾ ਅਤੇ ਆਪਦਾ ਰਾਹਤ ਪ੍ਰਦਾਨ ਕੀਤੀ।

ਵੈਕਸੀਨ ਮੈਤ੍ਰੀ

- ਭਾਰਤ ਨੇ ਕੋਰੋਨਾ ਵੈਕਸੀਨ ਵਿਕਸਿਤ ਕੀਤੀ ਤਾਂ ਦੇਸ਼ ਨੇ ਦੁਨੀਆ ਨੂੰ ਵੀ ਸਹਾਰਾ ਦਿੱਤਾ। ਦੁਨੀਆ ਦੇ ਦੇਸ਼ਾਂ ਨੂੰ ਕੋਰੋਨਾ ਕਾਲ ਵਿੱਚ ਦਵਾਈਆਂ ਅਤੇ ਹੋਰ ਜ਼ਰੂਰਤ ਦੀਆਂ ਚੀਜ਼ਾਂ ਦੀ ਸਪਲਾਈ ਕੀਤੀ ਗਈ, ਜਿਸ ਦੇ ਲਈ ਕੁਝ ਦੇਸ਼ਾਂ ਨੇ ਭਾਰਤ ਨੂੰ ਹਨੂੰਮਾਨ ਦੀ ਉਪਾਧੀ ਵੀ ਦਿੱਤੀ। ਹੁਣ ਵੈਕਸੀਨ ਮੈਤ੍ਰੀ ਦੇ ਤਹਿਤ ਦੁਨੀਆ ਦੇ 95 ਦੇਸ਼ਾਂ ਨੂੰ 6 ਕਰੋੜ ਤੋਂ ਜ਼ਿਆਦਾ ਖ਼ੁਰਾਕਾਂ ਦਿੱਤੀਆਂ।

ਅੰਤਰਰਾਸ਼ਟਰੀ ਸੌਰ ਗਠਬੰਧਨ

ਫਰਾਂਸ ਨਾਲ ਮਿਲ ਕੇ ਸ਼ੁਰੂ ਕੀਤੀ ਗਈ ਪਹਿਲ ਹੈ। ਪਹਿਲੀ ਅੰਤਰਰਾਸ਼ਟਰੀ ਸੰਸਥਾ ਜਿਸ ਦਾ ਮੁੱਖ ਦਫ਼ਤਰ ਭਾਰਤ ਵਿੱਚ ਹੈ।

ਅੰਤਰਰਾਸ਼ਟਰੀ ਯੋਗ ਦਿਵਸ

ਭਾਰਤ ਦੀ ਯੋਗ ਦੀ ਪ੍ਰਾਚੀਨ, ਸਮ੍ਰਿੱਧ ਪਰੰਪਰਾ ਨੂੰ ਆਲਮੀ ਪਹਿਚਾਣ ਦਿਵਾਈ ਅਤੇ ਦੁਨੀਆ ਨੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੇ ਤੌਰ 'ਤੇ ਸਵੀਕਾਰਿਆ।

ਕਵਾਡ

ਅਮਰੀਕਾ, ਜਪਾਨ ਅਤੇ ਆਸਟ੍ਰੇਲੀਆ ਦੇ ਨਾਲ ਭਾਰਤ ਕਵਾਡ ਸਮੂਹ ਦਾ ਮਹੱਤਵਪੂਰਨ ਰਣਨੀਤਕ ਸਾਂਝੇਦਾਰ ਹੈ। ਏਸ਼ੀਆ ਅਤੇ ਪ੍ਰਸ਼ਾਂਤ ਖੇਤਰ ਦੇ ਰਣਨੀਤਕ ਲਿਹਾਜ਼ ਨਾਲ ਇਹ ਸਾਂਝੇਦਾਰੀ ਬੇਹੱਦ ਮਹੱਤਵਪੂਰਨ ਹੈ।

2+2 ਵਾਰਤਾ

ਭਾਰਤ ਅਤੇ ਅਮਰੀਕਾ ਦੇ ਦਰਮਿਆਨ 2 + 2 ਵਾਰਤਾ ਦੀ ਸ਼ੁਰੂਆਤ 2018 ਵਿੱਚ ਕੀਤੀ ਗਈ। ਅਕਤੂਬਰ 2020 ਵਿੱਚ ਦਿੱਲੀ ਵਿੱਚ ਤੀਸਰੀ ਵਾਰਤਾ ਕੀਤੀ ਗਈ। ਅਮਰੀਕਾ ਦੇ ਨਾਲ ਇਸ ਮੀਟਿੰਗ ਵਿੱਚ ਮਹੱਤਵਪੂਰਨ ਬੇਕਾ ਸਮਝੌਤਾ ਹੋਇਆ।

- ਸ੍ਰੀ ਲੰਕਾ ਵਿੱਚ ਸੇਂਟ ਐਂਥਨੀ ਚਰਚ ਜਾ ਕੇ ਉੱਥੋਂ ਦੇ ਨਾਗਰਿਕਾਂ ਦੇ ਲਈ ਇਕਜੁੱਟਤਾ ਦਿਖਾਈ ਜਿੱਥੇ ਈਸਟਰ ਦੌਰਾਨ ਬੰਬ ਧਮਾਕੇ ਹੋਏ ਸਨ। ਅਜਿਹਾ ਕਰਨ ਵਾਲੇ ਉਹ ਪਹਿਲੇ ਗਲੋਬਲ ਨੇਤਾ ਹਨ।
- ਵੁਹਾਨ ਸਪਿਰਿਟ ਅਤੇ ਮਮੱਲਾਪੁਰਮ ਕਨੈਕਟ ਨਾਲ ਗੁਆਂਢੀ ਦੇਸ਼ ਦੇ ਨਾਲ ਸਬੰਧਾਂ ਨੂੰ ਨਵਾਂ ਆਯਾਮ ਦਿੱਤਾ।
- ਕਿਰਗਿਸਤਾਨ ਵਿੱਚ ਐੱਸਸੀਓ ਸਿਖਰ ਸੰਮੇਲਨ, ਜਪਾਨ ਵਿੱਚ ਜੀ-20 ਸਿਖਰ ਸੰਮੇਲਨ, ਬ੍ਰਾਜ਼ੀਲ ਵਿੱਚ ਬ੍ਰਿਕਸ ਸਿਖਰ ਸੰਮੇਲਨ, ਰੂਸ ਵਿੱਚ ਆਯੋਜਿਤ ਆਰਥਿਕ ਫੋਰਮ ਦੇ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਅਮਿਟ ਛਾਪ ਛੱਡੀ।
- ਸੱਤਾ ਵਿੱਚ ਆਉਣ ਦੇ ਤੁਰੰਤ ਬਾਅਦ ਇਜ਼ਰਾਈਲ, ਫਰਾਂਸ, ਯੂਨਾਇਟਿਡ ਕਿੰਗਡਮ, ਸਯੁੰਕਤ ਰਾਜ ਅਮਰੀਕਾ ਅਤੇ ਦੱਖਣੀ ਕੋਰੀਆ ਦੇ ਨਾਲ ਸਬੰਧਾਂ ਨੂੰ ਮਜ਼ਬੂਤ ਕੀਤਾ ਹੈ। ਪੱਛਮੀ ਏਸ਼ੀਆ (ਇਰਾਨ, ਸਾਊਦੀ ਅਰਬ, ਇਜ਼ਰਾਈਲ), ਨਿਊਜ਼ੀਲੈਂਡ, ਆਸਟ੍ਰੇਲੀਆ ਦੇ ਨਾਲ ਰਿਸ਼ਤਿਆਂ ਦੀ ਸ਼ੁਰੂਆਤ ਅਤੇ ਨਿਰਮਾਣ ਵੀ ਕੀਤਾ।
- ਇਰਾਨ ਦੇ ਨਾਲ ਇਤਿਹਾਸਿਕ ਚਾਬਹਾਰ ਸਮਝੌਤੇ ਉੱਤੇ ਹਸਤਾਖ਼ਰ ਕੀਤੇ ਜਾਣ ਦੇ ਦੌਰਾਨ ਇਰਾਨ ਦੇ ਨਾਲ ਭਾਰਤ ਦੇ ਸਬੰਧ ਇੱਕ ਸੰਕਲਪ ਬਦਲਾਅ ਤੋਂ ਗੁਜਰੇ।
- ਫਿਲਿਸਤੀਨ ਨਾਲ ਸਬੰਧ ਦੋਸਤਾਨਾ। ਫਿਲਿਸਤੀਨ ਦੀ ਯਾਤਰਾ ਦੇ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਗ੍ਰੈਂਡ ਕਾਲਰ ਆਵ੍ ਦ ਸਟੇਟ ਆਵ੍ ਫਿਲਿਸਤੀਨ' ਨਾਲ ਸਨਮਾਨਿਤ।
- ਭਾਰਤ ਦੀ ਵਿਦੇਸ਼ ਨੀਤੀ ਦਾ ਉਦਾਹਰਣ ਪ੍ਰਧਾਨ ਮੰਤਰੀ ਦੇ ਤੌਰ 'ਤੇ ਨਰੇਂਦਰ ਮੋਦੀ ਦੇ ਪਹਿਲੇ ਅਤੇ ਦੂਸਰੇ ਸਹੁੰ ਚੁੱਕ ਸਮਾਰੋਹ ਵਿੱਚ ਵੀ ਸਾਫ ਤੌਰ 'ਤੇ ਦਿਖਿਆ। ਪਹਿਲੀ ਵਾਰ ਵਿੱਚ ਸਾਰਕ ਦੇਸ਼ਾਂ ਦੇ ਰਾਸ਼ਟਰ ਮੁਖੀਆਂ ਨੂੰ ਅਤੇ ਦੂਸਰੀ ਵਾਰ ਬਿਮਸਟੈੱਕ ਯਾਨੀ ਬੰਗਲਾਦੇਸ਼, ਮਿਆਂਮਾਰ, ਸ੍ਰੀਲੰਕਾ, ਥਾਈਲੈਂਡ ਅਤੇ ਨੇਪਾਲ ਦੇ ਰਾਸ਼ਟਰ ਮੁਖੀਆਂ ਨੂੰ ਬੁਲਾਇਆ।
- ਖੇਤਰੀ ਵਿਆਪਕ ਆਰਥਿਕ ਭਾਗੀਦਾਰੀ (ਆਰਸੀਈਪੀ), ਆਸੀਆਨ ਦੇ 10 ਮੈਂਬਰ ਦੇਸ਼ਾਂ ਅਤੇ ਆਸਟ੍ਰੇਲੀਆ, ਚੀਨ, ਜਪਾਨ, ਦੱਖਣੀ ਕੋਰੀਆ, ਨਿਊਜ਼ੀਲੈਂਡ ਜਿਹੇ 5 ਦੇਸ਼ਾਂ ਦੁਆਰਾ ਅਪਣਾਇਆ ਗਿਆ ਇੱਕ ਮੁਕਤ ਵਪਾਰ ਸਮਝੌਤਾ ਹੈ। ਪਰ ਵਿਸ਼ਵ ਦੇ ਦਬਾਅ ਵਿੱਚ ਆਏ ਬਿਨਾ ਪ੍ਰਧਾਨ ਮੰਤਰੀ ਮੋਦੀ ਨੇ ਆਪਣੀ ਗੱਲ ਰੱਖੀ। ਉਨ੍ਹਾਂ ਨੇ ਕਿਹਾ ਕਿ ਅਸੀਂ ਆਪਸੀ ਸਹਿਯੋਗ ਦੀ ਭਾਵਨਾ ਨਾਲ ਕਾਰਜ ਕਰਦੇ ਹਾਂ ਪਰ ਆਪਣੇ ਹਿਤਾਂ ਦਾ ਤਿਆਗ ਨਹੀਂ ਕਰ ਸਕਦੇ। ●

ਭਰੋਸੇ ਦੇ 07 ਸਾਲ

ਨਵੇਂ ਭਾਰਤ ਦਾ ਉਦੈ

ਸਦੀਆਂ ਦੀ ਉਡੀਕ ਹੋਈ ਖ਼ਤਮ

ਦਹਾਕਿਆਂ ਤੱਕ ਚਲੀ ਨਿਆਂ ਪ੍ਰਕਿਰਿਆ ਦੇ ਖ਼ਤਮ ਹੋਣ ਦੇ ਬਾਅਦ ਅਯੁੱਧਿਆ ਵਿੱਚ ਰਾਮ ਜਨਮ ਭੂਮੀ ਮੰਦਿਰ 'ਤੇ 9 ਨਵੰਬਰ 2019 ਨੂੰ ਸੁਪਰੀਮ ਕੋਰਟ ਦਾ ਫ਼ੈਸਲਾ ਆਇਆ ਤਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਰਾਸ਼ਟਰ ਦੇ ਨਾਮ ਆਪਣੇ ਸੰਦੇਸ਼ ਵਿੱਚ ਇਸ ਨੂੰ ਭਾਰਤ ਲਈ ਨਵਾਂ ਸਵੇਰਾ ਕਰਾਰ ਦਿੰਦੇ ਹੋਏ ਕਿਹਾ ਸੀ ਕਿ ਹੁਣ ਦੇਸ਼ ਨੂੰ ਸੰਕਲਪ ਕਰਨਾ ਹੋਵੇਗਾ ਕਿ ਨਵੀਂ ਪੀੜ੍ਹੀ, ਨਵੇਂ ਸਿਰੇ ਤੋਂ 'ਨਿਊ ਇੰਡੀਆ' ਦੇ ਨਿਰਮਾਣ ਵਿੱਚ ਜੁਟੇਗੀ। ਰਾਮ ਮੰਦਿਰ, ਕਰਤਾਰਪੁਰ ਕੌਰੀਡੋਰ, ਕਾਸ਼ੀ ਵਿਸ਼ਵਨਾਥ ਕੌਰੀਡੋਰ, ਜੰਮੂ-ਕਸ਼ਮੀਰ ਤੋਂ ਆਰਟੀਕਲ 370 ਹਟਣਾ, ਟ੍ਰਿਪਲ ਤਲਾਕ, ਨਾਗਰਿਕਤਾ ਸੋਧ ਕਾਨੂੰਨ ਜਿਹੇ ਅਹਿਮ ਫੈਸਲਿਆਂ ਨੇ ਬੀਤੇ ਸਾਲ ਵਿੱਚ ਆਪਸੀ ਸਦਭਾਵਨਾ ਨਾਲ ਸਦੀਆਂ ਦਾ ਇੰਤਜ਼ਾਰ ਖ਼ਤਮ ਕੀਤਾ ਹੈ ਜੋ ਬਣ ਗਿਆ ਹੈ ਭਾਰਤੀ ਸੱਭਿਆਚਾਰ ਦਾ ਆਧੁਨਿਕ, ਆਸਥਾ ਅਤੇ ਰਾਸ਼ਟਰੀ ਭਾਵਨਾ ਦਾ ਪ੍ਰਤੀਕ

ਅਯੁੱਧਿਆ ਵਿੱਚ ਸ਼ਾਨਦਾਰ ਰਾਮ ਮੰਦਿਰ ਦੇ ਨਿਰਮਾਣ ਦੀ ਨੀਂਹ ਰੱਖਦੇ ਹੋਏ ਪਿਛਲੇ ਸਾਲ 5 ਅਗਸਤ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਦੋਂ ਕਿਹਾ ਸੀ, ''ਜਿਸ ਤਰ੍ਹਾਂ ਦਲਿਤਾਂ-ਪਿਛੜਿਆਂ-ਆਦਿਵਾਸੀਆਂ, ਸਮਾਜ ਦੇ ਹਰ ਵਰਗ ਨੇ ਆਜ਼ਾਦੀ ਦੀ ਲੜਾਈ ਵਿੱਚ ਗਾਂਧੀ ਜੀ ਨੂੰ ਸਹਿਯੋਗ ਦਿੱਤਾ, ਉਸੇ ਤਰ੍ਹਾਂ ਅੱਜ ਦੇਸ਼ ਭਰ ਦੇ ਲੋਕਾਂ ਦੇ ਸਹਿਯੋਗ ਨਾਲ ਰਾਮ ਮੰਦਿਰ ਨਿਰਮਾਣ ਦਾ ਇਹ ਪੁੰਨ ਦਾ ਕਾਰਜ ਸ਼ੁਰੂ ਹੋਇਆ ਹੈ।'' ਤਦ ਉਨ੍ਹਾਂ ਦਾ ਮੰਤਵ ਸਪਸ਼ਟ ਸੀ ਕਿ ਜੀਵਨ ਦਾ ਅਜਿਹਾ ਕੋਈ ਪਹਿਲੂ ਨਹੀਂ ਹੈ ਜਿੱਥੇ ਸਾਡੇ ਰਾਮ ਪ੍ਰੇਰਣਾ ਨਾ ਦਿੰਦੇ ਹੋਣ। ਭਾਰਤ ਦੀ ਅਜਿਹੀ ਕੋਈ ਭਾਵਨਾ ਨਹੀਂ ਹੈ ਜਿਸ ਵਿੱਚ ਪ੍ਰਭੂ ਰਾਮ ਝਲਕਦੇ ਨਾ ਹੋਣ। ਭਾਰਤ ਦੀ ਆਸਥਾ ਵਿੱਚ ਰਾਮ ਹੈ, ਭਾਰਤ ਦੇ ਆਦਰਸ਼ਾਂ ਵਿੱਚ ਰਾਮ ਹੈ। ਭਾਰਤ ਦੀ ਦਿੱਵਯਤਾ ਵਿੱਚ ਰਾਮ ਹੈ, ਭਾਰਤ ਦੇ ਦਰਸ਼ਨ ਵਿੱਚ ਰਾਮ ਹੈ। ਅਜਿਹੇ ਵਿੱਚ ਸਾਨੂੰ ਧਿਆਨ ਰੱਖਣਾ ਹੈ, ਜਦੋਂ ਜਦੋਂ ਮਾਨਵਤਾ ਨੇ ਰਾਮ ਨੂੰ ਮੰਨਿਆ ਹੈ-ਵਿਕਾਸ ਹੋਇਆ ਹੈ, ਜਦੋਂ-ਜਦੋਂ ਅਸੀਂ ਭਟਕੇ ਹਾਂ-ਵਿਨਾਸ਼ ਦੇ ਰਸਤੇ ਖੁੱਲ੍ਹੇ ਹਨ। ਸਾਨੂੰ ਸਾਰਿਆਂ ਨੂੰ ਭਾਵਨਾਵਾਂ ਦਾ ਧਿਆਨ ਰੱਖਣਾ ਹੈ। ਸਾਨੂੰ ਸਬਕੇ ਸਾਥ ਨਾਲ, ਸਬਕੇ ਵਿਸ਼ਵਾਸ ਨਾਲ, ਸਬਕਾ ਵਿਕਾਸ ਕਰਨਾ ਹੈ। ਰਾਮ ਰਾਜ ਦੇ ਇਸੇ ਸੰਕਲਪ ਨੇ ਭਾਰਤ ਦੇ ਸੱਭਿਆਚਾਰਕ ਗੌਰਵ ਦੀ ਤਸਵੀਰ ਬਦਲ ਦਿੱਤੀ ਹੈ ਅਤੇ ਬੀਤੇ ਕੁਝ ਵਰ੍ਹਿਆਂ ਵਿੱਚ ਹੋਏ ਫੈਸਲੇ ਇਸ ਦੀ ਕਹਾਣੀ ਬਿਆਨ ਕਰਦੇ ਹਨ...

ਅਯੁੱਧਿਆ ਨੇ ਦਿੱਤਾ ਏਕਤਾ ਦਾ ਸੰਦੇਸ਼

ਇਸ ਇਤਿਹਾਸਿਕ ਫੈਸਲੇ ਨੇ ਇੱਕ ਸਦੀ ਤੋਂ ਜ਼ਿਆਦਾ ਪੁਰਾਣੇ ਵਿਵਾਦ ਨੂੰ ਖ਼ਤਮ ਕਰਕੇ ਦੇਸ਼ ਵਿੱਚ ਸਮਾਜਿਕ ਸਦਭਾਵਨਾ ਦਾ ਸੰਦੇਸ਼ ਦਿੱਤਾ।

492

ਸਾਲ ਦੇ ਲੰਬੇ ਵਿਵਾਦਮਈ ਇਤਿਹਾਸ ਦਾ ਸੁਖਦ ਅੰਤ 9 ਨਵੰਬਰ 2019 ਨੂੰ ਸੁਪਰੀਮ ਕੋਰਟ ਦੇ ਫੈਸਲੇ ਨਾਲ ਹੋਇਆ ਜਦੋਂ ਪੂਰੀ ਭੂਮੀ ਰਾਮਲੱਲਾ ਵਿਰਾਜਮਾਨ ਨੂੰ ਸੌਂਪ ਦਿੱਤੀ ਗਈ ਅਤੇ ਮਸਜਿਦ ਲਈ ਅਲੱਗ ਤੋਂ 5 ਏਕੜ ਭੂਮੀ ਦਿੱਤੀ ਗਈ।

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 5 ਅਗਸਤ 2020 ਨੂੰ ਅਯੁੱਧਿਆ ਵਿੱਚ ਰਾਮ ਜਨਮ ਭੂਮੀ ਮੰਦਿਰ ਨਿਰਮਾਣ ਦੀ ਨੀਂਹ ਰੱਖੀ। ਉਨ੍ਹਾਂ ਨੇ ਕਿਹਾ ਕਿ ਇਸ ਮੰਦਿਰ ਦੇ ਬਣਨ ਦੇ ਬਾਅਦ ਅਯੁੱਧਿਆ ਦੀ ਸਿਰਫ਼ ਸ਼ਾਨ ਹੀ ਨਹੀਂ ਵਧੇਗੀ, ਇਸ ਖੇਤਰ ਦਾ ਪੂਰਾ ਅਰਥਤੰਤਰ ਬਦਲ ਜਾਵੇਗਾ। ਇੱਥੇ ਹਰ ਖੇਤਰ ਵਿੱਚ ਨਵੇਂ ਅਵਸਰ ਬਣਨਗੇ, ਵਧਣਗੇ। ਸੋਚੋ, ਪੂਰੀ ਦੁਨੀਆ ਤੋਂ ਲੋਕ ਇੱਥੇ ਆਉਣਗੇ, ਪੂਰੀ ਦੁਨੀਆ ਪ੍ਰਭੂ ਰਾਮ ਅਤੇ ਮਾਤਾ ਜਾਨਕੀ ਦੇ ਦਰਸ਼ਨ ਕਰਨ ਆਵੇਗੀ।

1 ਦੇਸ਼ ਵਿਧਾਨ ਨਿਸ਼ਾਨ ਦਾ ਸੁਪਨਾ ਸਾਕਾਰ

ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦਾ "ਇੱਕ ਦੇਸ਼ ਇੱਕ ਵਿਧਾਨ, ਇੱਕ ਪ੍ਰਧਾਨ, ਇੱਕ ਨਿਸ਼ਾਨ" ਦਾ ਸੰਕਲਪ ਆਜ਼ਾਦੀ ਦੇ 72 ਸਾਲ ਬਾਅਦ ਪੂਰਾ ਹੋ ਸਕਿਆ ਹੈ। ਧਾਰਾ-370 ਅਤੇ 35ਏ ਤੋਂ ਆਜ਼ਾਦੀ ਦੇ ਬਾਅਦ ਧਰਤੀ ਦਾ ਸਵਰਗ ਕਿਹਾ ਜਾਣ ਵਾਲਾ ਜੰਮੂ-ਕਸ਼ਮੀਰ ਅਤੇ ਲੱਦਾਖ ਵੀ ਦੇਸ਼ ਦੇ ਬਾਕੀ ਹਿੱਸਿਆਂ ਨਾਲ ਵਿਕਾਸ ਵਿੱਚ ਕਦਮ ਨਾਲ ਕਦਮ ਮਿਲਾ ਰਿਹਾ ਹੈ।



- ਜੰਮੂ-ਕਸ਼ਮੀਰ ਨੂੰ ਅਲੱਗ ਦਰਜਾ ਦੇਣ ਵਾਲੀ ਧਾਰਾ 370 ਨੂੰ ਹਟਾਉਣ ਦਾ ਫ਼ੈਸਲਾ 5 ਅਗਸਤ 2019 ਨੂੰ ਹੋਇਆ ਅਤੇ 6 ਦਹਾਕੇ ਦੇ ਫਾਸਲੇ 6 ਸਾਲ ਵਿੱਚ ਮੋਦੀ ਸਰਕਾਰ ਨੇ ਖ਼ਤਮ ਕੀਤੇ।
- ਇਸ ਦੇ ਨਾਲ ਹੀ ਜੰਮੂ-ਕਸ਼ਮੀਰ ਦਾ ਵਾਸਤਵਿਕ ਤੌਰ 'ਤੇ ਏਕੀਕਰਣ ਹੋਇਆ ਹੈ।
- ਪੂਰੇ ਖੇਤਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡਿਆ ਗਿਆ- ਜੰਮੂ ਤੇ ਕਸ਼ਮੀਰ (ਵਿਧਾਨਪਾਲਿਕਾ ਦੇ ਨਾਲ) ਅਤੇ ਲੱਦਾਖ ਦੀ ਵਿਸ਼ੇਸ਼ ਪਰਿਸਥਿਤੀ ਦੀ ਵਜ੍ਹਾ ਨਾਲ ਵਿਧਾਨਪਾਲਿਕਾ ਦੇ ਬਿਨਾ।
- ਰਾਜ ਪੁਨਰਗਠਨ ਬਿਲ ਸੰਸਦ ਤੋਂ ਪਾਸ ਕਰਕੇ ਲੱਦਾਖ ਦੀ 70 ਸਾਲ ਪੁਰਾਣੀ ਮੰਗ ਪੂਰੀ ਹੋਈ।
- ਹੁਣ ਜੰਮੂ-ਕਸ਼ਮੀਰ ਅਤੇ ਲੱਦਾਖ ਸਮਾਜਿਕ-ਆਰਥਿਕ ਸਸ਼ਕਤੀਕਰਣ ਦੀ ਦਿਸ਼ਾ ਵਿੱਚ ਵਧਿਆ, ਮੂਲ ਨਿਵਾਸੀ ਕਾਨੂੰਨ ਲਾਗੂ ਹੋਇਆ, ਸਥਾਨਕ ਲੋਕਾਂ ਨੂੰ ਲੋਕਤਾਂਤਰਿਕ ਹੱਕ ਮਿਲਿਆ।

ਟ੍ਰਿਪਲ ਤਲਾਕ ਦੀ ਕੁਪ੍ਰਥਾ ਦਾ ਅੰਤ

- ਭਾਰਤ ਦੇ ਸੰਸਦੀ ਇਤਿਹਾਸ ਵਿੱਚ 30 ਜੁਲਾਈ 2019 ਦੀ ਤਰੀਕ ਇੱਕ ਅਹਿਮ ਪੜਾਅ ਦੇ ਰੂਪ ਵਿੱਚ ਦਰਜ ਹੋ ਚੁੱਕੀ ਹੈ। ਇਤਿਹਾਸਿਕ ਤੀਹਰਾ ਤਲਾਕ ਬਿਲ ਪਾਸ ਹੋਣ ਦੇ ਬਾਅਦ ਹੋਂਦ ਵਿੱਚ ਆਏ ਇਸ ਕਾਨੂੰਨ ਨੇ ਮੁਸਲਿਮ ਮਹਿਲਾਵਾਂ ਦੇ ਨਿਆਂ ਅਤੇ ਸਨਮਾਨ ਦੀ ਦਿਸ਼ਾ ਵਿੱਚ ਅਜਿਹੀ ਸਫਲਤਾ ਹਾਸਲ ਕੀਤੀ ਜਿਸ ਦਾ ਇੰਤਜ਼ਾਰ ਦਹਾਕਿਆਂ ਤੋਂ ਸੀ।
- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸ਼ਬਦਾਂ ਵਿੱਚ, ''ਤੀਹਰੇ ਤਲਾਕ ਸਬੰਧੀ ਕਾਨੂੰਨ ਬਣਨ ਦੇ ਬਾਅਦ ਇਤਿਹਾਸ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਨਾਮ ਨਿਸ਼ਚਿਤ ਰੂਪ ਨਾਲ ਰਾਜਾ ਰਾਮ ਮੋਹਨ ਰਾਏ ਅਤੇ ਈਸ਼ਵਰ ਚੰਦਰ ਵਿਦਿਆਸਾਗਰ ਜਿਹੇ ਸਮਾਜਿਕ ਸੁਧਾਰਕਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾਵੇਗਾ। ਤੀਹਰੇ ਤਲਾਕ ਸਬੰਧੀ ਕਾਨੂੰਨ ਮੁਸਲਿਮ ਮਹਿਲਾਵਾਂ ਦੇ ਹਿਤਾਂ ਅਤੇ ਅਧਿਕਾਰਾਂ ਦੀ ਦਿਸ਼ਾ ਵਿੱਚ ਕ੍ਰਾਂਤੀਕਾਰੀ ਕਦਮ ਸਿੱਧ ਹੋਵੇਗਾ ਅਤੇ ਹੁਣ ਉਨ੍ਹਾਂ ਲਈ ਨਵੇਂ ਯੁਗ ਦੀ ਸ਼ੁਰੂਆਤ ਹੋਵੇਗੀ।''

ਕਰਤਾਰਪੁਰ ਕੌਰੀਡੋਰ

- ਆਜ਼ਾਦੀ ਦੇ ਬਾਅਦ ਪਹਿਲੀ ਵਾਰ ਸਿੱਖਾਂ ਦੇ ਸਭ ਤੋਂ ਪਵਿੱਤਰ ਤੀਰਥ ਸਥਾਨ ਕਰਤਾਰਪੁਰ ਕੌਰੀਡੋਰ ਦੀ ਮੰਗ ਨੂੰ ਕੇਂਦਰ ਸਰਕਾਰ ਨੇ ਪੂਰਾ ਕੀਤਾ।
- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਵਾਸ ਸਥਾਨ ਕਰਤਾਰਪੁਰ ਪਾਕਿਸਤਾਨ ਵਿੱਚ ਹੈ ਜਿੱਥੋਂ ਦੇ ਦਰਸ਼ਨ ਹੁਣ ਤੱਕ ਭਾਰਤੀ ਸਿਰਫ਼ ਦੂਰਬੀਨ ਨਾਲ ਹੀ ਕਰਦੇ ਹੁੰਦੇ ਸਨ।
- 9 ਨਵੰਬਰ 2019 ਨੂੰ ਪ੍ਰਧਾਨ ਮੰਤਰੀ ਮੋਦੀ ਨੇ 120 ਕਰੋੜ ਰੁਪਏ ਖਰਚ ਕਰਕੇ ਤਿਆਰ ਕੀਤੇ ਗਏ ਕਰਤਾਰਪੁਰ ਕੌਰੀਡੋਰ ਦਾ ਉਦਘਾਟਨ ਕੀਤਾ। ਇਸ ਨਾਲ ਸਿੱਖ ਧਰਮ ਦੇ ਸੱਭਿਆਚਾਰ ਅਤੇ ਪਰੰਪਰਾ ਨੂੰ ਸਨਮਾਨ ਮਿਲਿਆ।
- ਭਾਰਤੀ ਮੂਲ ਦੇ ਸਾਰੇ ਧਰਮਾਂ ਦੇ ਤੀਰਥ ਯਾਤਰੀ ਹੁਣ ਇਸ ਕੌਰੀਡੋਰ ਦਾ ਉਪਯੋਗ ਕਰਕੇ ਕਰਤਾਰਪੁਰ ਸਾਹਿਬ ਵਿੱਚ ਮੱਥਾ ਟੇਕ ਸਕਦੇ ਹਨ। ਇੱਥੇ ਜਾਣ ਲਈ ਅਲੱਗ ਤੋਂ ਵੀਜ਼ੇ ਦੀ ਜ਼ਰੂਰਤ ਨਹੀਂ ਹੋਵੇਗੀ। ਸਿਰਫ਼ ਇੱਕ ਵੈਧ ਪਾਸਪੋਰਟ ਨਾਲ ਇੱਥੇ ਜਾ ਸਕਦੇ ਹਨ।

ਨਾਗਰਿਕਤਾ ਸੋਧ ਕਾਨੂੰਨ (ਸੀਏਏ) ਨਾਲ ਪਾਕਿਸਤਾਨ, ਬੰਗਲਾਦੇਸ਼, ਅਫ਼ਗ਼ਾਨਿਸਤਾਨ ਦੇ ਘੱਟਗਿਣਤੀਆਂ ਨੂੰ ਦਹਾਕਿਆਂ ਬਾਅਦ ਮਿਲਿਆ ਨਿਆਂ

- ਇਸ ਬਿਲ ਨਾਲ ਉਨ੍ਹਾਂ ਕਰੋੜਾਂ ਲੋਕਾਂ ਨੂੰ ਸਨਮਾਨ ਨਾਲ ਜਿਊਣ ਦਾ ਅਵਸਰ ਮਿਲੇਗਾ ਜੋ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗ਼ਾਨਿਸਤਾਨ ਵਿੱਚ ਘੱਟਗਿਣਤੀ ਵਿੱਚ ਹਨ ਅਤੇ ਧਾਰਮਿਕ ਰੂਪ ਨਾਲ ਦਹਾਕਿਆਂ ਤੋਂ ਪੀੜਤ ਹਨ, ਲੇਕਿਨ ਇਸ ਦੇ ਇਲਾਵਾ ਜੋ ਕਿਸੇ ਵੀ ਤਰ੍ਹਾਂ ਨਾਲ ਭਾਰਤ ਦੇ ਸੰਵਿਧਾਨ ਦੇ ਕਿਸੇ ਵੀ ਪ੍ਰਾਵਧਾਨ ਦੇ ਖ਼ਿਲਾਫ਼ ਨਹੀਂ ਜਾਂਦੇ ਹਨ, ਅਜਿਹੇ ਸ਼ਰਣਾਰਥੀਆਂ ਨੂੰ ਉਚਿਤ ਅਧਾਰ 'ਤੇ ਨਾਗਰਿਕਤਾ ਪ੍ਰਦਾਨ ਕਰਨ ਦੇ ਪ੍ਰਾਵਧਾਨ ਵੀ ਹਨ। ਜਿਸ ਵਿੱਚ ਤਸਲੀਮਾ ਨਸਰੀਨ ਜਿਹੇ ਲੋਕਾਂ ਨੂੰ ਭਾਰਤ ਨੇ ਸ਼ਰਨ ਦੇ ਰੱਖੀ ਹੈ।
- ਭਾਰਤ ਦੇ ਗੁਆਂਢੀ ਦੇਸ਼-ਪਾਕਿਸਤਾਨ, ਬੰਗਲਾਦੇਸ਼, ਅਫ਼ਗ਼ਾਨਿਸਤਾਨ ਵਿੱਚ ਸਤਾਏ ਗਏ ਧਾਰਮਿਕ ਘੱਟ ਗਿਣਤੀਆਂ ਦੇ ਅਧਿਕਾਰਾਂ ਅਤੇ ਸਨਮਾਨ ਦੀ ਰੱਖਿਆ ਲਈ ਦਹਾਕਿਆਂ ਪੁਰਾਣੀ ਸਮੱਸਿਆ ਦਾ ਸਮਾਧਾਨ ਕਰਨ ਲਈ ਕੇਂਦਰ ਸਰਕਾਰ ਨੇ ਨਾਗਰਿਕਤਾ ਕਾਨੂੰਨ ਵਿੱਚ ਸੋਧ ਕਰਕੇ ਇਤਿਹਾਸਿਕ ਫ਼ੈਸਲਾ ਲਿਆ।
- 9 ਦਸੰਬਰ ਨੂੰ ਲੋਕ ਸਭਾ, 11 ਦਸੰਬਰ ਨੂੰ ਰਾਜ ਸਭਾ ਅਤੇ 12 ਦਸੰਬਰ 2019 ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਇਸ ਬਿਲ ਨੂੰ ਮਨਜ਼ੂਰੀ ਦਿੱਤੀ ਜਿਸ ਵਿੱਚ ਅਫ਼ਗ਼ਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਧਾਰਮਿਕ ਪ੍ਰਤਾੜਨਾ ਕਾਰਨ ਭਾਰਤ ਆਏ ਹਿੰਦੂ, ਸਿੱਖ, ਬੋਧੀ, ਜੈਨੀ, ਪਾਰਸੀ ਅਤੇ ਈਸਾਈ ਸਮੁਦਾਇ ਦੇ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣ ਦਾ ਪ੍ਰਾਵਧਾਨ ਹੈ।
- ਨਾਲ ਹੀ ਉੱਤਰ-ਪੂਰਬ ਦੇ ਲੋਕਾਂ ਦੀ ਭਾਸ਼ਾਈ, ਸੱਭਿਆਚਾਰਕ ਅਤੇ ਸਮਾਜਿਕ ਪਹਿਚਾਣ ਨੂੰ ਸੁਨਿਸ਼ਚਿਤ ਕਰਨ ਦੀ ਵੀ ਵਿਵਸਥਾ ਕੀਤੀ ਗਈ।

ਭਗਵਾਨ ਕੇਦਾਰਨਾਥ ਧਾਮ ਦੀ ਨਗਰੀ ਨੂੰ ਮਿਲਿਆ ਸ਼ਾਨਦਾਰ ਅਤੇ ਦਿੱਵਯ ਰੂਪ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਡ੍ਰੀਮ ਪ੍ਰੋਜੈਕਟ ਵਿੱਚ ਸ਼ਾਮਲ ਕੇਦਾਰਨਾਥ ਧਾਮ ਗੰਭੀਰ ਆਪਦਾ ਨਾਲ ਮਚੀ ਤਬਾਹੀ ਕਾਰਨ ਸੱਤ ਸਾਲ ਬਾਅਦ ਪੁਨਰਨਿਰਮਾਣ ਕਾਰਜ ਦੀ ਤੇਜ਼ੀ ਨਾਲ ਵਾਪਸ ਆਪਣੇ ਰੰਗ ਵਿੱਚ ਪਰਤਣ ਲਗਿਆ ਹੈ, ਹੁਣ ਕੋਰੋਨਾ ਨਾਲ ਮਿਲੇ ਅਵਸਰ ਨੂੰ ਲੰਬਿਤ ਕਾਰਜਾਂ ਵਿੱਚ ਤੇਜ਼ੀ ਲਿਆਉਣ ਅਤੇ ਆਈਟੀ ਦੇ ਉਪਯੋਗ ਨਾਲ ਤੀਰਥ ਦੇ ਇਤਿਹਾਸਿਕ-ਸੱਭਿਆਚਾਰਕ ਮਹੱਤਵ ਨੂੰ ਪ੍ਰਦਰਸ਼ਿਤ ਕਰਨ ਦੀ ਪਹਿਲ।
- ਸਾਲ 2013 ਵਿੱਚ 16-17 ਜੂਨ ਦੀ ਉਸ ਕਾਲੀ ਸਿਆਹ ਰਾਤ ਭਿਆਨਕ ਆਪਦਾ ਨੇ ਹਜ਼ਾਰਾਂ ਜ਼ਿੰਦਗੀਆਂ ਖੋਹ ਲਈਆਂ ਸਨ ਤਾਂ ਲੱਖਾਂ ਲੋਕਾਂ ਦੇ ਘਰ ਪਰਿਵਾਰ ਉੱਜੜ ਗਏ। ਆਵਾਗਮਨ ਦੇ ਸਾਧਨ ਠੱਪ ਹੋ ਗਏ ਸਨ।

ਕਾਸ਼ੀ ਵਿਸ਼ਵਨਾਥ ਕੌਰੀਡੋਰ

ਆਸਥਾ ਦਾ ਕੇਂਦਰ ਸ੍ਰੀ ਕਾਸ਼ੀ ਵਿਸ਼ਵਨਾਥ ਤੀਰਥ ਖੇਤਰ ਵਿਸ਼ਾਲ ਰੂਪ ਨਾਲ ਇਸੇ ਸਾਲ ਲਵੇਗਾ ਅਕਾਰ।

- ਆਦਿ ਸ਼ੰਕਰਾਚਾਰੀਆ ਦੁਆਰਾ ਸਥਾਪਿਤ ਤੀਰਥ ਸ੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਹਿੰਦੂ ਆਸਥਾ ਦਾ ਬੇਹੱਦ ਮਹੱਤਵਪੂਰਨ ਕੇਂਦਰ ਹੈ। ਹੁਣ ਮਾਂ ਗੰਗਾ ਅਤੇ ਕਾਸ਼ੀ ਵਿਸ਼ਵਨਾਥ ਨੂੰ ਜੋੜਨ ਦੇ ਸੰਕਲਪ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਕੰਮ ਹੋ ਰਿਹਾ ਹੈ।
- ਇਸ ਪ੍ਰੋਜੈਕਟ ਜ਼ਰੀਏ ਆਸਪਾਸ ਦੇ ਖੇਤਰ ਹੀ ਨਹੀਂ, ਵਾਰਾਣਸੀ ਦਾ ਕਾਇਆਕਲਪ ਹੋ ਰਿਹਾ ਹੈ। ਇਸ ਆਸਥਾ ਦੀ ਪਰੰਪਰਾ ਨੂੰ ਵਿਸ਼ਾਲ ਰੂਪ ਪ੍ਰਦਾਨ ਕਰਨ ਦਾ ਕ੍ਰੈਡਿਟ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਜਾਂਦਾ ਹੈ। ਜਿਨ੍ਹਾਂ ਦੀ ਪ੍ਰੇਰਣਾ ਨਾਲ ਮੰਦਿਰ ਸ਼ਾਨਦਾਰ ਰੂਪ ਲੈ ਰਿਹਾ ਹੈ।
- ਬਾਬਾ ਵਿਸ਼ਵਨਾਥ ਨੂੰ ਮਾਂ ਗੰਗਾ ਨਾਲ ਜੋੜਨ ਦਾ ਸੰਕਲਪ ਸਾਕਾਰ ਕਰਨ ਲਈ ਸ੍ਰੀ ਕਾਸ਼ੀ ਵਿਸ਼ਵਨਾਥ ਧਾਮ ਪ੍ਰੋਜੈਕਟ ਦਾ ਨੀਂਹ ਪੱਥਰ 8 ਮਾਰਚ 2019 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੀ। ਲਗਭਗ 50,261 ਵਰਗ ਮੀਟਰ ਵਿਸਤ੍ਰਿਤ ਖੇਤਰਫਲ ਦੇ ਇਸ ਪ੍ਰੋਜੈਕਟ ਵਿੱਚ ਕੁੱਲ 24 ਭਵਨਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ।
- ਪ੍ਰੋਜੈਕਟ ਖੇਤਰ ਵਿੱਚ ਸਥਿਤ ਲਗਭਗ 63 ਕਰੋੜ ਛੋਟੇ-ਵੱਡੇ ਮੰਦਿਰ ਜਿਨ੍ਹਾਂ ਵਿੱਚ ਮੁੱਖ ਰੂਪ ਨਾਲ ਪੰਜ ਪਾਂਡਵ, ਗੰਗੇਸ਼ਵਰ ਮਹਾਦੇਵ, ਮਨੋਕਾਮੇਸ਼ਵਰ, ਨੀਲਕੰਠ ਮਹਾਦੇਵ, ਦਵਾਦਸ਼ ਲਿੰਗ ਅਤੇ ਹੋਰ ਮੰਦਿਰਾਂ ਦੀ ਪੁਨਰ ਸਥਾਪਨਾ ਤੇ ਸੰਭਾਲ਼ ਅਤੇ ਕੰਪਲੈਕਸ ਵਿੱਚ ਸਥਿਤ ਗੋਇਨਕਾ ਲਾਇਬ੍ਰੇਰੀ ਦਾ ਆਧੁਨਿਕੀਕਰਣ ਕੀਤਾ ਜਾ ਰਿਹਾ ਹੈ।

5 ਦਹਾਕਿਆਂ ਦੇ ਇੰਤਜ਼ਾਰ ਦੇ ਬਾਅਦ ਬੋਡੋ ਸਮਝੌਤੇ ਨਾਲ ਆਈ ਸ਼ਾਂਤੀ

- ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਦੇ ਮੰਤਰ ਨਾਲ ਇੱਕ ਹੋਰ ਸਫਲਤਾ ਹਾਸਲ ਕੀਤੀ। 50 ਸਾਲਾਂ ਤੋਂ ਜ਼ਿਆਦਾ ਸਮੇਂ ਤੋਂ ਚਲੇ ਆ ਰਹੇ ਬੋਡੋ ਸੰਕਟ ਨੂੰ ਖ਼ਤਮ ਕਰਨ ਦੀ ਦਿਸ਼ਾ ਵਿੱਚ ਵਿਆਪਕ ਸਮਝੌਤੇ ਹੋਏ। ਇਸ ਵਿੱਚ ਅਸਾਮ ਦੀ ਖੇਤਰੀ ਅਖੰਡਤਾ ਯਕੀਨੀ ਕੀਤੀ ਗਈ ਅਤੇ ਬੋਡੋ ਖੇਤਰ ਦੇ ਵਿਕਾਸ ਲਈ 1500 ਕਰੋੜ ਰੁਪਏ ਦਾ ਵਿਸ਼ੇਸ਼ ਪੈਕੇਜ ਦਿੱਤਾ ਗਿਆ। ਪ੍ਰਧਾਨ ਮੰਤਰੀ ਮੋਦੀ ਦੇ ਸੱਦੇ 'ਤੇ ਸਮਝੌਤੇ ਦੇ ਬਾਅਦ 1615 ਤੋਂ ਜ਼ਿਆਦਾ ਬੋਡੋ ਕਾਡਰ ਆਤਮ-ਸਮਰਪਣ ਕਰਕੇ ਮੁੱਖ ਧਾਰਾ ਵਿੱਚ ਪਰਤਿਆ।

ਦੋ ਦਹਾਕੇ ਪੁਰਾਣੇ ਬਰੂ-ਰਿਯਾਂਗ ਸ਼ਰਣਾਰਥੀ ਸੰਕਟ ਦਾ ਹੱਲ ਹੋਇਆ

- ਕੇਂਦਰ ਸਰਕਾਰ ਨੇ ਮਿਜ਼ੋਰਮ ਅਤੇ ਤ੍ਰਿਪੁਰਾ ਨਾਲ ਤ੍ਰੈਪੱਖੀ ਸਮਝੌਤੇ ਨਾਲ ਦੋ ਦਹਾਕੇ ਪੁਰਾਣੇ ਬਰੂ-ਰਿਯਾਂਗ ਸ਼ਰਣਾਰਥੀ ਸੰਕਟ ਦਾ ਸਮਾਧਾਨ ਕੱਢਿਆ।
- ਲਗਭਗ 34 ਹਜ਼ਾਰ ਅੰਦਰੂਨੀ ਰੂਪ ਨਾਲ ਉੱਜੜੇ ਹੋਏ ਲੋਕਾਂ ਨੂੰ ਤ੍ਰਿਪੁਰਾ ਵਿੱਚ ਵਸਾਇਆ ਗਿਆ ਅਤੇ ਸ਼ਰਣਾਰਥੀਆਂ ਦੇ ਪੁਨਰਵਾਸ ਅਤੇ ਵਿਕਾਸ ਲਈ ਤ੍ਰਿਪੁਰਾ ਨੂੰ 600 ਕਰੋੜ ਰੁਪਏ ਦਿੱਤੇ ਗਏ।
- ਤ੍ਰਿਪੁਰਾ ਵਿੱਚ ਆਤੰਕ ਨੂੰ ਖ਼ਤਮ ਕਰਨ ਦੀ ਵੱਡੀ ਪਹਿਲ ਨਾਲ ਭਾਰਤ ਸਰਕਾਰ, ਤ੍ਰਿਪੁਰਾ ਸਰਕਾਰ ਅਤੇ ਨੈਸ਼ਨਲ ਲਿਬਰੇਸ਼ਨ ਫਰੰਟ ਆਵ੍ ਤ੍ਰਿਪੁਰਾ ਵੱਲੋਂ ਸਮਝੌਤੇ 'ਤੇ ਹਸਤਾਖਰ ਹੋਏ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਸ਼ਾਮਲ ਕਰਵਾਇਆ ਗਿਆ।

ਨਿਸ਼ਚਿਤ ਤੌਰ 'ਤੇ ਜਦੋਂ ਸਾਰੇ ਇਸੇ ਸਦਭਾਵਨਾ ਨਾਲ ਅੱਗੇ ਵਧਣਗੇ ਤਾਂ ਦੇਸ਼ ਅੱਗੇ ਵਧੇਗਾ, ਭਗਵਾਨ ਰਾਮ ਦਾ ਮੰਦਿਰ ਨਿਰਮਾਣ ਹੋਵੇ ਜਾਂ ਟ੍ਰਿਪਲ ਤਲਾਕ ਦੀ ਕੁਪ੍ਰਥਾ ਦਾ ਅੰਤ, ਧਾਰਾ 370 ਦਾ ਹਟਣਾ ਜਾਂ ਕਰਤਾਰਪੁਰ ਕੌਰੀਡੋਰ ਦਾ ਖੁੱਲ੍ਹਣਾ, ਨਵੇਂ ਭਾਰਤ ਦਾ ਉਦੈ ਅਤੇ ਸੱਭਿਆਚਾਰਕ ਗੌਰਵ ਦੀ ਗਾਥਾ ਯੁਗਾਂ-ਯੁਗਾਂ ਤੱਕ ਮਾਨਵਤਾ ਨੂੰ ਪ੍ਰੇਰਣਾ ਦਿੰਦੀ ਰਹੇਗੀ, ਮਾਰਗਦਰਸ਼ਨ ਕਰਦੀ ਰਹੇਗੀ। ●

ਵਿਵਸਥਾਵਾਂ ਦਾ ਏਕੀਕਰਣ, ਸੁਵਿਧਾਵਾਂ ਦਾ ਨਵਾਂ ਸਫ਼ਰ

ਭਾਰਤ ਦੇ ਨੌਜਵਾਨ ਸਿਰਫ਼ ਬਿਹਤਰ ਸ਼ਹਿਰ ਹੀ ਨਹੀਂ ਚਾਹੁੰਦੇ, ਉਹ ਸਭ ਤੋਂ ਚੰਗੇ ਪਿੰਡ ਵੀ ਚਾਹੁੰਦੇ ਹਨ ਅਤੇ ਸ਼ਹਿਰ ਵੀ। ਬਿਖਰੀਆਂ ਹੋਈਆਂ ਸੁਵਿਧਾਵਾਂ ਨੂੰ ਸਮੇਟ ਕੇ ਕੇਂਦ੍ਰਿਤ ਵਿਵਸਥਾ ਦਾ ਹੀ ਨਾਮ ਹੈ- ਇੱਕ ਦੇਸ਼, ਇੱਕ ਵਿਵਸਥਾ। ਕੇਂਦਰ ਸਰਕਾਰ ਅਜਿਹੇ ਹੀ ਵਿਸ਼ਵ ਪੱਧਰੀ ਸ਼ਹਿਰੀ ਕੇਂਦਰਾਂ ਦੇ ਨਿਰਮਾਣ ਨਾਲ ਪਿੰਡਾਂ ਨੂੰ ਵੀ ਸੁਵਿਧਾ ਪ੍ਰਦਾਨ ਕਰ ਰਹੀ ਹੈ ਜੋ 'ਈਜ਼ ਆਵ੍ ਲਿਵਿੰਗ' ਨੂੰ ਵਧਾਉਣ ਵਾਲਾ ਅਤੇ ਦੇਸ਼ ਪਰਿਵਰਤਨ ਵਿੱਚ ਯੋਗਦਾਨ ਦੇਣ ਵਾਲਾ ਸਾਬਤ ਹੋ ਰਿਹਾ

ਵੰਨ ਨੇਸ਼ਨ, ਵੰਨ ਮੋਬਿਲਿਟੀ ਕਾਰਡ

ਪੂਰੇ ਦੇਸ਼ ਵਿੱਚ ਮੈਟਰੋ, ਬੱਸ, ਕੈਬ, ਮੋਨੋਰੇਲ ਅਤੇ ਸਾਰੀਆਂ ਅਰਬਨ ਰੇਲਵੇ ਵਿੱਚ ਰਾਸ਼ਟਰੀ ਕੌਮਨ ਮੋਬਿਲਿਟੀ ਕਾਰਡ (ਐੱਨਸੀਐੱਮਸੀ) ਯਾਨੀ ਇੱਕ ਹੀ ਕਾਰਡ ਨਾਲ ਸਭ ਤਰ੍ਹਾਂ ਦੇ ਟ੍ਰਾਂਸਪੋਰਟ ਦੇ ਸਾਧਨਾਂ ਵਿੱਚ ਯਾਤਰਾ ਦੀ ਸੁਵਿਧਾ।

ਵੰਨ ਨੇਸ਼ਨ, ਵੰਨ ਰਾਸ਼ਨ ਕਾਰਡ

ਇੱਕ ਸਥਾਨ ਤੋਂ ਦੂਸਰੇ ਸਥਾਨ 'ਤੇ ਜਾਣ ਵਾਲੇ ਨਾਗਰਿਕਾਂ ਨੂੰ ਨਵਾਂ ਰਾਸ਼ਨ ਕਾਰਡ ਬਣਾਉਣ ਦੇ ਚੱਕਰਾਂ ਤੋਂ ਮੁਕਤੀ। ਇੱਕ ਹੀ ਰਾਸ਼ਨ ਕਾਰਡ ਨਾਲ ਕਿਤੇ ਵੀ ਅਨਾਜ ਲੈਣ ਦੀ ਸੁਵਿਧਾ ਮਿਲੀ।

ਇੱਕ ਦੇਸ਼, ਇੱਕ ਖੇਤੀ ਬਜ਼ਾਰ

ਨਵੇਂ ਖੇਤੀਬਾੜੀ ਸੁਧਾਰਾਂ ਅਤੇ ਈ-ਨਾਮ (E-NAM) ਨਾਲ ਵੰਨ ਨੇਸ਼ਨ, ਵੰਨ ਐਗਰੀਕਲਚਰ ਮਾਰਕਿਟ ਦੀ ਦਿਸ਼ਾ ਵਿੱਚ ਦੇਸ਼ ਅੱਗੇ ਵਧ ਰਿਹਾ ਹੈ।

ਇੱਕ ਦੇਸ਼, ਇੱਕ ਪਾਵਰ ਗ੍ਰਿੱਡ

ਇੱਕ ਦੇਸ਼, ਇੱਕ ਪਾਵਰ ਗ੍ਰਿੱਡ ਊਰਜਾ ਦੇ ਖੇਤਰ ਵਿੱਚ ਇੱਕ ਅਹਿਮ ਪੜਾਅ। ਇਸ ਨਾਲ ਦੇਸ਼ ਦੇ ਹਰ ਹਿੱਸੇ ਵਿੱਚ ਉਚਿਤ ਬਿਜਲੀ ਦੀ ਉਪਲਬਧਤਾ ਸੁਨਿਸ਼ਚਿਤ ਹੋ ਰਹੀ ਹੈ।

ਇੱਕ ਦੇਸ਼, ਇੱਕ ਗੈਸ ਗ੍ਰਿੱਡ

ਵੰਨ ਗੈਸ ਗ੍ਰਿੱਡ ਤੋਂ ਉਨ੍ਹਾਂ ਹਿੱਸਿਆਂ ਨੂੰ ਨਿਰਵਿਘਨ ਗੈਸ ਕਨੈਕਟੀਵਿਟੀ ਸੁਨਿਸ਼ਚਿਤ ਹੋ ਰਹੀ ਹੈ ਜਿੱਥੇ ਗੈਸ ਅਧਾਰਿਤ ਜੀਵਨ ਪਹਿਲਾਂ ਸੁਪਨਾ ਹੋਇਆ ਕਰਦਾ ਸੀ। ਇਸ ਯੋਜਨਾ ਦੇ ਤਹਿਤ ਦੇਸ਼ ਦੇ ਸਾਰੇ ਘਰਾਂ ਵਿੱਚ ਐੱਲਪੀਜੀ ਗੈਸ ਪਹੁੰਚਾਉਣਾ ਅਤੇ ਵਾਹਨਾਂ ਦੇ ਈਂਧਣ ਲਈ ਸੀਐੱਨਜੀ ਗੈਸ ਉਪਲਬਧ ਕਰਵਾਉਣਾ ਹੈ। ਇੱਕ ਦੇਸ਼, ਇੱਕ ਗ੍ਰਿੱਡ ਕਾਰਨ ਘੱਟ ਖਰਚ ਵਿੱਚ ਫਰਟੀਲਾਈਜ਼ਰ ਬਣਾ ਸਕਾਂਗੇ। ਨਾਲ ਹੀ ਬਿਜਲੀ ਅਤੇ ਕੈਮੀਕਲ ਜਿਹੇ ਉਦਯੋਗਾਂ ਨੂੰ ਵੀ ਲਾਭ ਮਿਲੇਗਾ ਅਤੇ ਰੋਜ਼ਗਾਰ ਦੇ ਅਵਸਰ ਵਧਣਗੇ। ਵਿਦੇਸ਼ੀ ਮੁਦਰਾ ਦਾ ਖਰਚ ਵੀ ਘੱਟ ਹੋ ਜਾਵੇਗਾ।

ਵੰਨ ਨੇਸ਼ਨ, ਵੰਨ ਫਾਸਟ ਟੈਗ

ਇਸ ਨਾਲ ਦੇਸ਼ ਦੇ ਰਾਜਮਾਰਗਾਂ 'ਤੇ ਯਾਤਰਾ ਦੀ ਗਤੀ ਬਿਨਾ ਰੁਕਾਵਟ ਦੇ ਤੇਜ਼ ਹੋਈ ਹੈ।

ਵੰਨ ਨੇਸ਼ਨ, ਵੰਨ ਹੈਲਥ ਇੰਸ਼ੋਰੈਂਸ

ਦੇਸ਼ ਦੇ ਕਰੋੜਾਂ ਲੋਕ ਦੇਸ਼ ਵਿੱਚ ਕਿਧਰੇ ਵੀ 5 ਲੱਖ ਰੁਪਏ ਤੱਕ ਦਾ ਲਾਭ ਲੈ ਰਹੇ ਹਨ।

ਇੱਕ ਦੇਸ਼, ਇੱਕ ਟੈਕਸ

ਇੱਕ ਦੇਸ਼, ਇੱਕ ਟੈਕਸ ਯਾਨੀ ਜੀਐੱਸਟੀ ਜ਼ਰੀਏ 'ਵੰਨ ਨੇਸ਼ਨ ਵੰਨ ਟੈਕਸ' ਦਾ ਸੁਪਨਾ ਸਾਕਾਰ ਹੋਇਆ ਅਤੇ ਟੈਕਸ ਦੇ ਜਾਲ ਤੋਂ ਮਿਲੀ ਮੁਕਤੀ।

ਇੱਕ ਦੇਸ਼, ਨੌਕਰੀ ਦੀ ਇੱਕ ਪਰੀਖਿਆ

ਰਾਸ਼ਟਰੀ ਭਰਤੀ ਏਜੰਸੀ ਜ਼ਰੀਏ ਪਰੀਖਿਆ ਆਯੋਜਿਤ ਕਰਕੇ ਹੁਣ ਅਲੱਗ-ਅਲੱਗ ਸਰਕਾਰੀ ਨੌਕਰੀਆਂ ਲਈ ਅਲੱਗ-ਅਲੱਗ ਪਰੀਖਿਆ ਦੇ ਜਾਲ ਤੋਂ ਮੁਕਤੀ ਮਿਲੀ।

"ਅੱਜ ਹਰ ਹਿੰਦੁਸਤਾਨੀ ਕਹਿ ਸਕਦਾ ਹੈ ਕਿ ਵੰਨ ਨੇਸ਼ਨ, ਵੰਨ ਵਿਧਾਨ। ਅਸੀਂ ਸਰਦਾਰ ਸਾਹਬ ਦੇ ਏਕ ਭਾਰਤ, ਸ੍ਰੇਸ਼ਠ ਭਾਰਤ ਦੇ ਸੁਪਨੇ ਨੂੰ ਚਰਿਤਾਰਥ ਕਰਨ ਵਿੱਚ ਲਗੇ ਹੋਏ ਹਾਂ। ਅਸੀਂ ਅਜਿਹੀਆਂ ਵਿਵਸਥਾਵਾਂ ਨੂੰ ਵਿਕਸਿਤ ਕਰੀਏ ਜੋ ਦੇਸ਼ ਦੀ ਏਕਤਾ ਨੂੰ ਬਲ ਦੇਣ ਅਤੇ ਇਹ ਪ੍ਰਕਿਰਿਆ ਨਿਰੰਤਰ ਚਲਣੀ ਚਾਹੀਦੀ ਹੈ। - ਨਰੇਂਦਰ ਮੋਦੀ, ਪ੍ਰਧਾਨ ਮੰਤਰੀ।

ਭਰੋਸੇ ਦੇ 07 ਸਾਲ

ਨਾਇਕਾਂ ਨੂੰ ਮਿਲਿਆ ਸਨਮਾਨ

ਮੁੜ-ਸੁਰਜੀਤ ਹੋਣ ਲਗੀ ਹੁਣ ਮਹਾਨਾਇਕਾਂ ਦੀ ਵਿਰਾਸਤ

ਅਤੀਤ ਤੋਂ ਬਿਲਕੁਲ ਅਲੱਗ ਰਾਸ਼ਟਰ ਦੀਆਂ ਉਨ੍ਹਾਂ ਮਹਾਨ ਹਸਤੀਆਂ, ਗੁਮਨਾਮ ਨਾਇਕਾਂ ਨੂੰ ਜਿਨ੍ਹਾਂ ਨੂੰ ਰਾਸ਼ਟਰੀ ਚੇਤਨਾ ਤੋਂ ਨਜ਼ਰਅੰਦਾਜ਼ ਕੀਤਾ ਗਿਆ ਸੀ। ਹੁਣ ਉਨ੍ਹਾਂ ਨੂੰ ਪਹਿਚਾਣ ਦਿਵਾਉਣ ਦੀ ਦਿਸ਼ਾ ਵਿੱਚ ਪਹਿਲੀ ਵਾਰ ਉੱਠੇ ਕਦਮ ਤਾਕਿ ਦਿੱਗਜਾਂ ਦੀਆਂ ਵਿਰਾਸਤਾਂ ਨਾਲ ਰਾਸ਼ਟਰੀ ਚੇਤਨਾ ਦਾ ਜਵਾਰ ਪੈਦਾ ਹੋਵੇ ਅਤੇ ਖਾਮੋਸ਼ੀ ਨਾਲ ਸਮਾਜ-ਦੇਸ਼ ਲਈ ਵਿਲੱਖਣ ਕੰਮ ਕਰਨ ਵਾਲਿਆਂ ਦਾ ਸਨਮਾਨ ਕਰਕੇ ਨੌਜਵਾਨ ਮਨ ਨੂੰ ਰਾਸ਼ਟਰ ਨਿਰਮਾਣ ਵਿੱਚ ਅਮੁੱਲ ਯੋਗਦਾਨ ਲਈ ਕੀਤਾ ਜਾ ਸਕੇ ਜਾਗ੍ਰਿਤ ਅਤੇ ਪ੍ਰੇਰਿਤ

ਇਹ ਇੱਕ ਮਹੱਤਵਪੂਰਨ ਅਵਸਰ ਸੀ ਜਦੋਂ ਟੇਮਸ ਨਦੀ ਦੇ ਤਟ 'ਤੇ ਗ੍ਰੇਟ ਬ੍ਰਿਟੇਨ ਦੀ ਆਪਣੀ ਯਾਤਰਾ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2015 ਵਿੱਚ ਪਰਮ ਪੂਜਨੀਕ ਸੰਤ ਭਗਵਾਨ ਬਸਵੇਸ਼ਵਰ ਦੀ ਪ੍ਰਤਿਮਾ ਦਾ ਉਦਘਾਟਨ ਕੀਤਾ। ਸਮਾਜਿਕ ਸੁਧਾਰ ਅੰਦੋਲਨਾਂ ਦੀ ਭਾਰਤ ਦੀ ਸਮ੍ਰਿੱਧ ਪਰੰਪਰਾ ਦੇ ਪ੍ਰਤੀਕ ਕਰਨਾਟਕ ਦੇ ਭਗਵਾਨ ਬਸਵੇਸ਼ਵਰ ਦੁਆਰਾ 12ਵੀਂ ਸਦੀ ਵਿੱਚ ਸਮਾਜਿਕ ਚੇਤਨਾ ਅਤੇ ਮਹਿਲਾ ਸਸ਼ਕਤੀਕਰਣ ਦੀਆਂ ਕਦਰਾਂ-ਕੀਮਤਾਂ ਨੂੰ ਬਣਾਈ ਰੱਖਣ ਦੇ ਯਤਨਾਂ ਲਈ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀ ਸ਼ਲਾਘਾ ਕੀਤੀ।

ਇਹ ਅਤੀਤ ਤੋਂ ਬਿਲਕੁਲ ਅਲੱਗ ਸੀ ਜਿਸ ਵਿੱਚ ਸਿਰਫ਼ ਇੱਕ ਪਰਿਵਾਰ ਦੇ ਮੈਂਬਰਾਂ ਨੂੰ ਪ੍ਰਮੁੱਖਤਾ ਦਿੱਤੀ ਗਈ ਸੀ, ਜਦਕਿ ਹੋਰ ਰਾਸ਼ਟਰੀ ਆਦਰਸ਼ਾਂ ਨੂੰ ਦਰਕਿਨਾਰ ਕਰ ਦਿੱਤਾ ਗਿਆ ਸੀ ਅਤੇ ਇੱਕ ਸੋਚ ਨਾਲ ਉਨ੍ਹਾਂ ਨੂੰ ਰਾਸ਼ਟਰੀ ਚੇਤਨਾ ਤੋਂ ਬਾਹਰ ਕਰ ਦਿੱਤਾ ਗਿਆ ਸੀ, ਲੇਕਿਨ ਸੱਤਾ ਵਿੱਚ ਆਉਣ ਦੇ ਬਾਅਦ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਾਲਾਂ ਤੋਂ ਚਲੀ ਆ ਰਹੀ ਇਸ ਅਣਦੇਖੀ ਨੂੰ ਘੱਟ ਕੀਤਾ ਅਤੇ ਦੇਸ਼ ਦੇ ਦਿੱਗਜਾਂ ਦੀ ਵਿਰਾਸਤ ਨੂੰ ਅੱਗੇ ਵਧਾਇਆ। ਇਹ ਕਿਸੇ ਵੀ ਪਾਰਟੀ, ਵਿਚਾਰਧਾਰਾ ਜਾਂ ਪਰਿਵਾਰ 'ਤੇ 'ਇੰਡੀਆ ਫਸਟ' ਦੇ ਸਿਧਾਂਤਾਂ ਦੇ ਅਨੁਰੂਪ ਕਦਮ ਸੀ। ਇਸ ਲਈ ਸਰਕਾਰ ਨੇ ਸੰਸਥਾਗਤ ਸਹਿਯੋਗ ਵੀ ਸੁਨਿਸ਼ਚਿਤ ਕੀਤਾ ਤਾਕਿ ਇਹ ਸਰਕਾਰ ਦੇ ਬਦਲਾਅ ਦੇ ਨਾਲ ਪਲਟ ਨਾ ਜਾਵੇ।

226 ਕਰੋੜ ਰੁਪਏ ਦੀ ਲਾਗਤ ਨਾਲ ਪ੍ਰਧਾਨ ਮੰਤਰੀਆਂ ਬਾਰੇ ਇੱਕ ਅਜਾਇਬ ਘਰ

ਦੇਸ਼ ਦੇ ਨੀਤੀ ਨਿਰਮਾਣ ਅਤੇ ਉਸ ਨੂੰ ਇੱਕ ਨਵੀਂ ਦਿਸ਼ਾ ਦੇਣ ਵਿੱਚ ਮੋਹਰੀ ਅਗਵਾਈ ਦੇ ਤੌਰ 'ਤੇ ਪ੍ਰਧਾਨ ਮੰਤਰੀ ਦੀ ਅਹਿਮ ਭੂਮਿਕਾ ਹੁੰਦੀ ਹੈ। ਅਜਿਹੇ ਵਿੱਚ ਹੁਣ ਤੱਕ ਦੇਸ਼ ਦੇ ਪ੍ਰਧਾਨ ਮੰਤਰੀਆਂ ਦੇ ਜੀਵਨ 'ਤੇ ਅਧਾਰਿਤ ਇੱਕ ਅਤਿ-ਆਧੁਨਿਕ ਅਜਾਇਬ ਘਰ ਲਈ 226 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ। ਇਸ ਅਜਾਇਬ ਘਰ ਦੇ ਮਾਧਿਅਮ ਨਾਲ ਰਾਸ਼ਟਰ ਨਿਰਮਾਣ ਵਿੱਚ ਸਹਿਯੋਗ ਦੇਣ ਵਾਲੇ ਸਾਰੇ ਪ੍ਰਧਾਨ ਮੰਤਰੀਆਂ ਦੁਆਰਾ ਕੀਤੇ ਗਏ ਕੰਮਾਂ, ਯੋਗਦਾਨ ਅਤੇ ਉਨ੍ਹਾਂ ਦੇ ਜੀਵਨ 'ਤੇ ਪ੍ਰਕਾਸ਼ ਪਾਉਣ ਦੀ ਸੋਚ ਹੈ।

ਸੰਵਿਧਾਨ ਨਿਰਮਾਤਾ ਡਾ. ਬੀ. ਆਰ. ਅੰਬੇਡਕਰ

ਡਾ. ਬੀ.ਆਰ. ਅੰਬੇਡਕਰ ਆਧੁਨਿਕ ਭਾਰਤ ਦੇ ਨਿਰਮਾਤਾਵਾਂ ਵਿੱਚੋਂ ਇੱਕ ਸਨ।

ਨਿਊ ਇੰਡੀਆ ਦੇ 'ਪਦਮ' ਬਣਨ ਲਗੇ ਗੁਮਨਾਮ ਨਾਇਕ

ਵੀਆਈਪੀ ਕਲਚਰ ਨੂੰ ਖ਼ਤਮ ਕਰਨ ਤੋਂ ਲੈ ਕੇ ਦੇਸ਼ ਦੇ ਸਰਬਉੱਚ ਨਾਗਰਿਕ ਸਨਮਾਨ ਨੂੰ ਪਹਿਲੀ ਵਾਰ ਸਹੀ ਮਾਅਨੇ ਵਿੱਚ ਆਮ ਨਾਗਰਿਕਾਂ ਤੱਕ ਪਹੁੰਚਾਉਣ ਦੀ ਪਹਿਲ ਮੌਜੂਦਾ ਸ਼ਾਸਨ ਵਿੱਚ ਹੋਈ। ਇਸ ਵਿੱਚ ਸਿਫ਼ਾਰਸ਼ੀ ਨਹੀਂ, ਸਹੀ ਕੰਮ ਨੂੰ ਸਨਮਾਨ ਮਿਲਣ ਲਗਿਆ ਅਤੇ ਪਦਮ ਪੁਰਸਕਾਰਾਂ ਦੀ ਪੂਰੀ ਪ੍ਰਕਿਰਿਆ ਨੂੰ ਆਮ ਨਾਗਰਿਕਾਂ ਲਈ ਖੋਲ੍ਹ ਦਿੱਤਾ ਗਿਆ। ਜਿਸ ਨਾਲ ਵਿਅਕਤੀ ਦਾ ਨਾਮ ਨਹੀਂ, ਬਲਕਿ ਉਸ ਦੇ ਕੰਮ ਦਾ ਮਹੱਤਵ ਵਧ ਗਿਆ ਹੈ। ਪਦਮ ਪੁਰਸਕਾਰਾਂ ਦੀ ਬਦਲੀ ਹੋਈ ਨੀਤੀ ਦਾ ਹੀ ਨਤੀਜਾ ਹੈ ਕਿ ਹੁਣ ਨਿਊ ਇੰਡੀਆ ਦੇ ਨਾਇਕਾਂ ਨੂੰ ਦੇਸ਼ ਦਾ ਨਾਗਰਿਕ ਸਨਮਾਨ ਮਿਲਣ ਲਗਿਆ ਹੈ ਜੋ ਸਮਾਜ ਨੂੰ ਨਵੀਂ ਪ੍ਰੇਰਣਾ ਦੇਣ ਵਾਲੀ ਕਹਾਣੀ ਅਤੇ ਅਨੁਭਵ ਨੂੰ ਬਾਹਰ ਲਿਆਉਂਦਾ ਹੈ। ਕੇਂਦਰ ਸਰਕਾਰ ਨੇ ਇਨ੍ਹਾਂ ਪਦਮ ਪੁਰਸਕਾਰਾਂ ਨੂੰ 'ਲੋਕਾਂ ਦਾ ਪਦਮ' ਦੇ ਰੂਪ ਵਿੱਚ ਸਥਾਪਿਤ ਕਰ ਦਿੱਤਾ ਹੈ ਅਤੇ ਬਦਲੀ ਹੋਈ ਸੋਚ ਅਤੇ ਨੀਤੀ ਦੀ ਵਜ੍ਹਾ ਨਾਲ ਹੀ ਹੁਣ ਅਜਿਹੇ ਲੋਕਾਂ ਨੂੰ ਪਦਮ ਪੁਰਸਕਾਰ ਮਿਲਣ ਲਗੇ ਹਨ ਜੋ ਆਮ ਤੌਰ 'ਤੇ ਵੱਡੇ-ਵੱਡੇ ਸ਼ਹਿਰਾਂ ਵਿੱਚ, ਅਖ਼ਬਾਰਾਂ ਵਿੱਚ, ਟੀਵੀ ਵਿੱਚ ਜਾਂ ਹੋਰ ਵੱਡੇ ਸਮਾਰੋਹਾਂ ਵਿੱਚ ਨਜ਼ਰ ਨਹੀਂ ਆਉਂਦੇ ਹਨ। ਅਸਾਮ ਦੀ ਬੀਰੂਬਾਲਾ ਰਭਾ, ਤਮਿਲ ਨਾਡੂ ਦੀ ਪੱਪਾਮਾਲ ਅਤੇ ਡਾ. ਡੀ. ਵੀਰਾਰਾਘਵਨ, ਪੱਛਮ ਬੰਗਾਲ ਦੇ ਨਾਰਾਇਣ ਦੇਵਨਾਥ ਅਤੇ ਲੱਦਾਖ ਦੇ ਸੁਲਟ੍ਰਿਮ ਚੋਂਜੋਰ ਇਨ੍ਹਾਂ ਗੁਮਨਾਮ ਨਾਇਕਾਂ ਵਿੱਚੋਂ ਇੱਕ ਹਨ।

ਭਾਰਤ ਦੇ ਰਾਜਨੀਤਕ ਚਿੰਤਨ ਵਿੱਚ ਉਨ੍ਹਾਂ ਦਾ ਯੋਗਦਾਨ ਵਿਲੱਖਣ ਰਿਹਾ ਹੈ। ਹਾਲਾਂਕਿ ਪਹਿਲਾਂ ਉਸ ਤਰ੍ਹਾਂ ਨਾਲ ਉਨ੍ਹਾਂ ਦੀ ਵਿਰਾਸਤ ਦਾ ਸਨਮਾਨ ਨਹੀਂ ਕੀਤਾ ਗਿਆ ਜਿਸ ਦੇ ਉਹ ਹੱਕਦਾਰ ਸਨ। ਇਨ੍ਹਾਂ ਇਤਿਹਾਸਿਕ ਗਲਤੀਆਂ ਨੂੰ ਸੁਧਾਰਦੇ ਹੋਏ ਨਰੇਂਦਰ ਮੋਦੀ ਸਰਕਾਰ ਨੇ ਇਤਿਹਾਸਿਕ ਮਹੱਤਵ ਦੇ ਉਨ੍ਹਾਂ ਸਥਾਂਨਾਂ ਦੇ ਵਿਕਾਸ ਦਾ ਸਾਹਸੀ ਫ਼ੈਸਲਾ ਲਿਆ ਜੋ 'ਪੰਜ ਤੀਰਥ' ਦੇ ਰੂਪ ਵਿੱਚ ਡਾ. ਅੰਬੇਡਕਰ ਦੇ ਜੀਵਨ ਨਾਲ ਨੇੜਿਓਂ ਸਬੰਧਿਤ ਸਨ। ਡਾ. ਅੰਬੇਡਕਰ ਦੇ ਸਨਮਾਨ ਵਿੱਚ 26 ਨਵੰਬਰ ਨੂੰ 'ਸੰਵਿਧਾਨ ਦਿਵਸ' ਦੇ ਰੂਪ ਵਿੱਚ ਐਲਾਨਿਆ ਗਿਆ।

ਨੇਤਾਜੀ ਦੀ ਵਿਰਾਸਤ ਨੂੰ ਪੁਨਰਜੀਵਿਤ ਕਰਨਾ

ਨੇਤਾਜੀ ਦਾ ਪ੍ਰਸਿੱਧ ਨਾਅਰਾ 'ਤੁਸੀਂ ਮੈਨੂੰ ਖ਼ੂਨ ਦਿਓ ਅਤੇ ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ' ਹਰ ਭਾਰਤੀ ਚੇਤਨਾ ਵਿੱਚ ਮੌਜੂਦ ਹੈ। ਨੇਤਾਜੀ ਦੁਆਰਾ 'ਆਜ਼ਾਦ ਹਿੰਦ ਸਰਕਾਰ' ਦੇ ਗਠਨ ਦੀ 75ਵੀਂ ਵਰ੍ਹੇਗੰਢ ਮਨਾਉਣ ਲਈ ਪ੍ਰਧਾਨ ਮੰਤਰੀ ਨੇ ਦਿੱਲੀ ਵਿੱਚ ਲਾਲ ਕਿਲੇ 'ਤੇ ਤਿਰੰਗਾ ਲਹਿਰਾਇਆ। ਇਹ ਪੂਰੇ ਦੇਸ਼ ਲਈ ਮਾਣ ਦਾ ਪਲ ਸੀ ਜਦੋਂ ਭਾਰਤ ਦੇ ਆਜ਼ਾਦੀ ਅੰਦੋਲਨ ਦੇ ਮਹਾਨ ਨਾਇਕ ਦੀ ਵਿਰਾਸਤ ਨੂੰ ਆਖਿਰਕਾਰ ਆਜ਼ਾਦੀ ਦੇ ਬਾਅਦ ਸਨਮਾਨਿਤ ਕੀਤਾ ਗਿਆ। ਆਜ਼ਾਦ ਹਿੰਦ ਫੌਜ ਦੇ ਚਾਰ ਮੈਂਬਰਾਂ ਨੇ 2019 ਵਿੱਚ ਗਣਤੰਤਰ ਦਿਵਸ ਪਰੇਡ ਵਿੱਚ ਹਿੱਸਾ ਲਿਆ। ਮੋਦੀ ਸਰਕਾਰ ਨੇ ਨੇਤਾਜੀ ਸੁਭਾਸ਼ ਚੰਦਰ ਬੋਸ ਨਾਲ ਸਬੰਧਿਤ ਜ਼ਿਆਦਾਤਰ ਗੁਪਤ ਫਾਈਲਾਂ ਨੂੰ ਗੁਪਤ ਸੂਚੀ ਤੋਂ ਹਟਾ ਕੇ ਨੇਤਾਜੀ ਦੇ ਪਰਿਵਾਰ ਦੀ ਲੰਬੇ ਸਮੇਂ ਤੋਂ ਲੰਬਿਤ ਮੰਗ ਨੂੰ ਵੀ ਪੂਰਾ ਕੀਤਾ। ਆਪਣੀ ਸਤੰਬਰ 2014 ਦੀ ਜਪਾਨ ਯਾਤਰਾ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਜਪਾਨ ਵਿੱਚ ਨੇਤਾਜੀ ਦੇ ਸਭ ਤੋਂ ਪੁਰਾਣੇ ਸਹਿਯੋਗੀ ਸਾਈਚਿਰੋ ਮਿਸੁਮੀ ਨਾਲ ਮੁਲਾਕਾਤ ਕੀਤੀ।

ਭਾਰਤ ਨੂੰ ਏਕਤਾ ਦੇ ਸੂਤਰ ਵਿੱਚ ਬੰਨ੍ਹਣ ਵਾਲੇ ਸਰਦਾਰ ਪਟੇਲ

ਭਾਰਤ ਨੂੰ ਏਕੀਕ੍ਰਿਤ ਕਰਨ ਵਾਲੀ ਮਹਾਨ ਸ਼ਖ਼ਸੀਅਤ 'ਲੋਹ ਪੁਰਸ਼' ਸਰਦਾਰ ਵੱਲਭ ਭਾਈ ਪਟੇਲ ਨੂੰ ਇੱਕ ਸ਼ਾਨਦਾਰ ਸ਼ਰਧਾਂਜਲੀ ਦੇ ਰੂਪ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰ ਦੀ ਸ਼ਰਧਾਂਜਲੀ ਦੇ ਰੂਪ ਵਿੱਚ 'ਸਟੈਚੂ ਆਵ੍ ਯੂਨਿਟੀ' ਦਾ ਉਦਘਾਟਨ ਕੀਤਾ। 600 ਫੁੱਟ ਉੱਚੀ ਪ੍ਰਤਿਮਾ ਦੁਨੀਆ ਦੀ ਸਭ ਤੋਂ ਉੱਚੀ ਪ੍ਰਤਿਮਾ ਹੈ। ਇਸ ਪ੍ਰਤਿਮਾ ਦੀ ਨੀਂਹ 2013 ਵਿੱਚ ਰੱਖੀ ਗਈ ਸੀ ਜਦੋਂ ਨਰੇਂਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ। ਸਰਦਾਰ ਪਟੇਲ ਭਾਰਤ ਦੇ



ਪਹਿਲੇ ਗ੍ਰਹਿ ਮੰਤਰੀ ਸਨ, ਲੇਕਿਨ ਉਨ੍ਹਾਂ ਦੇ ਯੋਗਦਾਨ ਨੂੰ ਇਤਿਹਾਸ ਦੇ ਪੰਨਿਆਂ ਵਿੱਚ ਦਬਾ ਦਿੱਤਾ ਗਿਆ ਸੀ। ਆਖਿਰਕਾਰ ਮਾਂ ਭੂਮੀ ਲਈ ਉਨ੍ਹਾਂ ਦੇ ਵਿਲੱਖਣ ਯੋਗਦਾਨ ਲਈ ਉਨ੍ਹਾਂ ਨੂੰ ਉਚਿਤ ਸਨਮਾਨ ਦਿੱਤਾ ਗਿਆ।

ਇਸੇ ਤਰ੍ਹਾਂ ਆਪਣੀ ਬਹਾਦਰੀ ਅਤੇ ਅੰਗਰੇਜ਼ਾਂ ਖ਼ਿਲਾਫ਼ ਆਪਣੀ ਉਤਸ਼ਾਹੀ ਲੜਾਈ ਲਈ ਪ੍ਰਸਿੱਧ ਵੀਰ ਸਾਵਰਕਰ ਜਿਹੇ ਸਪੂਤ ਨਾਲ ਇੱਕ ਅਛੂਤ ਦੇ ਰੂਪ ਵਿੱਚ ਵਿਵਹਾਰ ਕੀਤਾ ਗਿਆ। ਇਹ ਵੀਰ ਸਾਵਰਕਰ ਜਿਹੇ ਮਹਾਨ ਸ਼ਖ਼ਸ ਨਾਲ ਘੋਰ ਅਨਿਆਂ ਸੀ। ਉਨ੍ਹਾਂ ਨੇ ਆਪਣੀ ਯੁਵਾ ਅਵਸਥਾ ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ ਦੀ ਸੈਲੂਲਰ ਜੇਲ੍ਹ ਵਿੱਚ ਇੱਕ ਛੋਟੀ ਜਿਹੀ ਸੈੱਲ ਵਿੱਚ ਕਠੋਰ ਸਜ਼ਾ ਵਿੱਚ ਬਿਤਾਈ।

ਇਸੇ ਤਰ੍ਹਾਂ ਪ੍ਰਧਾਨ ਮੰਤਰੀ ਨੇ ਪੂਰੇ ਦੇਸ਼ ਵਿੱਚ ਛਤਰਪਤੀ ਸ਼ਿਵਾਜੀ ਮਹਾਰਾਜ, ਬਿਰਸਾ ਮੁੰਡਾ, ਦੀਨਬੰਧੂ ਸਰ ਛੋਟੂ ਰਾਮ ਅਤੇ ਕਈ ਹੋਰ ਮਹਾਨ ਹਸਤੀਆਂ ਦੀ ਵਿਰਾਸਤ ਨੂੰ ਪੁਨਰਜੀਵਿਤ ਕੀਤਾ ਹੈ। ਮੋਦੀ ਸਰਕਾਰ ਦੁਆਰਾ ਭਾਰਤੀ ਨਾਇਕਾਂ ਨੂੰ ਯਾਦ ਕਰਦੇ ਹੋਏ ਅਤੇ ਛੋਟੀਆਂ ਜਿਹੀਆਂ ਰਾਜਨੀਤਕ ਧਾਰਨਾਵਾਂ ਵਿੱਚ ਉਨ੍ਹਾਂ ਦੀ ਵਿਰਾਸਤ ਨੂੰ ਸਮੇਟਣ ਦੀ ਕੋਸ਼ਿਸ਼ ਨੂੰ ਦੂਰ ਕਰਕੇ ਇੱਕ ਨਵਾਂ ਭਾਵ, ਨਵਾਂ ਵਿਚਾਰ ਨਿਰਧਾਰਿਤ ਕੀਤਾ ਗਿਆ। ਇਨ੍ਹਾਂ ਮਹਾਨ ਹਸਤੀਆਂ ਨੇ ਰਾਸ਼ਟਰ ਲਈ ਆਪਣਾ ਪੂਰਾ ਜੀਵਨ ਖਪਾ ਦਿੱਤਾ। ਜਿਨ੍ਹਾਂ ਦੀ ਵਿਰਾਸਤ ਭਾਰਤੀ ਵਿਚਾਰ ਪ੍ਰਕਿਰਿਆ ਦਾ ਸਾਰ ਹੈ। ●

ਕ੍ਰਾਂਤੀ ਦੀ ਲੋਅ ਬਾਲਣ ਵਾਲੇ

ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਅਜਿਹੇ ਕਿੰਨੇ ਹੀ ਅਣਗਿਣਤ ਪੜਾਅ ਹਨ ਜਿਨ੍ਹਾਂ ਤੋਂ ਅਸੀਂ ਪ੍ਰੇਰਣਾ ਲੈਂਦੇ ਹਾਂ, ਊਰਜਾ ਲੈਂਦੇ ਹਾਂ। ਅਜਿਹੇ ਵਿੱਚ ਅੰਮ੍ਰਿਤ ਮਹੋਤਸਵ ਦਾ ਇੱਕ ਮਹੱਤਵਪੂਰਨ ਆਯਾਮ ਆਜ਼ਾਦੀ ਦੇ ਇਤਿਹਾਸ ਦੇ ਨਾਲ-ਨਾਲ ਹੈ ਭਾਰਤ ਦੀ ਸੱਭਿਆਚਾਰਕ ਵਿਵਿਧਤਾ ਅਤੇ ਸੱਭਿਆਚਾਰਕ ਪੂੰਜੀ ਵੀ...

ਗੀਤਾ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਨੇ ਕਿਹਾ ਹੈ-'ਸਮ-ਦੁਃਖ-ਸੁਖਮ੍ ਧੀਰਮ੍ ਸਃ ਅਮ੍ਰਿਤਤ੍ਵਾਯ ਕਲ੍ਪਤੇ'। ਅਰਥਾਤ, ਜੋ ਸੁਖ-ਦੁਖ, ਅਰਾਮ ਚੁਣੌਤੀਆਂ ਵਿਚਕਾਰ ਵੀ ਧੀਰਜ ਨਾਲ ਅਟਲ ਅਡਿੱਗ ਅਤੇ ਸਮ ਰਹਿੰਦਾ ਹੈ, ਉਹੀ ਅੰਮ੍ਰਿਤ ਨੂੰ ਪ੍ਰਾਪਤ ਕਰਦਾ ਹੈ, ਅਮਰਤਵ ਨੂੰ ਪ੍ਰਾਪਤ ਕਰਦਾ ਹੈ। ਅੰਮ੍ਰਿਤ ਮਹੋਤਸਵ ਨਾਲ ਭਾਰਤ ਦੇ ਉੱਜਵਲ ਭਵਿੱਖ ਦਾ ਅੰਮ੍ਰਿਤ ਪ੍ਰਾਪਤ ਕਰਨ ਦੇ ਸਾਡੇ ਮਾਰਗ ਵਿੱਚ ਇਹੀ ਮੰਤਰ ਸਾਡੀ ਪ੍ਰੇਰਣਾ ਹੈ। ਆਜ਼ਾਦੀ ਦੀ ਲੜਾਈ ਵਿੱਚ ਅਲੱਗ-ਅਲੱਗ ਸੰਗ੍ਰਾਮਾਂ, ਅਲੱਗ-ਅਲੱਗ ਘਟਨਾਵਾਂ ਦੀਆਂ ਆਪਣੀਆਂ ਪ੍ਰੇਰਣਾਵਾਂ ਹਨ, ਆਪਣੇ ਸੰਦੇਸ਼ ਹਨ, ਜਿਨ੍ਹਾਂ ਨੂੰ ਅੱਜ ਦਾ ਭਾਰਤ ਆਤਮਸਾਤ ਕਰਕੇ ਅੱਗੇ ਵਧ ਸਕਦਾ ਹੈ। 1857 ਦਾ ਆਜ਼ਾਦੀ ਸੰਗ੍ਰਾਮ, ਮਹਾਤਮਾ ਗਾਂਧੀ ਦਾ ਵਿਦੇਸ਼ ਤੋਂ ਪਰਤਣਾ, ਦੇਸ਼ ਦੇ ਸੱਤਿਆਗ੍ਰਿਹ ਦੀ ਤਾਕਤ ਫਿਰ ਯਾਦ ਦਿਵਾਉਣੀ, ਲੋਕਮਾਨਿਆ ਤਿਲਕ ਦਾ ਪੂਰਨ ਸਵਰਾਜ ਦਾ ਸੱਦਾ, ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਅਵਗਾਈ ਵਿੱਚ ਆਜ਼ਾਦ ਹਿੰਦ ਫੌਜ ਦਾ ਦਿੱਲੀ ਮਾਰਚ, ਦਿੱਲੀ ਚਲੋ, ਇਹ ਨਾਅਰਾ ਅੱਜ ਵੀ ਹਿੰਦੁਸਤਾਨ ਭੁੱਲ ਨਹੀਂ ਸਕਿਆ ਹੈ।

> **"ਜਦੋਂ ਅਸੀਂ ਗ਼ੁਲਾਮੀ ਦੇ ਉਸ ਦੌਰ ਦੀ ਕਲਪਨਾ ਕਰਦੇ ਹਾਂ, ਜਿੱਥੇ ਕਰੋੜਾਂ-ਕਰੋੜਾਂ ਲੋਕਾਂ ਨੇ ਸਦੀਆਂ ਤੱਕ ਆਜ਼ਾਦੀ ਦੀ ਇੱਕ ਸਵੇਰ ਦਾ ਇੰਤਜ਼ਾਰ ਕੀਤਾ, ਤਦ ਇਹ ਅਹਿਸਾਸ ਹੋਰ ਵਧਦਾ ਹੈ ਕਿ ਆਜ਼ਾਦੀ ਦੇ 75 ਸਾਲ ਦਾ ਅਵਸਰ ਕਿੰਨਾ ਇਤਿਹਾਸਿਕ ਹੈ, ਕਿੰਨਾ ਗੌਰਵਸ਼ਾਲੀ ਹੈ। ਇਸ ਪੁਰਬ ਵਿੱਚ ਸਦੀਵੀ ਭਾਰਤ ਦੀ ਪਰੰਪਰਾ ਵੀ ਹੈ, ਸੁਤੰਤਰਤਾ ਸੰਗ੍ਰਾਮ ਦੀ ਪਰਛਾਈ ਵੀ ਹੈ ਅਤੇ ਆਜ਼ਾਦ ਭਾਰਤ ਦੀ ਗੌਰਵਮਈ ਕਰਨ ਵਾਲੀ ਪ੍ਰਗਤੀ ਵੀ ਹੈ। - ਨਰੇਂਦਰ ਮੋਦੀ, ਪ੍ਰਧਾਨ ਮੰਤਰੀ"**



ਸ਼ਿਆਮਜੀ ਕ੍ਰਿਸ਼ਨ ਵਰਮਾ- ਆਖਿਰੀ ਸਾਹ ਤੱਕ ਸੰਘਰਸ਼ ਕਰਨ ਵਾਲੇ ਕ੍ਰਾਂਤੀਕਾਰੀ

"ਕ੍ਰਾਂਤੀ ਦ੍ਰਿਸ਼ਟਾ"- ਸ਼ਿਆਮਜੀ ਕ੍ਰਿਸ਼ਨ ਵਰਮਾ ਦਾ ਜਨਮ 4 ਅਕਤੂਬਰ 1857 ਨੂੰ ਗੁਜਰਾਤ ਵਿੱਚ ਕੱਛ ਦੇ ਮਾਂਡਵੀ ਵਿੱਚ ਹੋਇਆ ਸੀ ਅਤੇ ਉਹ 1857 ਦੀ ਕ੍ਰਾਂਤੀ ਦੀ ਕਹਾਣੀ ਸੁਣ ਕੇ ਹੀ ਵੱਡੇ ਹੋਏ ਸਨ। ਬਚਪਨ ਤੋਂ ਹੀ ਨਿਡਰ ਅਤੇ ਸੁਆਰਥ-ਰਹਿਤ ਵਿਅਕਤਿੱਤਵ ਵਾਲੇ ਵਰਮਾ ਕੇਵਲ 20 ਸਾਲ ਦੀ ਉਮਰ ਵਿੱਚ ਹੀ ਕ੍ਰਾਂਤੀਕਾਰੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਗ ਗਏ ਸਨ। ਸਕੂਲ ਦੀ ਪੜ੍ਹਾਈ ਖ਼ਤਮ ਕਰਨ ਦੇ ਬਾਅਦ ਉਹ ਅੱਗੇ ਦੀ ਪੜ੍ਹਾਈ ਲਈ ਔਕਸਫੋਰਡ ਚਲੇ ਗਏ ਸਨ। ਉੱਥੇ ਲੰਦਨ ਵਿੱਚ ਘਰ ਲੱਭਦੇ ਹੋਏ ਉਨ੍ਹਾਂ ਨੂੰ ਭੇਦਭਾਵ ਦਾ ਸਾਹਮਣਾ ਕਰਨਾ ਪਿਆ। ਅਜਿਹੇ ਵਿੱਚ ਉਨ੍ਹਾਂ ਨੇ ਲੰਦਨ ਵਿੱਚ ਭਾਰਤੀ ਵਿਦਿਆਰਥੀਆਂ ਦੇ ਰਹਿਣ ਲਈ ਮਕਾਨ ਖਰੀਦਿਆ ਅਤੇ ਉਸ ਦਾ ਨਾਮ 'ਇੰਡੀਆ ਹਾਊਸ' ਰੱਖਿਆ। ਬਾਅਦ ਵਿੱਚ ਚਲ ਕੇ ਇਹੀ 'ਇੰਡੀਆ ਹਾਊਸ' ਇੰਗਲੈਂਡ ਵਿੱਚ ਕ੍ਰਾਂਤੀਕਾਰੀ ਗਤੀਵਿਧੀਆਂ ਦਾ ਇੱਕ ਮੁੱਖ ਕੇਂਦਰ ਬਣ ਗਿਆ ਅਤੇ ਕਾਫੀ ਮਕਬੂਲ ਹੋਇਆ। ਕਿਹਾ ਜਾਂਦਾ ਹੈ ਕਿ ਇਸ ਹੋਸਟਲ ਵਿੱਚ ਗਾਂਧੀ, ਲੈਨਿਨ, ਲਾਲਾ ਲਾਜਪਤ ਰਾਏ, ਗੋਪਾਲ ਕ੍ਰਿਸ਼ਨ ਗੋਖਲੇ, ਸਾਵਰਕਰ, ਮਦਨ ਲਾਲ ਢੀਂਗਰਾ ਸਾਰੇ ਆਏ ਸਨ। ਇੱਥੇ ਭਾਰਤ ਦੀ ਆਜ਼ਾਦੀ ਦੀ ਯੋਜਨਾ ਨੂੰ ਲੈ ਕੇ ਗੰਭੀਰ ਬਹਿਸ ਹੁੰਦੀ ਸੀ। ਉਹ ਲੋਕਮਾਨਿਆ ਤਿਲਕ ਅਤੇ ਸੁਆਮੀ ਦਯਾਨੰਦ ਸਰਸਵਤੀ ਤੋਂ ਪ੍ਰੇਰਿਤ ਸਨ। ਉਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਈ ਨਾ ਸਿਰਫ਼ ਖੁਦ ਨੂੰ ਸਮਰਪਿਤ ਕਰ ਦਿੱਤਾ, ਬਲਕਿ ਅਨੇਕ ਰਾਸ਼ਟਰਵਾਦੀਆਂ ਨੂੰ ਪ੍ਰੇਰਿਤ ਕੀਤਾ। ਮੰਨਿਆ ਜਾਂਦਾ ਹੈ ਕਿ ਸਾਵਰਕਰ ਵੀ ਇਨ੍ਹਾਂ ਤੋਂ ਪ੍ਰੇਰਣਾ ਲੈ ਕੇ ਕ੍ਰਾਂਤੀਕਾਰੀ ਬਣੇ ਸਨ। ਮਦਨ ਲਾਲ ਢੀਂਗਰਾ ਇਨ੍ਹਾਂ ਦੇ ਸ਼ਾਗਿਰਦ ਸਨ। ਉਨ੍ਹਾਂ ਨੇ ਨਾ ਸਿਰਫ਼ ਦੇਸ਼ ਵਿੱਚ ਬਲਕਿ ਵਿਦੇਸ਼ ਵਿੱਚ ਰਹਿ ਰਹੇ ਭਾਰਤੀਆਂ ਦੇ ਦਿਲ ਵਿੱਚ ਵੀ ਕ੍ਰਾਂਤੀ ਦੀ ਲੋਅ ਜਗਾਈ। ਭਾਰਤ ਭੂਮੀ ਦੇ ਵੀਰ ਸਪੂਤ ਸ਼ਿਆਮਜੀ ਕ੍ਰਿਸ਼ਨ ਵਰਮਾ ਅੰਗਰੇਜ਼ਾਂ ਦੀ ਧਰਤੀ 'ਤੇ ਰਹਿ ਕੇ ਉਨ੍ਹਾਂ ਦੇ ਨੱਕ ਹੇਠ, ਜੀਵਨ ਦੇ ਆਖਰੀ ਸਾਹ ਤੱਕ ਆਜ਼ਾਦੀ ਲਈ ਸੰਘਰਸ਼ ਕਰਦੇ ਰਹੇ। 31 ਮਾਰਚ, 1930 ਨੂੰ ਜਿਨੇਵਾ ਵਿੱਚ ਸ਼ਿਆਮਜੀ ਕ੍ਰਿਸ਼ਨ ਵਰਮਾ ਦਾ ਦੇਹਾਂਤ ਹੋ ਗਿਆ ਸੀ।

ਰਾਣੀ ਗਾਇਦਿਨਲਿਉ- ਅੰਗਰੇਜ਼ਾਂ ਦੇ ਸਾਹ ਫੁਲਾ ਦੇਣ ਵਾਲੀ 'ਪਹਾੜਾਂ ਦੀ ਰਾਣੀ'

"ਪਹਾੜਾਂ ਦੀ ਬੇਟੀ" - ਰਾਣੀ ਗਾਇਦਿਨਲਿਉ ਸਿਰਫ਼ 13 ਸਾਲ ਦੀ ਉਮਰ ਵਿੱਚ ਹੀ ਅੰਗਰੇਜ਼ੀ ਸ਼ਾਸਨ ਦੇ ਖ਼ਿਲਾਫ਼ ਕ੍ਰਾਂਤੀਕਾਰੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਗੀ ਸੀ ਅਤੇ 'ਹੇਰਾਕਾ ਅੰਦੋਲਨ' ਨਾਲ ਜੁੜ ਗਈ ਸੀ। ਨਾਗਾ ਲੋਕਾਂ 'ਤੇ ਅੰਗਰੇਜ਼ਾਂ ਦੇ ਅੱਤਿਆਚਾਰ ਕਾਰਨ ਇਹ ਅੰਦੋਲਨ ਬਾਅਦ ਵਿੱਚ ਇੱਕ ਰਾਜਨੀਤਕ ਅੰਦੋਲਨ ਵਿੱਚ ਤਬਦੀਲ ਹੋ ਗਿਆ ਸੀ ਜਿਸ ਦਾ ਇਕਲੌਤਾ ਮਕਸਦ ਮਣੀਪੁਰ ਅਤੇ ਨਾਗਾ ਆਬਾਦੀ ਵਾਲੇ ਖੇਤਰ ਤੋਂ ਬ੍ਰਿਟਿਸ਼ ਬਸਤੀਵਾਦ ਨੂੰ ਉਖਾੜ ਸੁੱਟਣਾ ਸੀ। ਰਾਣੀ ਨੇ 1931 ਵਿੱਚ ਅੰਦੋਲਨ ਦੀ ਕਮਾਨ ਸੰਭਾਲ਼ੀ ਅਤੇ ਨਾਗਾ ਲੋਕਾਂ ਦੇ ਕਬੀਲਿਆਂ ਵਿੱਚ ਏਕਤਾ ਸਥਾਪਿਤ ਕਰਕੇ ਅੰਗਰੇਜ਼ਾਂ ਦੇ ਖ਼ਿਲਾਫ਼ ਸੰਯੁਕਤ ਮੋਰਚਾ ਬਣਾਉਣ ਲਈ ਕਦਮ ਚੁੱਕਿਆ। ਉਨ੍ਹਾਂ ਨੇ ਆਪਣੇ ਅੰਦੋਲਨ ਨੂੰ ਭਾਰਤ ਦੇ ਆਜ਼ਾਦੀ ਸੰਗ੍ਰਾਮ ਨਾਲ ਜੋੜਿਆ ਅਤੇ ਉੱਤਰ-ਪੂਰਬ ਵਿੱਚ ਲੋਕਾਂ ਤੱਕ ਵੱਡੇ ਪੈਮਾਨੇ 'ਤੇ ਗਾਂਧੀ ਜੀ ਦਾ ਸੰਦੇਸ਼ ਪਹੁੰਚਾਇਆ। ਅੰਗਰੇਜ਼ਾਂ ਨੇ ਅੰਦੋਲਨ ਨੂੰ ਦਬਾਉਣ ਲਈ ਉੱਥੇ ਕਈ ਪਿੰਡਾਂ ਵਿੱਚ ਅੱਗ ਲਗਾ ਦਿੱਤੀ, ਲੇਕਿਨ ਉਹ ਆਦਿਵਾਸੀਆਂ ਦਾ ਉਤਸ਼ਾਹ ਘੱਟ ਨਹੀਂ ਕਰ ਸਕੇ। ਸਥਾਨ ਬਦਲਦੇ, ਅੰਗਰੇਜ਼ਾਂ ਦੀ ਸੈਨਾਂ 'ਤੇ ਛਾਪਾ ਮਾਰ ਕੇ ਹਮਲਾ ਕਰਦੇ ਹੋਏ ਗਾਇਦਿਨਲਿਉ ਨੇ ਇੱਕ ਅਜਿਹਾ ਕਿਲਾ ਬਣਾਉਣ ਦਾ ਫ਼ੈਸਲਾ ਕੀਤਾ ਜਿਸ ਵਿੱਚ ਉਨ੍ਹਾਂ ਦੇ ਚਾਰ ਹਜ਼ਾਰ ਸਾਥੀ ਰਹਿ ਸਕਣ। ਇਸ 'ਤੇ ਕੰਮ ਚਲ ਹੀ ਰਿਹਾ ਸੀ ਕਿ 17 ਅਪ੍ਰੈਲ, 1932 ਨੂੰ ਅੰਗਰੇਜ਼ਾਂ ਦੀ ਸੈਨਾ ਨੇ ਅਚਾਨਕ ਹਮਲਾ ਕਰ ਦਿੱਤਾ। ਗਾਇਦਿਨਲਿਉ ਗ੍ਰਿਫ਼ਤਾਰ ਕਰ ਲਈ ਗਈ, ਉਨ੍ਹਾਂ 'ਤੇ ਮੁਕੱਦਮਾ ਚਲਿਆ ਅਤੇ ਉਮਰ ਕੈਦ ਦੀ ਸਜ਼ਾ ਹੋਈ। ਉਨ੍ਹਾਂ ਦੀ ਰਿਹਾਈ ਦੇ ਮਾਮਲੇ ਨੂੰ ਬ੍ਰਿਟਿਸ਼ ਹਾਊਸ ਆਵ੍ ਕੌਮਨਸ ਵਿੱਚ ਉਠਾਇਆ ਗਿਆ। ਜਦੋਂ 1947 ਵਿੱਚ ਭਾਰਤ ਨੂੰ ਆਜ਼ਾਦੀ ਮਿਲੀ ਤਾਂ 14 ਸਾਲਾਂ ਤੱਕ ਜੇਲ੍ਹ ਵਿੱਚ ਰਹਿਣ ਦੇ ਬਾਅਦ ਉਨ੍ਹਾਂ ਨੂੰ ਰਿਹਾਈ ਮਿਲੀ।

ਮਾਟੀ ਕੇ ਲਾਲ ਵੀਰ ਸਾਵਰਕਰ

ਵਿਨਾਇਕ ਦਾਮੋਦਰ ਸਾਵਰਕਰ...ਸਿਰਫ਼ ਇੱਕ ਨਾਮ ਨਹੀਂ, ਇਹ ਸੰਸਥਾ ਹੈ ਭਾਰਤ ਦੇ ਆਜ਼ਾਦੀ ਸੰਗ੍ਰਾਮ ਦੇ ਉਸ ਅਧਿਆਇ ਦੀ ਜਿਸ ਨੇ ਸਾਨੂੰ ਪਹਿਲੀ ਵਾਰ 1857 ਦੀ ਕ੍ਰਾਂਤੀ ਨੂੰ ਵਿਦਰੋਹ ਦੀ ਬਜਾਏ ਆਜ਼ਾਦੀ ਸੰਗ੍ਰਾਮ ਕਹਿਣਾ ਸਿਖਾਇਆ। ਅਟਲ ਬਿਹਾਰੀ ਵਾਜਪੇਈ ਕਹਿੰਦੇ ਸਨ- ਜੇਕਰ ਮੈਂ ਕਣ ਹਾਂ, ਤਾਂ ਸਾਵਰਕਰ ਜੀ ਪਰਬਤ। ਮੈਂ ਬੂੰਦ ਹਾਂ ਤਾਂ ਸਾਵਰਕਰ ਜੀ ਸਿੰਧੂ...



28 ਮਈ 1883 ਨੂੰ ਮਹਾਰਾਸ਼ਟਰ ਵਿੱਚ ਨਾਸਿਕ ਦੇ ਨਜ਼ਦੀਕ ਭਾਗੁਰ ਪਿੰਡ ਵਿੱਚ ਦਾਮੋਦਰ ਪੰਤ ਸਾਵਰਕਰ ਦੇ ਘਰ ਹੀ ਭਾਰਤ ਦੇ ਰਾਸ਼ਟਰਵਾਦ ਦੇ ਸਭ ਤੋਂ ਵੱਡੇ ਨਾਇਕ ਦਾ ਜਨਮ ਹੋਇਆ ਸੀ। ਇੱਕ ਕ੍ਰਾਂਤੀਕਾਰੀ, ਸਮਾਜਿਕ ਕਾਰਜਕਰਤਾ, ਚਿੰਤਕ, ਲੇਖਕ, ਕਵੀ, ਬੁਲਾਰੇ, ਰਾਜਨੇਤਾ ਅਤੇ ਦਾਰਸ਼ਨਿਕ ਦੇ ਰੂਪ ਵਿੱਚ ਉਨ੍ਹਾਂ ਨੂੰ ਵਿਨਾਇਕ ਦਾਮੋਦਰ ਸਾਵਰਕਰ ਦੇ ਨਾਮ ਨਾਲ ਜਾਣਿਆ ਗਿਆ। ਮੈਟ੍ਰਿਕ ਦੀ ਪੜ੍ਹਾਈ ਪੂਰੀ ਕਰਕੇ ਪੁਣੇ ਦੇ ਮਸ਼ਹੂਰ ਫਰਗੂਸਨ ਕਾਲਜ ਤੋਂ ਬੀਏ ਕੀਤੀ। 1904 ਵਿੱਚ ਉਨ੍ਹਾਂ 'ਅਭਿਨਵ ਭਾਰਤ' ਨਾਮ ਦੀ ਸੰਸਥਾ ਦੀ ਸਥਾਪਨਾ ਕੀਤੀ। ਰਾਸ਼ਟਰਵਾਦ ਦੀ ਭਾਵਨਾ ਤੋਂ ਪ੍ਰੇਰਿਤ ਸਾਵਰਕਰ ਨੇ 1905 ਵਿੱਚ ਬੰਗਾਲ ਵੰਡ ਦੇ ਬਾਅਦ ਸਵਦੇਸ਼ੀ ਦਾ ਨਾਅਰਾ ਦਿੱਤਾ ਅਤੇ ਪੁਣੇ ਵਿੱਚ ਵਿਦੇਸ਼ੀ ਵਸਤਰਾਂ ਦੀ ਹੋਲੀ ਜਲਾਈ। ਬਾਲ ਗੰਗਾਧਰ ਤਿਲਕ ਦੀ ਸਿਫ਼ਾਰਸ਼ 'ਤੇ ਸਕਾਲਰਸ਼ਿਪ ਮਿਲਿਆ ਤਾਂ ਕਾਨੂੰਨ ਦੀ ਡਿਗਰੀ ਲੈਣ ਲੰਦਨ ਚਲੇ ਗਏ। ਇਸੇ ਦੌਰਾਨ ਉਨ੍ਹਾਂ ਨੇ 'ਫ੍ਰੀ ਇੰਡੀਆ ਸੁਸਾਇਟੀ' ਦੀ ਸਥਾਪਨਾ ਕੀਤੀ ਅਤੇ ਭਾਰਤ ਨੂੰ ਆਜ਼ਾਦੀ ਦਿਵਾਉਣ ਦੇ ਯਤਨਾਂ ਵਿੱਚ ਲਗ ਗਏ। ਲੰਦਨ ਵਿੱਚ ਉਸ ਸਮੇਂ 'ਇੰਡੀਆ ਹਾਊਸ' ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਹੋਇਆ ਕਰਦਾ ਸੀ। ਇਸ ਨੂੰ ਸ਼ਿਆਮਜੀ ਕ੍ਰਿਸ਼ਨ ਵਰਮਾ ਚਲਾ ਰਹੇ ਸਨ। ਸਾਵਰਕਰ ਇੱਥੇ ਰਹਿੰਦੇ ਸਨ ਅਤੇ ਉਹ ਭਾਰਤੀ ਵਿਦਿਆਰਥੀਆਂ ਨੂੰ ਆਜ਼ਾਦੀ ਅੰਦੋਲਨ ਲਈ ਪ੍ਰੇਰਿਤ ਕਰਦੇ। 1908 ਵਿੱਚ ਉਨ੍ਹਾਂ ਨੇ ਕਾਫ਼ੀ ਅਧਿਐਨ ਦੇ ਬਾਅਦ ਇੱਕ ਕਿਤਾਬ ਲਿਖੀ- 'ਦ ਹਿਸਟਰੀ ਆਵ੍ ਦ ਵਾਰ ਆਵ੍ ਇੰਡੀਅਨ ਇੰਡੀਪੈਂਡੈਂਸ' ਜਿਸ ਵਿੱਚ ਉਨ੍ਹਾਂ ਨੇ 1857 ਦੀ ਕ੍ਰਾਂਤੀ ਨੂੰ ਭਾਰਤ ਦਾ ਪਹਿਲਾ ਸੁਤੰਤਰਤਾ ਸੰਗ੍ਰਾਮ ਦੱਸਿਆ। ਕਿਤਾਬ ਸਾਹਮਣੇ ਆਉਣ ਤੋਂ ਪਹਿਲਾਂ ਹੀ ਬ੍ਰਿਟਿਸ਼ ਸਰਕਾਰ ਨੇ ਉਸ 'ਤੇ ਪਾਬੰਦੀ ਲਗਾ ਦਿੱਤੀ। 1910 ਵਿੱਚ ਉਨ੍ਹਾਂ ਦੇ ਮਿੱਤਰ ਅਤੇ ਅਨੁਯਾਈ ਮਦਨ ਲਾਲ ਢੀਂਗਰਾ ਨੇ ਇੱਕ ਅੰਗਰੇਜ਼ ਅਫ਼ਸਰ ਦੀ ਹੱਤਿਆ ਕਰ ਦਿੱਤੀ। ਢੀਂਗਰਾ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਸਾਵਰਕਰ ਨੇ ਇਸ ਅਨਿਆਂ ਖ਼ਿਲਾਫ਼ ਕ੍ਰਾਂਤੀ ਦੀ ਇੱਕ ਨਵੀਂ ਸ਼ੁਰੂਆਤ ਕੀਤੀ। ਸਾਵਰਕਰ ਦੀਆਂ ਨੀਤੀਆਂ ਤੋਂ ਡਰੇ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਭਾਰਤ ਭੇਜਣ ਦਾ ਫ਼ੈਸਲਾ ਕੀਤਾ। ਸਾਵਰਕਰ ਰਸਤੇ ਵਿੱਚ ਹੀ ਜਹਾਜ਼ ਤੋਂ ਭੱਜ ਨਿਕਲੇ, ਤੈਰ ਕੇ ਫਰਾਂਸ ਦੀ ਸੀਮਾ ਵਿੱਚ ਪਹੁੰਚ ਗਏ, ਲੇਕਿਨ ਆਖਿਰ ਫਿਰ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਨੂੰ ਕਾਲਾਪਾਣੀ ਦੀ ਉਮਰ ਕੈਦ ਸੁਣਾਈ ਗਈ। 1911 ਵਿੱਚ ਇੱਕ ਹੋਰ ਮਾਮਲੇ ਵਿੱਚ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸਾਵਰਕਰ ਇਕਲੌਤੇ ਅਜਿਹੇ ਭਾਰਤੀ ਕ੍ਰਾਂਤੀਕਾਰੀ ਹਨ, ਜਿਨ੍ਹਾਂ ਨੂੰ ਦੋ ਵਾਰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। 1921 ਵਿੱਚ 10 ਸਾਲ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿੱਚ ਬਿਤਾਉਣ ਦੇ ਬਾਅਦ ਉਨ੍ਹਾਂ ਦੀ ਰਿਹਾਈ ਹੋਈ ਤਾਂ ਫਿਰ 3 ਸਾਲ ਲਈ ਉਨ੍ਹਾਂ ਨੂੰ ਪੁਣੇ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਸਾਲ 1923 ਵਿੱਚ ਵੀਰ ਸਾਵਰਕਰ ਨੇ ਜੇਲ੍ਹ ਵਿੱਚ ਇੱਕ ਕਿਤਾਬ ਲਿਖੀ ਸੀ ਜਿਸ ਦਾ ਨਾਮ ਸੀ 'Hindutva: Who Is a Hindu?' ਸਾਲ 1924 ਵਿੱਚ ਜੇਲ੍ਹ ਤੋਂ ਰਿਹਾਅ ਹੋਣ ਦੇ ਬਾਅਦ ਉਨ੍ਹਾਂ ਨੇ ਹਿੰਦੂ ਨਵਜਾਗਰਣ ਦਾ ਕੰਮ ਕੀਤਾ, ਨਾਲ ਹੀ ਹਿੰਦੂ ਧਰਮ ਵਿੱਚ ਛੂਤਛਾਤ ਖ਼ਤਮ ਕਰਨ ਲਈ ਅਭਿਆਨ ਚਲਾਇਆ। ਸਾਲ 1937 ਵਿੱਚ ਹਿੰਦੂਤਵ ਦੇ ਸਭ ਤੋਂ ਵੱਡੇ ਨਾਇਕ ਅਤੇ ਮੁਖਰ ਰਾਸ਼ਟਰਵਾਦੀ ਵਿਨਾਇਕ ਦਾਮੋਦਰ ਸਾਵਰਕਰ ਹਿੰਦੂ ਮਹਾਸਭਾ ਦੇ ਪ੍ਰਧਾਨ ਬਣੇ।

ਕ੍ਰਾਂਤੀਕਾਰੀ ਹੋਣ ਦੇ ਨਾਲ ਹੀ ਸਾਵਰਕਰ ਮਹਾਨ ਸਮਾਜ ਸੁਧਾਰਕ ਅਖੰਡ ਭਾਰਤ ਦੇ ਸਮਰਥਕ ਦੇ ਰੂਪ ਵਿੱਚ ਵੀ ਯਾਦ ਕੀਤੇ ਜਾਂਦੇ ਹਨ। ਆਪਣੇ ਭਾਸ਼ਣਾਂ, ਲੇਖਾਂ ਅਤੇ ਕਾਰਜਾਂ ਨਾਲ ਇਨ੍ਹਾਂ ਨੇ ਸਮਾਜ ਸੁਧਾਰ ਦੇ ਨਿਰੰਤਰ ਯਤਨ ਕੀਤੇ। ਇਹ ਉਹ ਸਮਾਂ ਸੀ, ਜਦੋਂ ਉਨ੍ਹਾਂ ਦੀਆਂ ਰਾਜਨੀਤਕ ਗੀਤਵਿਧੀਆਂ 'ਤੇ ਰੋਕ ਲਗਾ ਦਿੱਤੀ ਗਈ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ਼ਬਦਾਂ ਵਿੱਚ, ''ਅਸੀਂ ਉਨ੍ਹਾਂ ਨੂੰ ਉਨ੍ਹਾਂ ਦੀ ਬਹਾਦਰੀ ਅਤੇ ਦੂਜਿਆਂ ਨੂੰ ਆਜ਼ਾਦੀ ਅੰਦੋਲਨ ਵਿੱਚ ਹਿੱਸਾ ਲੈਣ ਦੀ ਪ੍ਰੇਰਣਾ ਦੇਣ ਅਤੇ ਸਮਾਜਿਕ ਸੁਧਾਰਾਂ 'ਤੇ ਜ਼ੋਰ ਦੇਣ ਲਈ ਹਮੇਸ਼ਾ ਯਾਦ ਰੱਖਾਂਗੇ।''

ਸਤੰਬਰ, 1965 ਵਿੱਚ ਸਾਵਰਕਰ ਨੂੰ ਬੁਖਾਰ ਨੇ ਘੇਰ ਲਿਆ। ਇਸ ਦੇ ਬਾਅਦ ਤੋਂ ਹੀ ਉਨ੍ਹਾਂ ਦੀ ਸਿਹਤ ਲਗਾਤਾਰ ਡਿੱਗਣ ਲੱਗੀ। 1 ਫਰਵਰੀ 1966 ਨੂੰ ਉਨ੍ਹਾਂ ਨੇ ਮਰਨ ਤੱਕ ਉਪਵਾਸ ਦਾ ਪ੍ਰਣ ਲਿਆ। 26 ਫਰਵਰੀ 1966 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ●

PMO India @PMOIndia ·
आप सभी ने बड़ी कुशलता से, ना सिर्फ कोरोना को गांवों में पहुंचने से रोका, बल्कि गांव में जागरूकता पहुंचाने में भी बहुत बड़ी भूमिका निभाई।

इस वर्ष भी हमारे सामने चुनौती गांवों तक इस संक्रमण को पहुंचने से रोकने की है: PM @narendramodi

रक्षा मंत्री कार्यालय/ RMO India ·
The @DRDO_India is going to set up 500 Medical Oxygen Plants within 3 months under PM CARES Fund.

The Medical Oxygen Plant technology developed by DRDO for On-Board Oxygen Generation for LCA, Tejas will now help in fighting the current crisis of Oxygen for the COVID-19 patients.

Amit Shah @AmitShah

A big decision to curb the oxygen crisis and help the people in need. I thank PM @narendramodi Ji for allocating funds to install 551 PSA Oxygen Generation Plants in public health facilities across the country through PM CARES.

Office Of Nitin Gadkari @Off...
कोविड का इलाज करा रहे जरूरतमंद लोगों को समय पर ऑक्सीजन मिले इसलिये केंद्रीय मंत्री श्री @nitin_gadkari जी ने CSR फंड से BPAP वेंटीलेटर मंगवाये हैं जो नागपुर के साथ विदर्भ के मेलघाट जैसे दुर्गम क्षेत्र के लोगों की जान बचाने में मददगार साबित हो रहे हैं।

Dr Harsh Vardhan @drharsh... · 1d
कोरोना के खिलाफ़ 2020 के मुक़ाबले आज हम ज़्यादा मज़बूत स्थिति में हैं। 2020 में हमने अपनी लड़ाई शून्य से शुरू की थी, क्योंकि उस समय इस वायरस के बारे में किसी को कुछ पता नहीं था।

आज हमारे पास पहले के मुक़ाबले अधिक अनुभव है और हम मानसिक रूप से भी इसके मुक़ाबले के लिए तैयार हैं।

Piyush Goyal @PiyushGoyal ·
कोरोना संकट में Isolation Beds की आवश्यकता को देखते हुए भारतीय रेल ने देश भर में 4,000 COVID Care Coaches में 64,000 Beds तैयार किये हैं।

169 कोचेस के माध्यम से 2,700 से अधिक बेड्स राज्यों को हुए अब तक हुए उपलब्ध।

एक लाख ऑक्सिजन कंसन्ट्रेटर, 500 प्लांट लगाए जाएंगे देशभर में

पीएम केयर्स फंड से होगा देश में ऑक्सिजन बनाने का इंतजाम

विशेष संवाददाता, नई दिल्ली

प्रधानमंत्री नरेंद्र मोदी ने बुधवार को कहा कि देश के जिन हिस्सों कोरोना के सामने चुनौती है, उनको ऑक्सिजन जरूरत को पूरा करने के लिए सरकार पीएम केयर्स फंड से एक लाख पोर्टेबल ऑक्सिजन कंसन्ट्रेटर खरीदेगी। इसके अलावा मेडिकल ऑक्सिजन बनाने वाले 500 पीसा (प्रेशर स्विंग एडसोर्बर) प्लांट भी लगाएंगे। ये पीसा देश के विभिन्न राज्यों के स्वास्थ्य केंद्रों पर लगाए

तीन देशों से लाए गए 23 ऑक्सिजन कंटेनर

विस, नई दिल्ली : अस्पतालों में ऑक्सिजन सप्लाई करने के लिए अब तक दुबई, सिंगापुर और थाइलैंड से 23 खाली ऑक्सिजन कंटेनर देश में आ चुके हैं। थाइलैंड से 4 कंटेनर लेकर बुधवार को भी एयरफोर्स के एक विमान ने उड़ान भरी। उधर, बुधवार को पहली बार हरियाणा के लिए ऑक्सिजन सप्लाई करने के लिए पहली ऑक्सिजन एक्सप्रेस ट्रेन फरीदाबाद से राउरकेला के लिए निकल गयी। राज्यों में ऑक्सिजन भरकर आएगी। हरियाणा ऑक्सीजन एक्सप्रेस जा रही है। यहीं के लिए यूपी ऑक्सि ट्रेन बुधवार को रा गई। लखनऊ के ऑक्सिजन एक्स

मेरिका ने भारत को समर्थन देने का लिया संकल्प

तेजस की तकनीक काम आएगी ऑक्सिजन प्लांट लगाने में

विस, नई दिल्ली : डीआरडीओ ने स्वदेशी फाइटर जेट तेजस में लिक्विड ऑक्सिजन तकनीक का इस्तेमाल किया है अब उसी तकनीक से देश भर में 500 ऑक्सिजन प्लांट लगाए जाएंगे। पीएम केयर्स फंड की मदद से बन रहे इन सभी ऑक्सिजन प्लांट को ... रक्षा मंत्रालय ने सूत्रधार फाइटर जेट तेजस में लिक्विड ऑक्सिजन मुहैया कराने के लिए डीआरडीओ ने मेडिकल ऑक्सिजन प्लांट तकनीक ईजाद की थी। इसी तकनीक से लेह और जॉर्ज ईस्ट के राज्यों में भी डीआरडीओ ने ऑक्सिजन

वायुसेना के प्रयासों को तेज करने की जरूरत : मोदी

चुनौती है बड़ी, गांवों में न पहुंच पाए कोरोना : मो

प्रधानमंत्री ने की स्वायत्त योजना की शुरु

पूरी दुनिया भारत के साथ

मोदी की बाइडेन से बात, विदेशी मित्र कोरोना संकट में मदद पहुंचाने

पीएम मोदी की हाईलेवल मीटिंग

कोरोना के हालात पर हैल्थ इन्फ्रास्ट्रक्चर का रिव्यू किया, ऑक्सीजन पर भी मंथ

बाइडेन के आदेश के बाद भारत की में जुटी अमेरिकी कम्पनियां

गिद्ध की तरह बर्ताव न करें ऑक्सीजन कंपनियां

जजों के लिये स्पेशल को फेसेलिटी बनाने को नहीं

RNI No.
DELPUN/2020/78808
May: 16-31, 2021

NEW INDIA
SAMACHAR
FORTNIGHTLY

RNI Registered No DELPUN/2020/78808, Delhi
Postal License No DL (S)-1/3544/2020-22,
WPP No. U (S)-92/2020-22, Posting at BPC,
Meghdoot Bhawan, New Delhi-110001 on 13-17 advance Fortnightly
(Publishing Date May 05, 2021 Pages-56)

ਬੁੱਧ ਪੂਰਣਿਮਾ, 26 ਮਈ, 2021



“

सुप्प बुद्धं पबुज्झन्ति,
सदा गोतम सावका।

ਅਰਥਾਤ ਜੋ ਦਿਨ-ਰਾਤ, ਹਰ ਸਮੇਂ ਮਾਨਵਤਾ ਦੀ ਸੇਵਾ ਵਿੱਚ ਜੁਟੇ ਰਹਿੰਦੇ ਹਨ, ਉਹੀ ਬੁੱਧ ਦੇ ਸੱਚੇ ਅਨੁਯਾਈ ਹਨ। ਇਹੀ ਭਾਵ ਸਾਡੇ ਜੀਵਨ ਨੂੰ ਪ੍ਰਕਾਸ਼ਮਾਨ ਕਰਦਾ ਰਹੇ, ਗਤੀਮਾਨ ਕਰਦਾ ਰਹੇ।

“

ਹਰੇਕ ਜੀਵਨ ਦੀ ਮੁਸ਼ਕਿਲ ਨੂੰ ਦੂਰ ਕਰਨ ਦੇ ਸੰਦੇਸ਼ ਅਤੇ ਸੰਕਲਪ ਨੇ ਭਾਰਤ ਦੀ ਸੱਭਿਅਤਾ ਨੂੰ, ਸੱਭਿਆਚਾਰ ਨੂੰ ਹਮੇਸ਼ਾ ਦਿਸ਼ਾ ਦਿਖਾਈ ਹੈ। ਭਗਵਾਨ ਬੁੱਧ ਨੇ ਭਾਰਤ ਦੇ ਇਸ ਸੱਭਿਆਚਾਰ ਅਤੇ ਇਸ ਮਹਾਨ ਪਰੰਪਰਾ ਨੂੰ ਬਹੁਤ ਸਮ੍ਰਿੱਧ ਕੀਤਾ ਹੈ। ਉਹ ਆਪਣਾ ਦੀਪਕ ਖੁਦ ਬਣੇ ਅਤੇ ਆਪਣੀ ਜੀਵਨ ਯਾਤਰਾ ਨਾਲ, ਦੂਜਿਆਂ ਦੇ ਜੀਵਨ ਨੂੰ ਵੀ ਪ੍ਰਕਾਸ਼ਿਤ ਕਰਦੇ ਰਹੇ। ਅਤੇ ਇਸ ਲਈ ਬੁੱਧ ਕਿਸੇ ਇੱਕ ਪਰਿਸਥਿਤੀ ਤੱਕ ਸੀਮਤ ਨਹੀਂ ਹਨ, ਕਿਸੇ ਇੱਕ ਪ੍ਰਸੰਗ ਤੱਕ ਸੀਮਤ ਨਹੀਂ ਹਨ। ਸਿਧਾਰਥ ਦੇ ਜਨਮ, ਸਿਧਾਰਥ ਦੇ ਗੌਤਮ ਹੋਣ ਤੋਂ ਪਹਿਲਾਂ ਅਤੇ ਉਸ ਦੇ ਬਾਅਦ, ਇੰਨੀਆਂ ਸਦੀਆਂ ਵਿੱਚ ਸਮੇਂ ਦਾ ਚੱਕਰ ਅਨੇਕ ਸਥਿਤੀਆਂ, ਪਰਿਸਥਿਤੀਆਂ ਨੂੰ ਸਮੇਟਦੇ ਹੋਏ ਨਿਰੰਤਰ ਚਲ ਰਿਹਾ ਹੈ। -ਨਰੇਂਦਰ ਮੋਦੀ, ਪ੍ਰਧਾਨ ਮੰਤਰੀ

Punjabi

Editor:
Jaideep Bhatnagar
Principal Director General,
PIB, New Delhi

Published & Printed by:
Satyendra Prakash, Principal Director General, BOC on behalf of Bureau of Outreach and Communication

Published from Bureau of Outreach and Communication,
2nd Floor, Soochna Bhawan,
New Delhi- 110003

Printed at VIBA Press (P) Ltd.
C-66/3, Okhla Industrial Area,
Phase-II, New Delhi 110020